# ਚਤੁਰਭੁਜ ਦਾ ਪੰਜਵਾਂ ਕੋਣ

**ਦੀਪ ਜ਼ੀਰਵੀ**

ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

# ਚਤੁਰਭੁਜ ਦਾ ਪੰਜਵਾਂ ਕੋਣ

*ਲੇਖਕ :*
***ਦੀਪ ਜ਼ੀਰਵੀ***
ਸਪੁੱਤਰ ਸ਼੍ਰੀਮਾਨ ਵੈਦ ਜਗਦੀਸ਼ ਸ਼ਰਮਾ
9/142,ਮੁਹੱਲਾ ਕੰਬੋਆਂ
ਜ਼ੀਰਾ - 142047 ਪੰਜਾਬ
deepzirvi@yahoo.co.in

***ਏਸੇ ਕਲਮ ਤੋਂ :***

ਸ਼ਬਦਾਂ ਦੀ ਲੋਅ(ਗ਼ਜ਼ਲ਼ਾਂ)
ਸ਼ਬਦਾਂ ਦੀ ਖੁਸ਼ਬੋਅ(ਕਵਿਤਾਵਾਂ)ਖਰੜਾ ਤਿਆਰ

ਪਹਿਲੀ ਵਾਰ (੫੦੦): 2008

ਸਭ ਹੱਕ ਲੇਖਕ ਦੇ ਰਾਖਵੇਂ ਹਨ

**ਪ੍ਰਕਾਸ਼ਕ :**
***ਵਿਸ਼ਵਭਾਰਤੀ ਪ੍ਰਕਾਸ਼ਨ,***
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ
ਫੋਨ : 01679-233244 ਫੈਕਸ : 241744
e-mail : anu_bnl@yahoo.com
www.thepunjabi.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

ਕੀਮਤ : 30/-

# ਸਮਰਪਿਤ

ਕਲਮਾਂ ਵਾਲਿਆਂ ਨੂੰ, ਅਕਲਾਂ ਵਾਲਿਆਂ ਨੂੰ,
ਹਿੰਮਤਾਂ ਵਾਲਿਆਂ ਨੂੰ, ਦਿਲ ਵਾਲਿਆਂ ਨੂੰ,
ਮਿਹਨਤ ਵਾਲਿਆਂ ਨੂੰ ,ਲੱਜਪਾਲਾਂ ਨੂੰ,
ਧੀਆਂ-ਧਿਆਣੀਆਂ ਨੂੰ।

# ...ਜ਼ਿੰਦਗੀ ਜਿਓਣ ਦੇ ਲਈ ਹੈ...ਬੇਸ਼ੱਕ

ਪਗਡੰਡੀ ਅਤੇ ਮੀਲ-ਪੱਥਰਾਂ ਵਾਲੀ ਸ਼ਾਹਰਾਹ ਦਾ ਜਿਤਨਾ ਕੁ ਅੰਤਰ ਹੁੰਦਾ ਹੈ ਸ਼ਾਇਦ ਓਨਾ ਕੁ ਫ਼ਰਕ ਹੀ ਹੁੰਦਾ ਹੈ ਜਿਓਣ ਤੇ ਪਲਣ ਦਾ।

ਸਾਹਾਂ ਦੀ ਆਵਾਗੌਣ ਨਿਸ਼ਚਿਤ ਰੂਪ ਵਿੱਚ ਜਿਓਣਾ ਨਹੀਂ ਹੈ, ਹਾਂ, ਜਿਓਣ ਦਾ ਭੁਲੇਖਾ ਜ਼ਰੂਰ ਹੈ। ਬੰਦੇ ਦੇ ਜਿਓਣ ਲਈ ਵਰ੍ਹਿਆਂ ਦੀ ਗਿਣਤੀ ਜ਼ਰੂਰੀ ਨਹੀਂ ਕਿ ਓਹ ਕਿੰਨੇ ਵਰ੍ਹੇ ਜੀਵੇ; ਹਾਂ, ਕਿਸ ਮਕਸਦ ਲਈ ਕੌਣ ਜੀਵਿਆ ਇਹ ਗੱਲ ਜ਼ਰੂਰ ਸੋਚੀ ਵਿਚਾਰੀ ਜਾਂਦੀ ਹੈ। ਜਿਓਂਦੀਆਂ ਜ਼ਮੀਰਾਂ ਦੀ ਦਰਗਾਹ ਵਿੱਚ ਕੱਚ, ਕਣੀ ਅਤੇ ਹੀਰੇ ਦਾ ਮੁੱਲ ,ਜੇ ਪੈਂਦਾ ਹੈ ਤਾਂ ਏਸੇ 'ਮਕਸਦ ਦੇ ਫਰਕ' ਨਾਲ ਹੀ ਪੈਂਦਾ ਹੈ।

ਪਲਣ ਵਾਲੇ ਤਾਂ ਅਰਬਾਂ-ਖਰਬਾਂ ਹਨ ਇਹਨਾਂ ਅਰਬਾਂ-ਖਰਬਾਂ ਵਿੱਚੋਂ ਜਿਓਣ ਵਾਲੇ ਸੈਂਕੜਿਆਂ ਵਿੱਚ ਵੀ ਸ਼ਾਇਦ ਹੋਣ।

ਅਮਰ ਹੋਣ ਵਾਲੇ ਤਾਂ ਉਂਗਲਾਂ ਤੇ ਹੀ ਗਿਣੇ ਜਾ ਸਕਦੇ ਹਨ।
ਮਸੀਹਾ ਹਰ ਯੁੱਗ ਵਿੱਚ ਹੋਇਆ ਹੈ।ਓਸ ਮਸੀਹਾ ਨੂੰ ਵੀ ਓਸ ਦੇ ਮਕਸਦ ਨੇ ਹੀ ਮਸੀਹਾ ਬਣਾਇਆ ਹੈ ਨਹੀਂ ਤਾਂ ਓਹ ਵੀ ਹੋਰਨਾਂ ਮਰ ਖਪ ਗਿਆਂ ਵਾਂਗਰ ਮੁੱਦਤਾਂ ਦਾ ਮਰ ਖਪ ਗਿਆ ਹੋਣਾ ਸੀ।

ਅੱਜ ਤਾਂ ਪਰਾਈ ਪੀੜ ਨੂੰ ਆਪਣੇ ਮਨ ਤੇ ਹੰਢਾਉਣ ਵਾਲਾ ਪੁਰਖ ਹੀ ਦੁਰਲੱਭ ਹੋ ਗਿਆ ਹੈ। ਪਰੰਤੂ ਬੀਜਨਾਸ਼ ਕਦੇ ਵੀ ਕਿਸੇ ਵੀ ਚੀਜ਼ ਦਾ ਨਹੀਂ ਹੁੰਦਾ।

ਇਹ ਵਿਗਿਆਨ ਦਾ ਵੀ ਨਿਯਮ ਹੈ ਕਿ ਮਾਦਾ, ਨਾ ਬਣਾਇਆ ਜਾ ਸਕਦਾ ਹੈ ਨਾ ਨਸ਼ਟ ਕੀਤਾ ਜਾ ਸਕਦਾ ਹੈ ;ਹਾਂ, ਰੂਪਾਂਤਰਤ ਹੋ ਸਕਦਾ ਹੈ ਭਾਵ ਕਿ ਮਾਦੇ ਦੀ ਸ਼ਕਲ ਬਦਲੀ ਜਾ ਸਕਦੀ ਹੈ। ਚੰਗਿਆਈ ਅਤੇ ਬੁਰਾਈ ਦਾ ਵੀ ਬੀਜ-ਨਾਸ਼ ਕਦੇ ਨਹੀਂ ਹੋਇਆ; ਹਾਂ, ਦੋਹਵਾਂ ਭਾਵਨਾਵਾਂ ਦੀ ਮਿਕਦਾਰ ਵਿੱਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ ।ਕਿਸੇ ਵਿਅਕਤੀਤਵ ਵਿੱਚ ਚੰਗਿਆਈ ਦੀ ਭਾਵਨਾ ਵਧ ਜਾਂਦੀ ਹੈ ਕਿਸੇ ਵਿੱਚ ਘਟ ਜਾਂਦੀ ਹੈ।

ਜੀਵਨ ਲਈ ,ਜਿਓਣ ਲਈ ,ਨੇਕੀ ਦੇ ਆਧਾਰ ਤੇ ਖੜੀ ਜੀਵਨ-ਜਾਚ ਦੀ ਇਮਾਰਤ ਅਤਿ ਜ਼ਰੂਰੀ ਹੈ। ਚੁਫੇਰੇ ਨਜ਼ਰ ਮਾਰਿਆਂ ਜੋ ਹਾਲ-ਪਾਰ੍ਹਿਆ ਅੱਜ ਦਿੱਸਦੀ/ਸੁਣਦੀ ਅਤੇ ਮਹਿਸੂਸ ਹੁੰਦੀ ਹੈ ਮੈਂ ਉਸ ਬਾਰੇ ਅਤੇ ਹੋਰ ਨਿੱਕੇ ਨਿੱਕੇ ਵਿਸ਼ਿਆਂ ਬਾਬਤ ਉੱਠਦੇ ਵਲਵਲਿਆਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣ ਦਾ ਉਪਰਾਲਾ ਕੀਤਾ ਹੈ।

ਮੇਰੇ ਜਾਵੀਏ ਤੋਂ ਦਿੱਸਦੇ ਇਹ ਅਹਿਸਾਸ ,ਆਪ ਜੀ ਨੂੰ ਕਿਵੇਂ ਲੱਗਦੇ ਹਨ ,ਇਹ ਤਾਂ ਵਕਤ ਦੱਸੇਗਾ ਜਾਂ ਤੁਸੀਂ ਲਿਖ ਕੇ ਦੱਸੋਗੇ।

## ਸ਼ਬਦਾਂ ਦੀ ਲੋਅ ਦੇ ਲੜ ਲੱਗਿਆ


ਦੀਪ ਜ਼ੀਰਵੀ
ਸਪੁੱਤਰ:ਸ੍ਰੀਮਾਨ ਵੈਦ ਜਗਦੀਸ਼ ਸ਼ਰਮਾ
9/142,ਮੁਹੱਲਾ ਕੰਬੋਆਂ
ਜ਼ੀਰਾ
ਪਿਨਕੋਡ142047 ਪੰਜਾਬ।
deepzirvi@yahoo.co.in

# ਏਸੇ ਪੁਸਤਕ ਵਿੱਚ


❊ ਇਕ ਖਤ

❋ ਉਦਾਸੀ

❋ ਵਫ਼ਾਦਾਰੀ ਕੀ ਤੇ ਕੀ ਗਦਾਰੀ ? ! ?

❋ ਖਿਝਣਾ ਛੱਡੋ ਜੇਕਰ ਜੀਵਨ ਹੁਸੀਨ ਚਾਹੀਦੈ

❋ ਤ੍ਰਿਸ਼ਨਾ

❋ ਪੰਜ ਵਿਕਾਰ ਕੀ ਵਾਕਈ ਵਿਕਾਰ ਹਨ

❋ ਪਰਲੋਕ ਅਤੇ ਇਹ ਲੋਕ ?

❋ ਸੇਵਾ

❋ ਬਿਰਖ, ਕਲਮਾਂ ਤੇ ਕੁਰਸੀਆਂ

❋ ਪੈਰ

❋ ਪਾਰਾ,ਜੋ ਗਿੱਟੀਂ ਬੈਠਾ

❋ ਬੰਦਾ ਸਿਰਜਕ ਰੱਬ ਜਾਂ ਫਿਰ...

❋ ਸੱਚੀ ਪੂਜਾ

❋ ਕਿਓਂ ਸਭ ਭੱਜਦੇ ਹਨ ਵਿਦੇਸ਼ਾਂ ਵੱਲ??

❋ ਇਹ ਹੋ ਕੀ ਰਿਹੈ?

❋ ਆਓ, ਕਿ ਖੂਬਸੂਰਤੀ ਵੇਖੀਏ ਜ਼ਿੰਦਗੀ 'ਚੋਂ

❋ ਹੋਰ ਵੀ ਕੰਮ ਨੇ ਜ਼ਮਾਨੇ ਵਿੱਚ ਸ਼ਾਦੀ ਤੋਂ ਸਿਵਾਏ

❋ ਕੀ ਨਾਰੀ ਇਨਸਾਨ ਨਹੀਂ?ਕੀ ਨਾਰੀ ਵਿੱਚ ਜਾਨ ਨਹੀਂ!''

❋ ਪਿਆਰ : ਅਨਮੋਲ ਤੋਹਫਾ ਕੁਦਰਤ ਦਾ

❋ ਦਿਲ ਦੇ ਕੇ ਦੁਨੀਆਂ ਤੋਂ ਕੌਣ ਡਰੇ

❋ ਕੁੜੀਆਂ ਤਾਂ ਕੁੜੀਆਂ ਨੇ.....ਤੇ ਮੁੰਡੇ ?!

❋ ਮਿਹਨਤੀ ਦੇ ਦੋ ਹੱਥ, ਨਹੀਂ ਅਲਾਦੀਨ ਦੇ ਚਿਰਾਗ ਤੋਂ ਘੱਟ.....

❋ ਹਮ ਹੀ ਹਮ ਹੈ ਤੋਂ ਕਿਆ ਹਮ ਹੈ...
❋ 'ਵਿਹਲ ਦੀ ਥਕਾਨ'
❋ ਹੱਸਣਾ ਰਾਹ-ਰਾਹ ਦਾ
❋ ਅਸੀਂ ਪਾਣੀ ਨੂੰ ਖਵਰੇ ਕੀ ਸਮਝੀ ਬੈਠੇ ਹਾਂ
❋ ਆਮ ਆਦਮੀ...
❋ ਮੇਰਾ ਦੇਸ਼
❋ ਹੋਰ ਵੀ ਗਮ ਨੇ
❋ ਮੁਸਕੁਰਾਹਟ
❋ ਜੜ੍ਹਾਂ
❋ ਜੇ ਮੈਂ ਕਰੋੜਪਤੀ ਹੋਵਾਂ
❋ ਜੇ ਮਰਨਾ ਸੱਚ ਹੈ ਤਾਂ ਜੀਣਾ ਵੀ ਝੂਠ ਨਹੀਂ
❋ ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
❋ ਇਟ ਹੈਪਨਜ਼ ਓਨਲੀ ਇਨ ਇੰਡੀਆ
❋ ਬੇ-ਤਰਤੀਬੇ
❋ ''ਸੈੱਲ ਅਨੰਤ, ਸੈੱਲ-ਕਥਾ ਅਨੰਤਾ''
❋ ਵਿਹਲਾ ਬਿਜ਼ੀ-ਐਤਵਾਰ
❋ ਪ੍ਰਭੂ ਜੀ ਮੇਰੇ ਬੜੇ ਦਿਆਲੂ ਨੇ...
❋ ਰੋੜ੍ਹ ਸਕੋ ਤਾਂ ਰੋੜ੍ਹ ਲਵੋ ਪਾਣੀ
❋ ਇੱਕ ਉਮਰੋਂ ਲੰਮੀ ਬਾਤ

# ਇਕ ਖਤ

ਸਤਿਕਾਰਯੋਗ ਸੰਪਾਦਕ ਜੀ,

ਸਤਿਕਾਰ ਸਹਿਤ ਨਮਸਕਾਰ,

ਟੀਚਰਜ਼ ਹੋਮ ਬਠਿੰਡਾ ਅਦਾਰੇ ਦਾ ਪ੍ਰਕਾਸ਼ਨ 'ਸਹੀ ਬੁਨਿਆਦ' ਸਵਾਰਥੀ ਵਾਯੂਮੰਡਲ ਦੇ ਪ੍ਰਦੂਸ਼ਨ ਵਿਚ ਆਕਸੀਜਨ ਦੀ ਨਿਆਈਂ ਹੈ। ਸਹੀ ਮਾਇਨੇ ਵਿੱਚ ਜਿਊਂਦੇ ਹੋਣ ਦਾ ਅਹਿਸਾਸ ਹੈ, ਹਮਾਤੜਾਂ ਦਾ ਵਿਸ਼ਵਾਸ ਹੈ।ਹਮਾਤੜਾਂ ਦੇ ਵਿਸ਼ਵਾਸ ਰੂਪ 'ਸਹੀ ਬੁਨਿਆਦ' ਨੂੰ ਜਿਓਂਦੀ ਮਛਲੀ ਹੋਣ ਦੀ ਕਰੋੜਾਂ ਕਰੋੜ ਵਧਾਈ।

ਬੇਸ਼ੱਕ, ਮੈਂ ਕੋਈ ਸਿੱਖਿਆ-ਸ਼ਾਸਤਰੀ ਨਹੀਂ ਪਰ ਮੈਨੂੰ ਇੱਕ ਅਚੱਵੀ ਭਰੀ ਸੋਚ ਜ਼ਰੂਰ ਹੈ ਕਿ ਅਜੋਕੇ ਮਨੋਰੰਜਨ ਮਾਧਿਅਮਾਂ ਰਾਹੀਂ ਜਿਹੜਾ ਤੇਲ ਅਸਾਡੇ ਬਚਪਨਾਂ ਦੀਆਂ ਜੜ੍ਹਾਂ ਵਿਚ ਪੈ ਰਿਹਾ ਹੈ ਜੇ ਅਸੀਂ ਘੇਸਲੇ ਬਣੇ ਰਹੇ ਤਾਂ ਉਹ ਮਿੱਠਾ-ਮਹੁਰਾ ,ਸਾਡੇ ਭਵਿੱਖ ਨੂੰ ਬੋਡਿਆਂ ਕਰਕੇ ਛੱਡੇਗਾ!!

ਅਸਾਡੇ ਬਾਲਾਂ ਦੀਆਂ ਰੁਚੀਆਂ ਨੂੰ ਸ਼ਿਕਾਰੀ ਵਪਾਰੀ ਵਰਗ ਆਪਣਾ ਗਾਹਕ ਬਣਾ ਕੇ ਰੱਖਣ ਦੀ ਸੋਚ ਹੇਠ ਢਾਹ ਲਗਾ ਰਿਹਾ ਹੈ।ਇਸ਼ਤਿਹਾਰ ਬਾਜ਼ੀ ਹੋਵੇ, ਟੀ. ਵੀ. ਲੜੀਵਾਰ ਹੋਣ, ਜਾਂ ਫਿਰ ਚਿੱਤਰਕਥਾਵਾਂ( ਕਾਮਿਕਸ ),ਹਰ ਮੋਰਚੇ ਨੂੰ ਬੱਚਿਆਂ ਦਾ ਦਿਮਾਗ਼ ਸਾਫ਼ ਕਰਨ ਲਈ ਵਰਤਿਆ ਜਾ ਰਿਹਾ ਹੈ।

ਮਾਸੂਮ ਬਾਲ-ਬੁੱਧ ,ਵਪਾਰੀ ਸ਼ਿਕਾਰੀਆਂ ਦਾ ਸਭ ਤੋਂ ਪਸੰਦੀਦਾ ਨਿਸ਼ਾਨਾ ਹੈ ,ਜਿਸ ਨੂੰ ਬੜੀ ਅਸਾਨੀ ਨਾਲ ਸ਼ਿਕਾਰ ਬਣਾਇਆ ਜਾ ਸਕਦਾ ਹੈ। ਇੱਕ ਵਾਰੀ ਵਪਾਰੀ-ਸ਼ਿਕਾਰੀਆਂ ਦਾ ਸ਼ਿਕਾਰ ਹੋਇਆ 'ਬਾਲ-ਹਠ', ਫਿਰ ਆਪਣੇ ਸਿਆਣੇ-ਬਿਆਣੇ ਮਾਪਿਆਂ ਦੀ ਵੀ ਨਹੀਂ ਸੁਣਦਾ/ਮੰਨਦਾ; ਨਤੀਜਾ, ਬੇਲੋੜੀਆਂ ਚੀਜ਼ਾਂ ਦੀ ਘਰ ਵਿੱਚ ਘੁਸਪੈਠ ਹੋਣੀ ਆਰੰਭ ਹੋ ਜਾਂਦੀ ਹੈ ਅਤੇ ਕੱਚੀ ਬਾਲ-ਬੁੱਧੀ, ਬੇਲੋੜੀਆਂ ਛਵੀਆਂ/ ਪ੍ਰਤੀਕਾਂ/ ਬਿੰਬਾਂ ਦੀ ਉਸਾਰੀ ਕਰਨ ਲੱਗ ਪੈਂਦੀ ਹੈ।

(ਅਖਬਾਰਾਂ ਅਨੁਸਾਰ ਹੁਣ ਤੱਕ ਟੀ. ਵੀ. ਲੜੀਵਾਰ ਸ਼ਕਤੀਮਾਨ ਦੇ ਨਕਲ ਕਰਨ ਕਾਰਣ ਹੀ ਅਨੇਕਾਂ ਮਾਸੂਮ ਜਾਨ ਗਵਾ ਬੈਠੇ ਨੇ ਅਤੇ ਅਨੇਕਾਂ ਅਪੰਗ ਹੋ ਗਏ ਨੇ)

ਹੁਣ ਕੁਝ ਅਰਸੇ ਤੋਂ ਬੱਚਿਆਂ ਦੇ ਸੁਹਜ-ਸਵਾਦ ਵਿਚ ਵੀ ਭਾਰੀ ਤਬਦੀਲੀ ਮੈਂ ਬਜ਼ਾਤ-ਏ-ਖੁਦ ਅਨੁਭਵ ਕੀਤੀ ਹੈ। ਜਿਹੜੇ ਘਰਾਂ ਵਿਚ ਕੇਬਲ ਹੈ ,ਡਿਸ਼ ਹੈ ਉਹਨਾਂ ਦੇ ਬੱਚਿਆਂ ਦੇ ਸੁਭਾਅ ਅਤੇ ਜਿਹੜੇ ਘਰਾਂ ਵਿਚ ਕੇਬਲ ਨਹੀਂ ਹੈ ਉਹਨਾਂ ਦੇ ਬੱਚਿਆਂ ਦਾ ਮੈਂ ਤੁਲਨਾਤਮਕ ਅਧਿਐਨ ਕੀਤਾ ਹੈ। ਸਹਿਜ ਭਾ ਵਿਚਰਦਿਆਂ ਇਹ ਅਧਿਐਨ ਅਚੇਤ ਮਨ ਨੇ ਕੀਤਾ ਤੇ ਸੁਚੇਤ ਤੌਰ 'ਤੇ ਮਹਿਸੂਸ ਕੀਤਾ ਕਿ ਇਸ ਨੂੰ ਕਿਸੇ ਬਾਲ-ਹਿਤੈਸ਼ੀ ਮੰਚ ਤੋਂ ਸਾਂਝਾ ਕੀਤਾ ਜਾਵੇ।ਕੇਬਲ ਟੀ. ਵੀ. ਤੱਕਣ ਵਾਲੇ ਬਾਲਾਂ ਦੀ ਬੋਲੀ-ਸ਼ੈਲੀ, ਪਹਿਨਾਵਾ ਆਦਿ ਉਹਨਾਂ ਚਰਿੱਤਰਾਂ ਦੀ ਨਕਲ ਹੁੰਦਾ ਹੈ ਜਿਹਨਾਂ ਦੇ 'ਕਾਰਨਾਮੇ' ਉਹ ਲੜੀਵਾਰਾਂ ਵਿਚ ਤੱਕਦੇ ਹਨ। ਅਕਸਰ ਜ਼ਿਆਦਾ ਟੀ. ਵੀ. ਵੇਖਣ ਵਾਲੇ ਬੱਚੇ ਚਿੜਚਿੜੇ, ਝਗੜਾਲੂ ਜਾਂ ਖੋਰੀ ਲੱਭੇ ਹਨ। ਕਾਰਣ !?ਲੜੀਵਾਰਾਂ ਵਿਚ ਹਿੰਸਾ ਦੀ ਪ੍ਰਧਾਨਤਾ ਦਿੱਸਦੀ ਹੈ, ਸਾਜ਼ਿਸ਼ਾਂ ਦੀ ਭਰਮਾਰ ਹੈ; ਹਰ ਕਿਰਦਾਰ ਇੱਕ ਜਿਊਂਦਾ ਜਾਗਦਾ ਭ੍ਰਿਸ਼ਟਾਚਾਰ ਹੈ ।ਹੋਰ ਤਾਂ ਹੋਰ ,ਬਾਲਾਂ ਦੇ ਲਈ ਅਖੌਤੀ ਬਣਦੇ ਕਾਰਟੂਨਾਂ ਦੇ ਨਿੱਘਰਦੇ ਪੱਧਰ ਨੇ ਮੈਨੂੰ ਬੇਹੱਦ ਚਿੰਤਿਤ ਕੀਤਾ ਹੈ।

ਬਜ਼ਾਤ-ਏ-ਖੁਦ ਮੈਂ ਕਾਰਟੂਨਾਂ ਦਾ ਸ਼ੌਕੀਨ ਹਾਂ। ਕਦੇ ਕਿਸੇ ਜ਼ਮਾਨੇ ਮਿੱਕੀ ਮਾਊਸ ਤੇ ਟਾਮ ਐਂਡ ਜੈਰੀ ਵਰਗੇ ਕਾਰਟੂਨ ਚਰਿੱਤਰ ਕੁਤਕਤਾਰੀਆਂ ਕਰਦੇ ਮਹਿਸੂਸ ਹੁੰਦੇ ਤੇ ਮਨਾਂ ਤੋਂ ਮਣ ਮਣ ਦਾ ਭਾਰ ਲੱਥ ਜਾਂਦਾ ਸੀ। ਕਿਧਰੇ ਕਿਧਰੇ ਸਕੂਬੀ-ਡੂ ਵਰਗੇ

ਕਾਰਟੂਨ (ਤਰਕਸ਼ੀਲ ਕਾਰਟੂਨ )ਅਜੇ ਵੀ ਕਾਰਟੂਨ-ਨੈੱਟਵਰਕ ਤੋਂ ਦਿੱਸਦੇ ਹਨ ਜੋ ਆਪਣੇ ਸਾਥੀਆਂ ਦੇ ਵਹਿਮ-ਭਰਮ ਕੱਟਦੇ ਹਨ ਪਰ 'ਪੋਕੀ-ਮਾਨ' ਨਾਮ ਦੇ ਕਾਰਟੂਨਾਂ ਦਾ ਬੁਖਾਰ ਅਜੋਕੇ ਸਮੇਂ ਸਿਖਰ ਤੇ ਹੈ। ਇਸ ਕਾਰਟੂਨ ਲੜੀਵਾਰ ਨੇ ਹਿੰਸਾ ਨੂੰ ਲੁਭਾਵਨੇ ਢੰਗ ਨਾਲ ਬਾਲ-ਮਨਾਂ ਵਿਚ ਪਿਓਂਦ ਕੀਤਾ ਹੈ।ਅੱਜ ਕੱਲ੍ਹ ਇਸ ਦੇ ਚਰਿੱਤਰ ਜਿਸ ਹਥਿਆਰ ਨਾਲ ਇੱਕ ਦੂਜੇ ਤੇ ਵਾਰ ਕਰਦੇ ਹਨ ਉਹ, ਉਹ ਮਾਸੂਮ ਜਿਹਾ ਲਾਟੂ ਹੈ ਜਿਸ ਨਾਲ ਮੇਰਾ ਤੇ ਮੇਰੇ ਵਰਗਿਆਂ ਅਨੇਕਾਂ ਦਾ ਬਚਪਨ ਖੇਡਦਾ ਰਿਹਾ ਹੈ। ਪੂਰੀ ਮਾਸੂਮੀਅਤ ਵਾਲਾ ਓਹ ਘੁਕਦਾ ਲਾਟੂ ਅੱਜ ਵਪਾਰੀ-ਸ਼ਿਕਾਰੀਆਂ ਦੇ ਇਸ਼ਾਰਿਆਂ ਤੇ ਲੜਾਈ ਦਾ ਹਥਿਆਰ ਬਣ ਕੇ ਬਾਲ ਮਨਾਂ ਨੂੰ ਭਰਮਾ ਰਿਹਾ ਹੈ।

ਸਾਡੇ ਬਚਪਨਾਂ ਦੀ ਗੱਲ ਹੋਰ ਸੀ ਅਸੀਂ ਤਾਂ ਕਮੀਜ਼ ਦੇ ਕਫ਼ ਨਾਲ ਨਲ਼ੀ ਪੂੰਝਦੇ ਰਹੇ ਹਾਂ।ਅਸੀਂ ਤਾਂ ਛੇਂਵੀਂ-ਸੱਤਵੀ ਤੱਕ ਵੀ ਪਜਾਮੇ ਵਿਚ ਹੀ ਸਰਕਾਰੀ ਸਕੂਲ ਜਾਂਦੇ ਰਹੇ ਹਾਂ ਪਰ ਅਸਾਡੇ ਮਾਂ-ਬਾਪ ਨੇ ਆਪਣੇ ਗਿਆਨ ਦੀ ਬੂੰਦ-ਬੂੰਦ ਸਾਡੀ ਝੋਲੀ ਪਾ ਛੱਡੀ ਤੇ ਅਸੀਂ ਸਾਂਭ ਲਿਆ ਓਸ ਗਿਆਨ ਦੀ ਬੂੰਦ-ਬੂੰਦ ਨੂੰ।

ਅਜੋਕੇ ਬੱਚਿਆਂ ਨੂੰ ਕੀ ਲੱਭ ਰਿਹਾ ਹੈ ਟੀ. ਵੀ. ਦੀ ਬਾਰੀ ਰਾਹੀਂ?! ਇਹ ਸੋਚਣ ਦਾ ਵਿਸ਼ਾ ਹੈ , ਵਿਚਾਰਣ ਦਾ ਵਿਸ਼ਾ ਹੈ। ਆਖਿਰ ਓਹ ਸਾਡੇ ਬੱਚੇ ਹਨ: ਕੋਈ ਥੈਲਾ ਨਹੀਂ, ਕਚਰਾ ਦਾਨ ਨਹੀਂ। ਉਹ ਸਾਡੀ ਬੁਨਿਆਦ ਹਨ।

ਕੋਸ਼ਿਸ਼ ਕਰੀਏ ਆਪਣੀ ਬੁਨਿਆਦ ਪਕੇਰੀ ਕਰੀਏ, ਆਪਣੀ ਬੁਨਿਆਦ ਬਚਾਈਏ।

*-ਇਕ ਖਤ, ਜੋ ਟੀਚਰਜ਼ਹੋਮ(ਬਠਿੰਡਾ)ਦੇ'ਸਹੀ ਬੁਨਿਆਦ' ਨੂੰਲਿਖਿਆ ਗਿਆ ਸੀ*

✻

# ਉਦਾਸੀ

ਜਦ ਉਦਾਸੀ ਦੀ ਗੱਲ ਚੱਲਦੀ ਹੈ ਤਾਂ ਲੱਗਦਾ ਹੈ ਬੜੀ ਮਾਯੂਸੀ ਦੀ ਗੱਲ ਹੋ ਰਹੀ ਹੈ। ਉਦਾਸੀ ਦੇ ਕਾਰਣਾਂ ਤੇ ਝਾਤ ਮਾਰੀਏ ਤਾਂ ਆਪਾਂ 'ਮਨ ਦਾ ਉਚਾਟ ਹੋਣਾ' ਉਦਾਸੀ ਦਾ ਪ੍ਰਮੁੱਖ ਕਾਰਣ ਵੇਖਦੇ ਹਾਂ।

ਉਦਾਸੀ, ਕੁਝ ਹੋਰ ਨਹੀਂ ਹੈ ਆਪਣੇ ਮਨ ਦੀ ਵਿਵਸਥਾ ਕਰਨ ਵਿੱਚ ਬੰਦੇ ਦੀ ਨਾਕਾਮੀ ਦਾ ਸਿੱਟਾ ਹੀ ਤਾਂ ਹੈ।

ਰਤਾ ਕੁ ਹੋਰ ਖੋਲ੍ਹ ਕੇ ਵਿਚਾਰੀਏ ਤਾਂ ਆਪਾਂ ਵੇਖਾਂਗੇ ਕਿ ਇਨਸਾਨ ਦੇ ਕੋਲ ਵੱਖ-ਵੱਖ ਤਰ੍ਹਾਂ ਦੇ ਦ੍ਰਿਸ਼ਟੀ-ਕੋਣ ਮੌਜੂਦ ਹਨ। ਆਪਣੇ ਪਰਿਵਾਰ ਪਾਸੋਂ ਮਿਲੇ ਗੁਣਾਂ ਸੰਸਕਾਰਾਂ ਦੇ ਆਧਾਰ ਤੇ ਕਿਸ ਇਨਸਾਨ ਕੋਲ ਕਿਸ ਤਰ੍ਹਾਂ ਦਾ ਵਿਕਸਿਤ ਦ੍ਰਿਸ਼ਟੀਕੋਣ ਹੈ ਇਹ ਦ੍ਰਿਸ਼ਟੀਕੋਣ ਹੀ ਮੂਲ ਬਣਦਾ ਇਨਸਾਨ ਦੇ ਵਿਅਕਤੀਤਵ ਦਾ।

ਕੁਝ ਇਨਸਾਨਾਂ ਦਾ ਵਿਅਕਤੀਤਵ ਅਜਿਹਾ ਹੁੰਦਾ ਹੈ ਕਿ ਉਹ ਹਰ ਵੇਲੇ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ। ਉਦਾਸੀ ਓਹਨਾਂ ਦੇ ਨੇੜੇ ਤੇੜੇ ਵੀ ਨਹੀਂ ਫਟਕ ਸਕਦੀ ਪਰੰਤੂ ਕੁਝ ਇਨਸਾਨ ਨਿੱਕੀ ਜਿਹੀ ਘਟਨਾ ਤੋਂ ਹੀ ਉਦਾਸ ਉਚਾਟ ਹੋ ਕੇ ਬਹਿ ਜਾਂਦੇ ਹਨ।

ਕਿਧਰੇ ਕਿਸੇ ਪਿੰਡ ਇੱਕ ਅਜਿਹੇ ਇਨਸਾਨ ਬਾਰੇ ਮੰਨ ਕੇ ਚੱਲੀਏ ਕਿ ਓਸ ਨੇ ਕੁੱਕੜੀਆਂ ਵੀ ਪਾਲੀਆਂ ਨੇ ਅਤੇ ਬੱਤਖਾਂ ਵੀ ਪਾਲੀਆਂ ਨੇ। ਕੁਦਰਤ ਦੀ ਕਰੋਪੀ ਕਿ ਓਸ ਪਿੰਡ ਵਿੱਚ ਹੜ੍ਹ ਆ ਜਾਵੇ ਓਸ ਦੀਆਂ ਸਾਰੀਆਂ ਮੁਰਗੀਆਂ ਹੜਾਂ ਕਾਰਣ ਮਰ ਜਾਣ।ਇਸ ਵਰਤਾਰੇ ਨੂੰ ਓਹ ਵਿਅਕਤੀ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਸੋਚੇਗਾ ।ਜੇਕਰ ਉਹ ਚੜ੍ਹਦੀ ਕਲਾ ਵਾਲੇ ਦ੍ਰਿਸ਼ਟੀਕੋਣ ਦਾ ਮਾਲਿਕ ਹੈ ਤਾਂ ਉਹ ਸੋਚੇਗਾ ਕਿ ਸ਼ੁਕਰ

ਹੈ ਮੇਰੀਆਂ ਬੱਤਖਾਂ ਤਾਂ ਬਚ ਗਈਆਂ। ਜੇ ਉਹ ਚੜ੍ਹਦੀ ਕਲਾ ਵਾਲਾ ਨਹੀਂ ਹੈ ਤਾਂ ਉਹ ਸਿਰ ਸੁੱਟ ਕੇ ਬਹਿ ਜਾਵੇਗਾ ਉਦਾਸ ਹੋ ਜਾਵੇਗਾ ਰੋਣ ਪਿੱਟਣ ਲੱਗ ਪਵੇਗਾ।

ਉਦਾਸੀ, ਸਰੀਰਕ ਅਤੇ ਮਾਨਸਿਕ ਦੋਹਵੇਂ ਤਰ੍ਹਾਂ ਦੀ ਸਿਹਤ ਤੇ ਮਾਰੂ ਅਸਰ ਕਰਦੀ ਹੈ।

ਇਸ ਰੋਗ ਦੀ ਅਉਖਧ ਪਰਿਵਾਰ ਹੈ। ਸਿਹਤਮੰਦ ਰਿਸ਼ਤਿਆਂ ਵਾਲਾ ਪਰਿਵਾਰ ਜਿਸ ਵਿੱਚ ਪਲਣ ਵਾਲੇ ਬੱਚਿਆਂ ਦੇ ਭਵਿੱਖ ਦਾ ਦਾਰੋਮਦਾਰ ਉਸ ਪਰਿਵਾਰ ਦੇ ਜੀਆਂ ਦੇ ਆਪਸੀ ਸੰਪਰਕ, ਰਿਸ਼ਤੇ, ਕੰਮਕਾਰ ਤੇ ਹੁੰਦਾ ਹੈ।ਪਰਿਵਾਰ ਦਾ ਅੰਦਰੂਨੀ ਸੰਵਾਦ ਵੀ ਉਚਾਟ ਮਾਨਸਿਕ ਅਵਸਥਾ ਜਾਂ ਵਿਸਮਾਦ ਲਈ ਕਾਫੀ ਅਹਿਮ ਸੂਤਰ ਬਣਦਾ ਹੈ।

ਸੰਵਾਦਹੀਨਤਾ ਦੀ ਸਥਿਤੀ ਜਿਸ ਪਰਿਵਾਰ ਵਿੱਚ ਵੀ ਹੋਵੇਗੀ ,ਉਸ ਪਰਿਵਾਰ ਦੇ ਜੀਆਂ ਵਿੱਚ ਮਾਨਸਿਕ ਉਲਝਣਾਂ ਦੀ ਭਰਮਾਰ ਲੱਭੇਗੀ ਪਰੰਤੂ ਪਰਿਵਾਰ ਵਿੱਚ ਸੰਵਾਦਹੀਨਤਾ ਦੀ ਅਣਹੋਂਦ ਹੋਵੇਗੀ ਆਰਥਿਕ,ਮਾਨਸਿਕ,ਸਮਾਜਕ,ਮਨੋਵਿਗਿਆਨਕ ਗੱਲ ਕੀ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਔਕੜ ਓਸ ਪਰਿਵਾਰ ਤੋਂ ਦੂਰ ਹੀ ਰਹੇਗੀ।

ਆਪਾਂ ਪਰਿਵਾਰ ਦੇ ਜੀਆਂ ਨੂੰ ਜੇ ਮੋਤੀ ਮੰਨ ਲਈਏ ਤਾਂ ਸੰਵਾਦ ਸਥਾਪਨਾ ਧਾਗੇ ਦਾ ਕਾਰਜ ਕਰੇਗੀ। ਸੰਵਾਦ ਦਾ ਹੁੰਦਾ ਰਹਿਣਾ ਉਸ ਮਾਲਾ ਨੂੰ ਜਿਸ ਨੂੰ ਕਿ ਸਾਰੇ ਪਰਿਵਾਰ ਕਰਕੇ ਜਾਣਦੇ ਹਨ ਇੱਕ ਜੁੱਟ ਰੱਖਣ ਵਿੱਚ ਮੁਕੰਮਲ ਕਾਮਯਾਬੀ ਬਖਸ਼ਦਾ ਹੈ।

ਸੰਵਾਦ ਦੌਰਾਨ ਮਨ ਦੇ ਗਿਲੇ ਸ਼ਿਕਵੇ ਸ਼ਬਦ-ਜਾਮਾ ਪਾ ਕੇ ਮੂਰਤਮਾਨ ਹੁੰਦੇ ਰਹਿੰਦੇ ਹਨ ਅਤੇ ਆਪਣੀ ਮੌਤੇ ਆਪ ਹੀ ਮਰ ਜਾਇਆ ਕਰਦੇ ਹਨ; ਜਦ ਕਿ ਸੰਵਾਦਹੀਨਤਾ ਦੀ ਦਸ਼ਾ ਵਿੱਚ ਗਿਲੇ-ਸ਼ਿਕਵੇ,ਨਿਹੋਰੇ ਖਾਦ ਬਣ ਕੇ ਉਦਾਸੀ ਦੇ ਬੂਟੇ ਨੂੰ ਪਾਲਣ ਦਾ ਕਾਰਜ ਕਰਨ ਲੱਗ ਪੈਂਦੇ ਹਨ ਜਾਂ ਈਰਖਾ ਦੇ ਥੋਹਰ ਨੂੰ ਮਨ ਦੇ ਕੂਲੇ ਵਿਹੜੇ ਵਿੱਚ ਲਿਆ ਗੱਡਦੇ ਹਨ।

ਉਦਾਸੀ ਦੀ ਮਹਾ-ਮਾਰੀ ਤੋਂ ਬਚਣ ਲਈ ਪਰਿਵਾਰ ਵਿੱਚ ਰਚਮਿਚ ਕੇ ਰਹਿਣ ਤੋਂ ਵਡੇਰੀ ਕੋਈ ਆਉਖਧ ਨਹੀਂ ਹੈ। ਆਪਣੇ ਆਪ ਨੂੰ ਉਸਾਰੂ ਰੁਝੇਵਿਆਂ ਵਿੱਚ ਰੁੱਝਿਆਂ ਰੱਖ ਕੇ ਵੀ ਉਦਾਸੀ ਤੋਂ ਬਚਿਆ ਜਾ ਸਕਦਾ ਹੈ।

-ਉਦਾਸੀ ਤੋਂ ਉਦਾਸੀਨ ਰਹੋ ਖੁਸ਼ ਰਹੋ ਆਬਾਦ ਰਹੋ।

*

# ਵਫਾਦਾਰੀ ਕੀ ਤੇ ਕੀ ਗਦਾਰੀ ? ! ?

ਕੋਈ ਵੀ ਲੋਕਧਾਰਾ ਹੋਵੇ।ਕਿਸੇ ਵੀ ਮੁਲਕ ਦਾ ਇਤਿਹਾਸ ਹੋਵੇ।ਹਰ ਖਿੱਤੇ ਵਿੱਚ ਵਫਾਦਾਰ ਦੀ ਵਫਾਦਾਰੀ ਦੇ ਸੋਹਿਲੇ ਗਾਏ ਜਾਂਦੇ ਹਨ ਅਤੇ ਗਦਾਰ ਦੀ ਗਦਾਰੀ ਦੇ ਮਾਤਮ ਮਨਾਏ ਜਾਂਦੇ ਹਨ ਪਰੰਤੂ ਗਦਾਰੀ ਅਤੇ ਵਫਾਦਾਰੀ ਦੇ ਬਦਲਾਵ ਨੂੰ ਇੱਕ ਸਿੱਕੇ ਦੇ ਦੋ ਪਾਸੇ ਮੰਨ ਕੇ ਚੱਲਿਆਂ ਹੀ ਗੱਲ ਪੂਰੀ ਤਰ੍ਹਾਂ ਨਿਆਂ ਸੰਗਤ ਹੋ ਸਕੇਗੀ।

ਕੋਈ ਵੀ ਮੁਲਕ ਹੋਵੇ ,ਹਰ ਮੁਲਕ ਦਾ ਹਾਕਮ ਇਹ ਚਾਹੁੰਦਾ ਹੈ ਕਿ ਓਸ ਦੀ ਸੱਤਾ ਬਣੀ ਰਹੇ ਕਾਇਮ ਓ ਦਾਇਮ ਰਹੇ ਨਾਲ ਹੀ ਓਹ ਦੂਜੇ ਦੀ ਸੱਤਾ ਤੇ ਵੀ ਕਾਬਿਜ਼ ਹੋਣਾ ਲੋਚਦਾ ਹੈ।

ਏਥੋਂ ਹੀ ਗਦਾਰੀ ਅਤੇ ਵਫਾਦਾਰੀ ਦੇ ਮੁੱਲ ਘਟਣੇ ਵਧਣੇ ਸ਼ੁਰੂ ਹੋ ਜਾਂਦੇ ਹਨ। ਜੇ ਵਫਦਾਰੀ ਹੈ ਤਾਂ ਉਹ ਵੀ ਆਪਣੀ ਕੀਮਤ ਚਾਹੁੰਦੀ ਹੈ, ਜੇ ਗਦਾਰੀ ਹੈ ਤਾਂ ਉਹ ਵੀ ਆਪਣਾ ਮੁੱਲ ਮੰਗਦੀ ਹੈ।

ਵਫਾਦਾਰੀ ਦੀ ਮੌਤ ਚੋਂ ਗਦਾਰੀ ਜਨਮ ਲੈਂਦੀ ਹੈ ਪਰੰਤੂ ਗਦਾਰੀ ਕਰਨ ਵਾਲਾ

ਇਕੱਲਾ ਹੀ ਦੋਸ਼ੀ ਹੋਵੇ ਅਜਿਹਾ ਵੀ ਨਹੀਂ।ਗਦਾਰੀ ਦਾ ਬੂਟਾ ਬੇਸ਼ੱਕ ਸੁਆਰਥ ਦੀ ਜ਼ਮੀਨ ਵਿੱਚ ਲੱਗਦਾ ਹੈ ਪਰੰਤੂ ਓਸ ਬੂਟੇ ਨੂੰ ਪਨਪਣ ਪੱਲਰਣ ਲਈ ਖਾਦ, ਪਾਣੀ, ਹਵਾ, ਧੁੱਪ ਆਦਿ ਓਸ ਦੇ ਮਾਹੌਲ ਵਿੱਚੋਂ ਹੀ ਲੱਭਦੇ ਹਨ। ਸੱਤਾ ਪਰਸਾਰ ਦਾ ਲੋਭ ਹੋਰ ਲੋਭੀ ਟੋਲਦਾ ਹੈ ਜੋ ਲੋਭ ਕਾਰਣ ਗਦਾਰੀ ਕਰਨ ਲਈ ਤਿਆਰ ਹੋ ਸਕਣ।

ਇੱਕ ਪੱਖ ਦੇ ਕੰਡ ਵਿੱਚ ਛੁਰਾ ਮਾਰ ਕੇ ਦੂਸਰੇ ਦਾ ਪੱਖ ਪੂਰਨ ਵਾਲੇ ਨੂੰ ਗਦਾਰ ਹੀ ਕਹਿਣਾ ਚਾਹੀਦਾ ਹੈ ਅਤੇ ਦੁਨੀਆਂ ਭਰ ਦੇ ਗਦਾਰਾਂ ਨੂੰ ਇੱਕੋ ਕਤਾਰ ਵਿੱਚ ਰੱਖਣਾ ਚਾਹੀਦਾ ਹੈ।

-ਪਰ ਏਦਾਂ ਹੁੰਦਾ ਨਹੀਂ।

ਸਵਾਰਥ ਬਦਲੇ ‘ਗਦਾਰ’ ਕਹਾਏ ਜਾਣ ਯੋਗ ਲੋਕਾਂ ਲਈ ਵਕਤ ਅਤੇ ਪੱਖ ਅਨੁਸਾਰ ਵੱਖ ਵੱਖ ਮਾਪਦੰਡ ਅਪਣਾਏ ਜਾਂਦੇ ਹਨ। ਆਪਾਂ ਭਾਰਤੀ ਪਿਛੋਕੜ ਦੀਆਂ ਕੁਝ ਝਲਕਾਂ ਵੇਖ ਕੇ ਹੀ ਏਸ ਬਾਬਤ ਸਿੱਟਾ ਕੱਢ ਸਕਦੇ ਹਾਂ।

ਜੈ ਚੰਦ,ਮੀਰ ਜਾਫਰ,ਅੰਭੀ ਗਦਾਰ;ਪਰ ਵਿਭੀਸ਼ਣ,ਸੁਗਰੀਵ ਸੇਵਾਦਾਰ/ਬਰਖੁਦਾਰ/ਰਾਮ ਭਗਤ!ਕਿਉਂ!!

ਕਿਓਂ? ਕੀ ਵਿਭੀਸ਼ਣ ਨੇ , ਸੁਗਰੀਵ ਨੇ ਆਪਣੇ ਆਪਣੇ ਭਰਾਵਾਂ ਦੀ ਕੰਡ ਵਿੱਚ ਛੁਰਾ ਨਹੀਂ ਮਾਰਿਆ?!

ਗਦਾਰੀ ਤੇ ਵਫਾਦਾਰੀ ,ਦੁਨੀਆਂਦਾਰੀ ਦੇ ਬਜ਼ਾਰ ਵਿੱਚ ਠੀਕ ਸੁਆਰਥ ਦੇ ਜਨਮ ਦੇ ਨਾਲ ਹੀ ਜਨਮੀਆਂ ਭਾਵਨਾਵਾਂ ਹਨ ਸੋ ਇਹਨਾਂ ਨੂੰ ਸੁਆਰਥ ਦੀਆਂ ਜੌੜੀਆਂ ਭੈਣਾਂ ਆਖਣਾ ਗਲਤ ਨਹੀਂ ਹੋਵੇਗਾ।

ਇੱਕ ਪ੍ਰਚਲਿਤ ਅਖਾਣ ਹੈ:ਜੇ ਦੂਸਰੀ ਧਿਰ ਦਾ ਬੰਦਾ ਸਾਡੀ ਧਿਰ ਨਾਲ ਜੁੜੇ ਤਾਂ ਉਸ ਦਾ ਹਿਰਦਾ ਪਰਿਵਰਤਨ ਹੋ ਗਿਆ ਪਰ ਜੇ ਸਾਡੀ ਧਿਰ ਦਾ ਬੰਦਾ ਦੂਸਰੀ ਧਿਰ ਨਾਲ ਜੁੜੇ ਤਾਂ ਓਹ ਗਦਾਰੀ ਹੋ ਗਈ।

ਕੋਈ ਵੀ ਵਫਾਦਾਰ ,ਗਦਾਰੀ ਦੇ ਰਾਹ ਤੇ ਸੁਖਾਲਿਆਂ ਹੀ ਨਹੀਂ ਤੁਰ ਪੈਂਦਾ। ਦੁਨੀਆਂ ਭਰ ਦੀਆਂ ਗਦਾਰੀਆਂ ਤੇ ਨਜ਼ਰ ਮਾਰੀਏ ਤਾਂ ਕੁਝ ਗੱਲਾਂ ਸਾਂਝੇ ਰੂਪ ਵਿੱਚ ਸਾਡੇ ਰੁਬਰੂ ਹੋਣਗੀਆਂ ਕਿ ਕੋਈ ਵੀ ਬਾਗ਼ੀ ਜਾਂ ਗਦਾਰ ਓਨਾਂ ਚਿਰ ਤੱਕ ਗਦਾਰੀ ਨਹੀਂ ਕਰਦਾ ਜਿਨ੍ਹਾਂ ਚਿਰ ਤੱਕ ਓਸ ਦੀ ਹਉਮੈਂ ਨੂੰ ਸੱਟ ਬਲਕਿ ਡੂੰਘੀ ਸੱਟ ਨਹੀਂ ਵੱਜਦੀ।

ਬੇਸ਼ੱਕ ਲੋਭ, ਗਦਾਰੀ ਕਰਨ ਵਾਲੇ ਸਾਰੇ ਗਦਾਰਾਂ ਦੀ ਗਦਾਰੀ ਪਿੱਛੇ ਕਾਰਜ ਸ਼ੀਲ ਸਾਂਝਾ ਤੱਤ ਰਿਹੈ ਪਰ ਲੋਭ ਦੀ ਵੰਨਗੀ ਭਿੰਨ ਭਿੰਨ ਰਹੀ ਹੈ ਕਿਸੇ ਨੂੰ ਜਰ ਦਾ ਲੋਭ ਰਿਹਾ ਕਿਸੇ ਨੂੰ ਜਨਾਨੀ ਦਾ ਲੋਭ ਰਿਹੈ ਕਿਸੇ ਨੂੰ ਜ਼ਮੀਨ ਦਾ ਲੋਭ ਰਿਹੈ ਕਿਸ ਨੂੰ ਤਿੰਨਾਂ ਦਾ ਲੋਭ ਰਿਹਾ।

ਕੋਈ ਵੀ ਗਦਾਰ ਜਦ ਗਦਾਰੀ ਕਰਦੈ ਤਾਂ ਉਹ ਦੇਸ਼ ਨਾਲ ਤਾਂ ਮੇਰੀ ਜਾਚੇ ਅਣਜਾਣੇ ਵਿੱਚ ਹੀ ਗਦਾਰੀ ਕਰ ਜਾਂਦੈ, ਉਸਦਾ ਅਸਲ ਮਕਸਦ ਤਾਂ ਸੱਤਾ-ਪ੍ਰਮੁੱਖ ਨੂੰ ਮਜ਼ਾ ਚਖਾਉਣਾ ਹੁੰਦਾ ਹੈ। ਉਹ ਨਿਜ਼ਾਮ ਤੋਂ ਆਕੀ ਹੁੰਦਾ ਹੈ। ਜਦੋਂ ਉਹ ਮੁਖੀਆਂ ਦੇ ਕਾਰਜ ਤੰਤਰ/ ਕਾਰਜ ਸ਼ੈਲੀ ਨਾਲ ਮਨ ਨਹੀਂ ਮੇਚ ਸਕਦਾ, ਜਦੋਂ ਓਸਦੀਆਂ ਭਾਵਨਾਵਾਂ, ਓਸਦੇ ਸੁਆਰਥ ਪ੍ਰਭਾਵਿਤ ਹੁੰਦੇ ਹਨ ਅਜਿਹੇ ਸਮਿਆਂ ਵਿੱਚ ਓਸ ਨੂੰ ਕੋਈ ਵੀ ਹਮਦਰਦ ਜਿਹਾ ਜਿਹੜਾ ਓਹਦੇ ਹਉਮੈ ਨੂੰ ਪੱਠੇ ਪਾ ਸਕਣ ਦੇ ਸਮਰਥ ਹੋਵੇ,ਚੰਗਾ ਚੰਗਾ ਲੱਗਣ ਲੱਗਦੈ ਅਤੇ ਉਹ ਆਪਣੇ ਹੀ ਲੋਕਾਂ ਦੇ ਖਿਲਾਫ਼ ਬਿਗਾਨੀ ਸ਼ਹਿ ਤੇ ਖੇਡ ਜਾਂਦੈ।

ਆਪਾਂ ਬੇਸ਼ੱਕ ਇਤਿਹਾਸ ਦੇ ਪੱਤਰੇ ਫਰੋਲ ਕੇ ਵੇਖ ਲਈਏ।

*

# ਖਿਝਣਾ ਛੱਡੋ ਜੇਕਰ ਜੀਵਨ ਹੁਸੀਨ ਚਾਹੀਦੈ

ਹੁਣ ਦੀ ਗੱਲ ਨਹੀਂ, ਸ਼ਾਇਦ ਦੁਨੀਆਂ/ਜਹਾਨ/ਸ੍ਰਿਸ਼ਟੀ ਦੇ ਆਰੰਭ ਤੋਂ ਹੀ ਇਹ ਜਜ਼ਬਾ ਇਨਸਾਨਾਂ ਅੰਦਰ ਵਿਆਪਕ ਰਿਹਾ ਹੈ।

ਹਰ ਕੋਈ ਖਿਝਦਾ ਹੈ ;ਕੋਈ ਥੋੜ੍ਹਾ ਘੱਟ ਕੋਈ ਥੋੜ੍ਹਾ ਵੱਧ। ਕੋਈ ਆਪਣੀ ਖਿੱਝ ਨੂੰ ਕਲਾਤਮਕ ਢੰਗ ਨਾਲ ਛੁਪਾ ਜਾਂਦਾ ਹੈ ਪਰੰਤੂ ਕਿਸੇ ਕਿਸੇ ਦੀ ਖਿੱਝ ਜ਼ਾਹਿਰ ਅਤੇ ਜੱਗ-ਪ੍ਰਸਿੱਧ ਹੋ ਜਾਂਦੀ ਹੈ।ਮਾਲਿਕ, ਨੌਕਰ ਤੇ ਖਿੱਝਦਾ ਹੈ।ਤੀਵੀਂ ਮਰਦ ਕਦੇ ਇੱਕ ਦੂਸਰੇ ਤੇ ਖਿੱਝਦੇ ਹਨ ਤਾਂ ਕਦੇ ਬੱਚਿਆਂ ਤੇ ਖਿੱਝਦੇ ਹਨ।ਬੱਚੇ ਕਦੇ ਆਪਸ ਵਿੱਚ ਖਿੱਝਦੇ ਹਨ ਤਾਂ ਕਦੇ ਆਪਣੇ ਖਿਡੌਣਿਆਂ ਤੇ ਖਿੱਝ ਕੱਢਦੇ ਹਨ।ਮੋਟੀ ਗੱਲ ਇਹ ਕਿ ਤਕੜਾ ਮਾੜੇ ਨੂੰ ਝਿੜਕਦਾ ਹੈ ; ਮਾੜਾ, ਝਿੜਕ ਨਹੀਂ ਸਕਦਾ ਸੋ ਖਿੱਝ ਕੇ ਰਹਿ ਜਾਂਦਾ ਹੈ।ਕਿਤੇ ਕਿਤੇ ਆਪਣੇ ਮਨ ਮੁਤਾਬਿਕ ਕੰਮ ਨਾ ਹੋਣ ਦੀ ਸੂਰਤ ਵਿੱਚ ਤਕੜਾ ਵੀ ਖਿੱਝ ਜਾਂਦਾ ਹੈ।ਖਿੱਝੂ ਜਿਹੇ ਵਿਅਕਤੀ ਕਦੇ ਵੀ ਘਰ ,ਪਰਿਵਾਰ ਜਾਂ ਸਮਾਜ ਦੇ ਆਕਰਸ਼ਣ ਦਾ ਕੇਂਦਰ ਨਹੀਂ ਬਣ ਸਕਦੇ।ਹਰ ਕੋਈ ਅਜਿਹੀਆਂ ਸਖ਼ਸੀਅਤਾਂ ਤੋਂ ਕੰਨੀ ਕਤਰਾਉਂਦਾ ਹੈ ਜਿਹੜੀਆਂ ਨਿੱਕੀ-ਨਿੱਕੀ ਗੱਲ ਤੋਂ ਖਿੱਝ ਜਾਂਦੀਆਂ ਹੋਣ।

ਖਿੱਝਣ ਦੇ ਕਾਰਣਾਂ ਬਾਰੇ ਵਿਹਾਰਕ ਜਿਹੀ ਨਜ਼ਰ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਪਰਿਵਾਰਕ ਜੀਆਂ ਵਿੱਚ ਖਿੱਝ ਦਾ ਕਾਰਣ ਅਹੰ ਵੀ ਹੁੰਦਾ ਹੈ। ਬਹੁਤ ਵਾਰ ਅਹੰ ਦੀ ਟਕਰਾਹਟ ਤੋਂ ਵੀ ਖਿੱਝ ਜਨਮ ਲੈਂਦੀ ਦਿੱਸਦੀ ਹੈ।ਮੈਂ ਵੀ ਰਾਣੀ ਤੂੰ ਵੀ ਰਾਣੀ ਕੌਣ ਭਰੇਗਾ ਪਾਣੀ ਜਿਹੀ ਅਖੌਤ ਏਥੇ ਮੂਰਤਮਾਨ ਹੁੰਦੀ ਹੈ।

ਵੱਡੀ ਉਮਰ ਦੇ ਵਿਅਕਤੀ ਤਾਂ ਖਿੱਝ ਨੂੰ ਪ੍ਰਗਟ ਕਰਨ ਦੇ ਅਨੇਕਾਂ ਢੰਗ ਤਰੀਕੇ ਅਪਣਾਉਂਦੇ ਹਨ ਜਿਵੇਂ ਕਿ ਉੱਚੀ ਉੱਚੀ ਝਗੜ ਪੈਣਾ ਜਾਂ ਫਿਰ ਇੱਕ ਦਮ ਚੁੱਪ ਵੱਟ ਜਾਣਾ। ਬਹੁਤ ਘੱਟ ਵਿਅਕਤੀ ਹੁੰਦੇ ਹਨ ਜੋ ਖਿੱਝਣ ਦੇ ਨਾਲ ਨਾਲ ਰੋ ਹੀ ਪੈਂਦੇ ਨੇ ਪਰੰਤੂ ਬੱਚਿਆਂ ਵਿੱਚ ਖਿੱਝ ਨੂੰ ਪ੍ਰਗਟਾਉਣ ਲਈ ਆਪਣਾ ਰੋਣਾ ਹੀ ਵਧੀਆ ਢੰਗ ਤਰੀਕਾ ਹੈ।

ਜੀਕਣ, ਸਿਰ-ਪੀੜ ਆਪਣੇ ਆਪ ਵਿੱਚ ਕੋਈ ਬੀਮਾਰੀ ਨਹੀਂ ਹੈ ਬਲਕਿ ਅਨੇਕਾਂ ਬੀਮਾਰੀਆਂ ਦੀ ਅਲਾਮਤ ਹੈ।ਠੀਕ ਓਦਾਂ ਹੀ ਖਿੱਝ ਵੀ ਆਪਣੇ ਆਪ ਵਿੱਚ ਕੋਈ ਮਾਨਸਿਕ ਵਿਕਾਰ ਨਹੀਂ ਸਗੋਂ ਬਹੁਤ ਸਾਰੇ ਮਾਨਸਿਕ ਵਿਕਾਰਾਂ ਦੇ ਉਪਜਣ ਦੀ ਅਲਾਮਤ ਹੈ।ਜਿਵੇਂ ਸਿਰਦਰਦ ਦੇ ਨਾਲ ਹੋਰ ਅਲਾਮਤਾਂ ਸਿਆਣ ਕੇ ਚੰਗਾ ਡਾਕਟਰ ਸਹੀ ਬਿਮਾਰੀ ਪਕੜ ਲੈਂਦਾ ਹੈ ਅਤੇ ਉਸ ਦਾ ਇਲਾਜ ਕਰ ਦੇਂਦਾ ਹੈ।'ਖਿੱਝ' ਦੇ ਮਾਮਲੇ ਵਿੱਚ ਵੀ ਅਜਿਹਾ ਹੀ ਸਭ ਕੁਝ ਸੰਭਵ ਹੈ।

ਜਿਸ ਤਰ੍ਹਾਂ ਸਿਰਪੀੜ ਦੇ ਕਾਰਣ 'ਬੀਮਾਰੀ ਦੇ ਰੋਗਾਣੂਆਂ' ਦਾ ਇਲਾਜ ਕਰਕੇ ਸਿਰਪੀੜ ਤੋਂ ਛੁਟਕਾਰਾ ਮਿਲ ਜਾਂਦਾ ਹੈ। ਬਿਲਕੁਲ ਏਸੇ ਤਰ੍ਹਾਂ ਖਿੱਝ ਉਪਜਾਉਣ ਵਾਲੇ ਕਾਰਣਾਂ ਦਾ ਇਲਾਜ ਕਰਕੇ ਖਿੱਝ ਨੂੰ ਸਮਾਪਤ ਹੁੰਦਿਆਂ ਵੇਖਿਆ ਜਾ ਸਕਦਾ ਹੈ।

ਹੁਣ ਮੈਂ ਖਿੱਝ ਦੇ ਇਲਾਜ ਲਈ ਕੁਝ ਕੁ ਮਸ਼ਵਰੇ ਆਪ ਨਾਲ ਸਾਂਝਿਆਂ ਕਰਨ ਦੀ ਖੁਸ਼ੀ ਪ੍ਰਾਪਤ ਕਰਾਂਗਾ :-

* ਆਪਣੇ ਅਹੰ ਨੂੰ ਸਵੈ ਅਨੁਸ਼ਾਸਨ ਦੁਆਰਾ ਕਾਬੂ ਵਿੱਚ ਰੱਖਣ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

* ਆਪਣੇ ਵਿਹਲੇ ਸਮੇਂ ਨੂੰ ਕਿਸੇ ਉਸਾਰੂ ਕਾਰਜ ਦੇ ਲੇਖੇ ਲਾਉਣਾ ਚਾਹੀਦਾ ਹੈ ਕਿਓਂਕਿ ਇੱਕ ਵਿਹਲਾ ਮਨ ਸੌ ਸ਼ੈਤਾਨਾਂ ਦਾ ਘਰ ਹੁੰਦਾ ਹੈ।

* ਆਪਣੇ ਤੋਂ ਵੱਧ ਅਮੀਰ ਨਾਲ ਨਾਤਾ, ਵੈਰ ਅਤੇ ਪਰੀਤ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

* ਸਾਦਗੀ ਦੇ ਮਾਰਗ ਤੇ ਚੱਲਣ ਦੀ ਕੋਸ਼ਿਸ਼ (ਜੇ ਹੋ ਸਕੇ ਤਾਂ) ਕਰਨੀ ਚਾਹੀਦੀ ਹੈ।

* ਆਪਣੀ ਖੁਰਾਕ ਸਾਤਵਿਕ ਰੱਖਣੀ ਚਾਹੀਦੀ ਹੈ।

ਏਨੀਆਂ ਕੁ ਬੇਨਤੀਆਂ ਪ੍ਰਵਾਨ ਕਰ ਕੇ ਵੇਖੋ ;ਤੁਸੀਂ ਵੇਖੋਗੇ ਕਿ 'ਖਿੱਝ' ਕਿੱਥੇ ਚਲੀ ਗਈ ਤੁਹਾਨੂੰ ਪਤਾ ਵੀ ਨਹੀਂ ਲੱਗਣਾ।

❊

# ਤ੍ਰਿਸ਼ਨਾ

ਪਿੱਛੇ ਆਪਾਂ ਖਿੱਝ ਬਾਰੇ ਵਿਚਾਰਾਂ ਕੀਤੀਆਂ ਹਨ। ਖਿੱਝ ਉਪਜਾਉਣ ਵਾਲੇ ਅਨੇਕਾਂ ਕਾਰਕਾਂ ਵਿੱਚ ਇੱਕ ਕਾਰਣ ਅਣਪੂਰੀ ਤ੍ਰਿਸ਼ਨਾ ਵੀ ਹੈ। ਇੱਛਿਆਂ /ਕਾਮਨਾ/ ਚਾਹਣਾ/ ਵਾਸਨਾ/ ਤ੍ਰਿਸ਼ਨਾ ਅਨੇਕ ਨਾਮ ਰੂਪ ਹਨ ਤ੍ਰਿਸ਼ਨਾ ਦੇ।

ਸਾਰੇ ਸੰਤਾਂ-ਮਹਾਂ ਪੁਰਖਾਂ ਵੱਲੋਂ ਆਪਣੇ-ਆਪਣੇ ਸਤਸੰਗਾਂ ਵਿੱਚ ਪ੍ਰਵਚਨਾਂ ਵਿੱਚ ਵਧੇਰੇ ਸਮਾਂ ਏਸੇ ਤ੍ਰਿਸ਼ਣਾ ਬਾਰੇ ਭਾਸ਼ਣ ਦਿੱਤਾ ਜਾਂਦਾ ਹੈ।

ਇਹ 'ਸੰਤ-ਲੋਕ' ਸੌ ਬੁਰਾਈਆਂ ਦੀ ਜੜ ਇਸੇ ਤ੍ਰਿਸ਼ਨਾ ਨੂੰ ਦੱਸਦੇ ਹਨ ,ਇਹ ਵੀ ਕਹਿੰਦੇ ਨੇ ਕਿ ਇਸ ਤ੍ਰਿਸ਼ਨਾ ਨੂੰ ਤਿਆਗੋ ਕਿੰਤੂ ਉਹ ਆਪ ਇਸ ਤ੍ਰਿਸ਼ਨਾ ਨੂੰ ਨਹੀਂ ਤਿਆਗਦੇ। ਉਹ ਹੋਰਨਾਂ ਨੂੰ 'ਮਾਇਆ-ਮੋਹ' ਦੀ ਤ੍ਰਿਸ਼ਣਾ ਤੋਂ ਮੁਕਤ ਰਹਿਣ ਦੀ ਪ੍ਰੇਰਣਾ ਦੇਂਦੇ ਹਨ ਪ੍ਰੰਤੂ ਓਹਨਾਂ ਦੀ ਆਪਣੀ ਤ੍ਰਿਸ਼ਨਾ-ਅਗਨੀ ਸੈਂਕੜੇ ਘੁਮਾਂ ਜ਼ਮੀਨਾਂ ਵਿੱਚ ਪੱਸਰੇ ਆਪਣੇ ਆਸ਼ਰਮਾਂ ਨਾਲ ਵੀ ਨਹੀਂ ਬੁਝਦੀ ,ਸਗੋਂ ਹੋਰ ਭੜਕਦੀ ਹੈ।

ਕਾਮਨਾ /ਤ੍ਰਿਸ਼ਨਾ ਸਿਰਫ ਵਿਖੁ ਹੋਵੇ ਅਜਿਹਾ ਵੀ ਨਹੀਂ ਹੈ। ਜੇਕਰ ਵਿਖੁ ਹੋਵੇ ਵੀ ਤਾਂ ਵੀ ਸੂਝਵਾਨ ਲੋਕ ਤਾਂ ਵਿਖੁ ਤੋਂ ਵੀ ਦਵਾਈ ਦਾ ਕਾਰਜ ਲੈ ਲੈਂਦੇ ਨੇ ਪਰੰਤੂ ਬੇਵਕੂਫ ਲੋਕ, ਦਵਾਈ ਨੂੰ ਵੀ ਜ਼ਹਿਰ ਕਰ ਦੇਂਦੇ ਨੇ। ਤ੍ਰਿਸ਼ਨਾ ਦਾ ਹੀ ਇੱਕ ਸੁੰਦਰ ਸਰੂਪ ਜਿਗਿਆਸਾ ਵੀ ਤਾਂ ਹੈ।ਜਿਗਆਸਾ ਯਾਨੀ ਕੁਝ ਜਾਨਣ ਦੀ ਤ੍ਰਿਸ਼ਨਾ ਕੁਝ ਨਵਾਂ ਕਰ ਵਿਖਾਉਣ ਦੀ ਅਭਿਲਾਸ਼ਾ। ਜੇ ਇਹ ਤ੍ਰਿਸ਼ਨਾ ਨਾ ਹੁੰਦੀ ਤਾਂ ਇਹ ਦੁਨੀਆਂ ਅੱਜ ਵੀ ਵਰਗੀ ਸੁਵਿਧਾ ਭਰੀ ਨਾ ਹੁੰਦੀ।

- ਅੱਜ ਵੀ ਮਨੁੱਖ ਜਾਂਗਲੀ ਜੀਅ ਹੁੰਦਾ।
- ਅੱਜ ਵੀ ਮਨੁੱਖ ਜੰਗਲੀ ਕੰਦਮੂਲ ਖਾ ਕੇ ਗੁਜ਼ਾਰਾ ਕਰਦਾ ਹੁੰਦਾ।
- ਅੱਜ ਵੀ ਮਨੁੱਖ ਪੈਦਲ ਹੀ ਯਾਤਰਾ ਕਰਦਾ ਹੁੰਦਾ।
- ਇਹ ਤ੍ਰਿਸ਼ਣਾ ਹੀ ਤਾਂ ਸੀ ਜਿਸ ਨੇ ਮਨੁੱਖ ਨੂੰ ਤਰੱਕੀ ਦੀ ਲੀਹ ਤੇ ਤੋਰਿਆ।
- ਗਿਆਨ ਵਿਗਿਆਨ ਦੀ ਮੂਲ ਏਹੀ ਤ੍ਰਿਸ਼ਣਾ ਸੀ।

ਬੇਸ਼ੱਕ ,ਹੁਣ ਤੱਕ ਹੋਏ ਮਹਾਂਯੁੱਧਾਂ ਦੀ ਜ਼ਮੀਨ ਤਿਆਰ ਕਰਨ ਲਈ ਵੀ ਏਹੀ ਤ੍ਰਿਸ਼ਣਾ ਜ਼ਿੰਮੇਵਾਰ ਹੈ। ਜਿੱਥੇ ਫੁੱਲ ਓਥੇ ਕੰਡੇ ਵੀ ਹੁੰਦੇ ਹੀ ਹੁੰਦੇ ਹਨ। ਬਗੀਚੀ ਵਿੱਚ ਜਾਣ ਵਾਲੇ ਤੇ ਨਿਰਭਰ ਹੈ ਕਿ ਓਹ ਕੀ ਚੁਣਦਾ ਹੈ? ਫੁੱਲ ਕੇ ਕੰਡੇ, ਕਿ ਦੋਹਵੇ।

-ਆਪਣੇ ਲਈ ਕੰਡੇ ਹੋਰਾਂ ਲਈ ਫੁੱਲ ਚੁਨਣ ਵਾਲੇ ਪੀਰ ਹੁੰਦੇ ਹਨ।

ਜਿਥੇ ਦਿਨ ਓਥੇ ਰਾਤ ਇੱਕ ਦੂਸਰੇ ਬਿਨ ਇੱਕ ਦੂਸਰੇ ਦੀ ਅਹਿਮੀਅਤ ਗਿਆਤ ਨਹੀਂ ਹੋ ਸਕਦੀ। ਤ੍ਰਿਸ਼ਨਾ ਦਾ ਇਲਾਜ ਸਬਰ ਸੰਤੋਖ ਦੱਸਿਆ ਜਾਂਦਾ ਹੈ। ਪਰੰਤੂ ਨਿਰੋਲ ਸਬਰ ਸੰਤੋਖ ਨਾਲ ਵੀ ਢਿੱਡ ਨਹੀਂ ਭਰਿਆ ਜਾ ਸਕਦਾ।

ਤ੍ਰਿਸ਼ਨਾ ਅਤੇ ਲੋਭ ਵਿਚਾਲੇ ਵੀ ਵਾਲ ਬਰਾਬਰ ਅੰਤਰ ਹੈ। ਤ੍ਰਿਸ਼ਨਾ, ਲੋਭ ਦਾ ਮੂਲ ਹੈ।ਜਦ ਤੱਕ ਪੇਟ ਭਰਣ ਦੀ ਗੱਲ ਰਹੇ ਤਦ ਤੱਕ ਤ੍ਰਿਸ਼ਨਾ/ ਕਾਮਨਾ/ ਚਾਹਨਾ ਜਾਇਜ਼ ਰਹਿੰਦੀ ਹੈ ਕਿੰਤੂ ਜਦ ਹੋਰਨਾਂ ਦਾ ਹੱਕ ਮਾਰ ਕੇ ਆਪਣੀਆਂ ਪੇਟੀਆਂ ਭਰਣ ਦੀ ਗੱਲ ਆਰੰਭ ਹੋ ਜਾਵੇ ਤਾਂ ਲੋਭ ਪ੍ਰਗਟ ਹੁੰਦਾ ਹੈ ਜੋ ਕਿ ਕਿਸੇ ਹਾਲ ਵੀ ਜਾਇਜ਼ ਨਹੀਂ ਦੱਸਿਆ ਜਾ ਸਕਦਾ।

ਤ੍ਰਿਸ਼ਨਾ ਨੂੰ ਆਪਣਾ ਵਾਹਣ ਬਣਾ ਕੇ ਤਾਂ ਇਨਸਾਨ ਤਰੱਕੀ ਦੇ ਮਾਰਗ ਤੇ ਅੱਗੇ ਵਧ ਸਕਦਾ ਹੈ ਕਿੰਤੂ ਤ੍ਰਿਸ਼ਨਾ ਤੋਂ ਵਾਹਨ ਕਰਾ ਕੇ ਇਨਸਾਨ ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ। ਆਓ ਕਿ ਆਪਾਂ ਵੀ ਕੋਸ਼ਿਸ਼ ਕਰੀਏ ਕਿ ਤ੍ਰਿਸ਼ਣਾ ਨੂੰ ਵਾਹਣ ਬਣਾ ਕੇ ਚੱਲੀਏ ਜਿਸ ਦੇ ਸਟੀਅਰਿੰਗ ਤੇ ਆਪਣਾ ਕਾਬੂ ਹੋਵੇ ਫਿਰ ਵੇਖੋ ਉੱਨਤੀ ਦੇ ਦਿਸਹੱਦਿਆਂ ਤੋਂ ਪਰੇ ਜਾਣੋਂ ਤੁਹਾਨੂੰ ਕੋਈ ਰੋਕ ਨਹੀਂ ਸਕੇਗਾ।

❊

# ਪੰਜ ਵਿਕਾਰ ਕੀ ਵਾਕਈ ਵਿਕਾਰ ਹਨ

ਤ੍ਰਿਸ਼ਣਾ ਉਰਫ ਲੋਭ ਉਰਫ ਕਾਮਨਾ ਬਾਰੇ ਵਿਚਾਰ ਸਾਂਝਿਆਂ ਕਰਦਿਆਂ ਮੇਰੇ ਮਨ ਵਿੱਚ ਵੀ ਇੱਛਾ ਹੋਈ ਕਿ ਮੈਂ ਇੱਕ ਕਥਿਤ ਵਿਕਾਰ 'ਲੋਭ' ਬਾਰੇ ਹੀ ਚਰਚਾ ਛੋਹੀ ਹੈ, ਬਾਕੀ ਦੇ ਚਾਰਾਂ ਕਥਿਤ ਵਿਕਾਰਾਂ ਬਾਬਤ ਵੀ ਆਪਣੇ ਵਿਚਾਰ ਆਪ ਸੰਗ ਸਾਂਝਿਆਂ ਕਰਾਂ। ਕਾਮ ਕ੍ਰੋਧ ਲੋਭ ਮੋਹ ਹੰਕਾਰ ਜਾਂ ਫਿਰ ਏਦਾਂ ਕਹਿ ਲਈਏ ਕਿ 'ਕਾਮ-ਕਰੋਧ-ਮਦ-ਮੋਹ-ਹੰਕਾਰ' ਇਹਨਾਂ ਪੰਜਾਂ ਨੂੰ ਅਧਿਆਤਮ ਅਨੁਸਾਰ ਪੰਜ ਵਿਕਾਰ /ਪੰਜ ਡਾਕੂ ਤੇ ਹੋਰ ਵੀ ਅਨੇਕਾਂ ਏਸੇ ਤਰ੍ਹਾਂ ਦੇ ਨਾਵਾਂ ਨਾਲ ਬਿਆਨਿਆਂ ਹੈ।

ਕਾਮ :ਜੇ ਪੰਜੇ ਚੋਰਾਂ ਚੋਂ ਪਹਿਲੇ ਨੰਬਰ ਤੇ ਆਉਂਦੇ 'ਕਾਮ' ਬਾਰੇ ਵਿਚਾਰ ਨਾਲ ਵਿਚਾਰ ਕਰੀਏ ਤਾਂ ਆਪਾਂ ਵੇਖਦੇ ਹਾਂ ਕਿ ਇਸ 'ਕਾਮ' ਤੋਂ ਬਿਨਾਂ ਸ੍ਰਿਸ਼ਟੀ ਰਚਨਾ ਹੀ ਅਸੰਭਵ ਹੈ।ਇਸ ਨੂੰ ਚੋਰ ਦੱਸਣ ਤੋਂ ਪਹਿਲਾਂ ਏਹ ਤਾਂ ਸੋਚ ਲਿਆ ਜਾਵੇ ਕਿ ਇਸ ਦੀ ਅਣਹੋਂਦ ਕਾਰਣ ਇਸ ਜਗਤ ਦਾ ਕੀ ਬੁਰਾ ਹਾਲ ਹੋ ਜਾਵੇਗਾ। ਇਸ ਜਗਤ ਦਾ ਉਗਮਣਾ ਹੀ ਕਾਮ ਆਸਰੇ ਹੋਇਐ ।ਇਹ ਕੁਦਰਤੀ ਗੁਣ ਹੈ ਜੋ ਸਭ ਜੀਵਾਂ ਜੰਤੂਆਂ ਦੀ ਚਰਿੰਦ ਪਰਿੰਦ ਦੀ ਵੰਸ਼ਵੇਲ ਵਾਧੇ ਲਈ ਅਤਿ ਜ਼ਰੂਰੀ ਹੈ।

ਇਸ ਤੋਂ ਹੀਣਾ ਕੋਈ ਜਾਨਦਾਰ ਪਸ਼ੂ/ਪੰਛੀ/ ਜਨੌਰ ਇਸ ਸ੍ਰਿਸ਼ਟੀ ਵਿੱਚ ਲੱਭਣਾ ਔਖਾ ਹੈ। ਨਰ ਤੇ ਮਦੀਨ ਦਾ ਮੇਲ ਹੋਏ ਬਿਨਾਂ ਸ੍ਰਿਸ਼ਟੀ ਕਿਰਿਆ ਸਹਿਜ ਨਹੀਂ ਹੈ।ਬੇਸ਼ੱਕ,ਵਿਗਿਆਨੀਆਂ ਨੇ ਅਨੇਕਾਂ ਉਪਰਾਲੇ ਕਰ ਕੇ ਜੀਅ ਜੰਤੂਆਂ ਏਥੋਂ ਤੱਕ ਕਿ ਆਦਮਜ਼ਾਤ ਵਿੱਚ ਵੀ ਦੇਹੀ ਮਿਲਣ ਤੋਂ ਬਗੈਰ ਵੰਸ਼ ਵਧਾਉਣ ਦੇ ਓਹੜ ਪੋਹੜ ਕਰਨੇ ਆਰੰਭ ਕੀਤੇ ਹੋਏ ਨੇ ਪਰ ਓਹ ਗੈਰ ਕੁਦਰਤੀ ਜਨਮ ਲੈਣ ਵਾਲੇ, ਕੁਦਰਤੀ ਜਨਮ ਲੈਣ ਵਾਲਿਆਂ ਨਾਲੋਂ ਕੁਦਰਤੀ ਤੌਰ ਤੇ ਭਿੰਨ ਵੀ ਹੁੰਦੇ ਹਨ ਅਤੇ ਕੁਝ ਹੱਦ ਤੱਕ ਕਮਜ਼ੋਰ ਵੀ। ਓਹਨਾਂ ਵਿੱਚ ਕੁਦਰਤੀ ਤਾਕਤ, ਕੁਦਰਤ ਵੱਲੋਂ ਦਿੱਤੀ ਜਾਣ ਵਾਲੀ ਰੋਗਾਂ ਨਾਲ ਲੜਨ ਦੀ ਤਾਕਤ ਨਹੀਂ ਹੁੰਦੀ। ਓਹ 'ਵਿਗਿਆਨ ਦੀ ਪ੍ਰਯੋਗਸ਼ਾਲਾ ਦੇ ਨਮੂਨੇ' ਸੰਸਕਾਰੀ ਮਾਪਿਆਂ ਦੀ ਔਲਾਦ ਵਾਂਗਰ ਸੰਸਕਾਰੀ ਨਹੀਂ ਹੋ ਸਕਦੇ। ਬਣਾਉਟੀ ਜੀਵ ਉਤਪਾਦਨ ਦੀਆਂ ਅਨੇਕਾਂ ਬੰਦਸ਼ਾਂ ਨੇ। ਕਾਮ,ਸ੍ਰਿਸ਼ਟੀ-ਚੱਕਰ ਨੂੰ ਅਨੰਤ ਰੱਖਣ ਲਈ ਬੇਹੱਦ ਜ਼ਰੂਰੀ ਹੈ। ਕਾਮ ਤੇ ਕਾਬੂ ਪਾਉਣਾ ਅਨੇਕਾਂ ਵਿਕਾਰਾਂ ਨੂੰ ਸੱਦਾ ਦੇਣਾ ਹੈ ਪਰੰਤੂ ਕਾਮ ਨੂੰ ਉਪਯੋਗੀ ਤਰੀਕੇ ਨਾਲ ਸ੍ਰਿਸ਼ਟੀ ਰਚਨਾ ਲਈ ਵਰਤਣਾ ਵੀ ਜ਼ਰੂਰੀ ਹੈ। ਕਾਮ ਦਾ ਨਾਸ਼ ਨਾ ਕੋਈ ਕਰ ਸਕਿਆ ਹੈ ਅਤੇ ਨਾ ਹੀ ਕੋਈ ਕਰ ਸਕੇਗਾ।

ਇਨਸਾਨ ਜਾਂ ਹੋਰ ਜੀਵ,ਜੋ ਵੀ ਖ਼ੁਰਾਕ ਖਾਂਦੇ ਹਨ ਉਹ ਪਚ ਕੇ ਅਨੇਕ ਪੜਾਅ ਪਾਰ ਕਰਕੇ ਸਰੀਰ ਨੂੰ ਤੰਦਰੁਸਤ ਕਰਦੀ ਹੈ, ਪੁਸ਼ਟ ਕਰਦੀ ਹੈ।ਅਨੇਕ ਪ੍ਰਕਾਰ ਦੇ ਹਾਰਮੋਨਜ਼ ਦੀ ਰਚਨਾ ਸਰੀਰ ਤੰਤਰ ਵਿੱਚ ਆਪਣੇ ਆਪ ਹੁੰਦੀ ਰਹਿੰਦੀ ਹੈ। ਇਹਨਾਂ ਚੋਂ ਹੀ ਕਾਮ ਉਤੇਜਨਾ ਪੈਦਾ ਕਰਨ ਵਾਲੇ ਹਾਰਮੋਨਜ ਵੀ ਸਰੀਰ ਵਿੱਚ ਉਗਮਦੇ ਹਨ।

ਜਿਹੜੇ ਪ੍ਰਵਚਨ-ਕਰਤਾ ਕਾਮ ਦਾ ਦਮਨ ਕਰਨ ਦਾ ਉਪਦੇਸ਼ ਦੇਂਦੇ ਨਹੀਂ ਥੱਕਦੇ, ਇਹ ਕਿਰਿਆ ਓਹਨਾਂ ਦੇ ਸਰੀਰ ਵਿੱਚ ਵੀ ਹੁੰਦੀ ਰਹਿੰਦੀ ਹੈ। ਇਸ ਨੂੰ ਰੋਕਣ ਲਈ ਕੋਈ ਬੰਨ੍ਹ ,ਕੋਈ ਜਿੰਦਰਾ ਅਜੇ ਤੱਕ ਈਜਾਦ ਨਹੀਂ ਹੋਇਆ।

ਮੇਰੀ ਜਾਚੇ ਸਾਨੂੰ ਉਚਿਤ ਕਾਮ ਤੋਂ ਨਫਰਤ ਨਹੀਂ ਕਰਨੀ ਚਾਹੀਦੀ,ਸਗੋਂ ਸਾਨੂੰ ਕਾਮ ਪ੍ਰਤੀ, ਕਾਮ ਇੰਦਰੀਆਂ ਪ੍ਰਤੀ ਆਪਣੇ ਬੱਚਿਆਂ ਨੂੰ ਆਪ ਉਚਿਤ ਜਾਣਕਾਰੀ ਦੇਣੀ ਚਾਹੀਦੀ ਹੈ ਸਿਹਤਮੰਦ ਆਦਤਾਂ ਦੀ ਉਸਾਰੀ ਲਈ ਇਹ ਭਵਿੱਖ ਦੀ ਪਹਿਲੀ ਲੋੜ ਹੋਵੇਗੀ।

## ***ਕਰੋਧ***

ਕਰੋਧ ਦਾ ਸਮੂਲ ਨਾਸ਼ ਕਰਕੇ ਆਤਮ ਰੱਖਿਆ ਜਿਹੇ ਕਾਰਜ ਵੀ ਅਸੰਭਵ ਹੋ ਜਾਣਗੇ। ਕਿਸੇ ਵਿਅਕਤੀ ਵਿਸ਼ੇਸ਼ ਵੱਲੋਂ ਕਰੋਧ ਨਾਸ਼ ਦਾ ਤਜਰਬਾ ਕਰਕੇ ਵੀ ਵੇਖਿਆ ਜਾ ਸਕਦਾ ਹੈ। ਸਵੈਮਾਣ ਦੀ ਰਾਖੀ ਲਈ ਅਸਮਰੱਥ ਪੁਰਖ ਨੂੰ ਸਮਾਜ ਵਿੱਚ ਸਨਮਾਣ ਦਾ ਕੋਈ ਹੱਕ ਨਹੀਂ ਰਹਿ ਜਾਂਦਾ।

## ***ਮੋਹ***

ਮੋਹ ਦੇ ਸਦਗੁਣ ਨੂੰ ਵੀ ਇਹ ਕਥਿਤ ਸਾਧੂ ਆਪਣੇ ਪ੍ਰਵਚਨਾਂ ਵਿੱਚ ਚੋਰ ਡਾਕੂ ਅਤੇ ਵਿਕਾਰ ਗਿਣਦੇ ਹਨ ਦਰਸਾਉਂਦੇ ਹਨ। ਕੋਈ ਇਹਨਾਂ ਨੂੰ ਪੁੱਛੇ ,ਕਿ ਇੱਕ ਪਾਸੇ ਇਹ ਪ੍ਰੇਮ-ਮਾਰਗ ਦਾ ਪਾਠ ਦੱਸਦੇ ਹਨ ;ਦੂਸਰੇ ਪਾਸੇ ਮੋਹ ਤੋਂ ਬਚਣ ਦੀ ਹਿਦਾਇਤ ਕਰਦੇ ਹਨ।ਇਹ ਇੱਕੋ ਕੰਠ ਨਾਲ ਇੱਕੋ ਵੇਲੇ ਦੋ ਗੀਤ ਕਿਸ ਤਰ੍ਹਾਂ ਗਾ ਲੈਂਦੇ ਹਨ (?)ਅਤੇ ਉਮੀਦ ਕਰਦੇ ਹਨ ਕਿ ਹੋਰ ਸਾਰੇ ਵੀ ਏਸੇ ਤਰ੍ਹਾਂ ਇੱਕ ਵੇਲੇ ਇੱਕੋ ਕੰਠ ਚੋਂ ਦੋ ਗੀਤ ਗਾਈ ਜਾਣ।

## ***ਲੋਭ***

ਆਪਾਂ ਪਿੱਛੇ ਤ੍ਰਿਸ਼ਨਾ ਬਾਰੇ ਵਿਚਾਰਾਂ ਸਾਂਝੀਆਂ ਕਰ ਚੁੱਕੇ ਹਾਂ। ਅਜੋਕੇ ਦੌਰ ਵਿੱਚ ਜਦ ਟੀ. ਵੀ. ਮਾਧਿਅਮ ਨੇ ਲੈਕਚਰ ਬਾਜ਼ ਸਾਧਾਂ, ਅਖੌਤੀ ਪ੍ਰਵਚਨ ਕਰਤਾ ਬ੍ਰਹਮ ਗਿਆਨੀਆਂ ਨੂੰ ਘਰ ਦੇ ਡਰਾਇੰਗ ਰੂਮ ਤੱਕ ਅੱਪੜਦਿਆਂ ਕਰ ਦਿੱਤਾ ਹੈ ;ਇਹਨਾਂ ਦੀ ਟੀ. ਵੀ. ਚੈਨਲਾਂ ਤੱਕ ਪਹੁੰਚਣ ਦੀ ,ਪ੍ਰਚਾਰ ਚਾਹੁਣ ਦੀ ਭੁੱਖ ਵੀ ਕੀ ਲੋਭ ਨਹੀਂ? ਇਹ ਲੋਭ ਨੂੰ ਵਿਕਾਰ ਦੱਸਣ ਵਾਲੇ ਹੀ ਦੱਸਣਗੇ ਕਿ ਇਹ ਆਪ ਇਸ ਵਿਕਾਰ ਤੋਂ ਵਿਰਵੇ ਕਿਉਂ ਨਹੀਂ।

ਲੋਭ ਕਿਸੇ ਵੀ ਮੁਲਕ ਦੀ ਤਰੱਕੀ ਲਈ ਕਿਸੇ ਵੀ ਸਮਾਜ ,ਪਰਿਵਾਰ ,ਵਿਅਕਤੀ ਦੇ ਤਰੱਕੀ ਕਰਨ ਲਈ ਲੋੜੀਂਦਾ ਤੱਤ ਹੈ।

## ***ਹੰਕਾਰ***

ਇਹਨਾਂ ਸਾਧਾਂ,ਅਹੰਕਾਰ ਜਾਂ ਹੰਕਾਰ ਦਾ ਨਾਮ ਦੇ ਕੇ ਸਵੈਮਾਣ /ਮਾਣ/ ਗੁਮਾਣ/ ਅਭਿਮਾਨ ਨੂੰ ਵੀ ਵਿਕਾਰ ਦਰਸਾਇਆ ਗਿਆ ਹੈ।ਸਵੈਮਾਣ/ ਅਭਿਮਾਨ ਬਿਨਾਂ ਵੀ ਜੀਵਨ ਕੋਈ ਜੀਵਨ ਹੈ?

ਹਾਂ, ਏਨੀ ਕੁ ਗੱਲਬਾਤ ਲਈ ਸਹਿਮਤ ਹੋਇਆ ਜਾ ਸਕਦੈ ਕਿ ਅੱਤ ਅਤੇ ਸੱਚ ਦਾ ਹਮੇਸ਼ਾ ਵੈਰ ਰਿਹਾ ਹੈ। ਵਧੇਰੇ ਖਾਧੀ ਇੱਕ ਰੋਟੀ ਵੀ ਸਾਰੇ ਪਾਚਣ ਤੰਤਰ ਨੂੰ

ਗੜਬੜਾ ਸਕਦੀ ਹੈ। ਕਾਮ ,ਕਰੋਧ, ਲੋਭ, ਮੋਹ ਤੇ ਹੰਕਾਰ ਕਿਸੇ ਵੀ ਮੁਲਕ ਦੇ ਕਿਸੇ ਵੀ ਜੀਅ ਦੇ ਅੰਦਰ ਉਪਜਣ ਵਾਲੀਆਂ ਮੁੱਢਲੀਆਂ ਭਾਵਨਾਵਾਂ ਹਨ। ਇਹ ਭਾਵਨਾਵਾਂ ਹਰ ਮਨੁੱਖ ਅੰਦਰ ਵਿਆਪਦੀਆਂ ਹਨ। ਇਹਨਾਂ ਬਿਨਾਂ ਇਹ ਦੁਨੀਆਂ ,ਦੁਨੀਆਂ ਨਹੀਂ ਹੋਵੇਗੀ ਜੇ ਹੋਵੇਗੀ ਵੀ ਤਾਂ ਰਹਿਣ ਦੇ ਕਾਬਿਲ ਨਹੀਂ ਹੋਵੇਗੀ।
ਇਹਨਾਂ ਪੰਜੇ ਭਾਵਨਾਵਾਂ ਨੂੰ ਮੈਂ ਤਾਂ ਤੀਲ੍ਹਾਂ ਦੀਆਂ ਡੱਬੀਆਂ ਕਹਾਂਗਾ। ਅਜਿਹੀਆਂ ਡੱਬੀਆਂ,ਜਿਹਨਾਂ ਦਾ ਦਾਰੋਮਦਾਰ ਵਰਤੋਂ ਕਰਨ ਵਾਲੇ ਹੱਥ ਹੁੰਦਾ ਹੈ ਬੇਸ਼ੱਕ ਓਸ ਨਾਲ ਉਹ ਚੁੱਲ੍ਹਾ ਬਾਲ ਲਵੇ ਭਾਵੇਂ ਘਰ ਫੂਕ ਲਵੇ।

# ਪਰਲੋਕ ਅਤੇ ਇਹ ਲੋਕ ?

ਸੁਣਿਆਂ ,ਪੜ੍ਹਿਆ ਕਿ ਪਰਮਾਤਮਾ ਇਸ ਜਗਤ ਦੇ ਕਣ ਕਣ ਵਿੱਚ ਬਿਰਾਜਮਾਨ ਹੈ। ਇਸ ਸੂਤਰ ਨੂੰ ਪੜਦਿਆਂ –ਸੁਣਦਿਆਂ- ਪੜਚੋਲਦਿਆਂ ਬਚਪਨ ਗੁਜ਼ਰ ਗਿਆ, ਜਵਾਨੀ ਗੁਜ਼ਰ ਚੱਲੀ ਏ ; ਇਸ ਸੂਤਰ ਨੂੰ ਸੂਤਰ ਕਰਦਿਆਂ ਸ਼ਾਇਦ ਬੁਢਾਪਾ ਵੀ ਗੁਜ਼ਰ ਜਾਵੇ ਪਰ ਇਸ ਸੂਤਰ ਦੀ ਗੁੰਝਲ ਨਹੀਂ ਸੁਲਝਦੀ ਦਿਸਦੀ।

ਮੇਰੇ ਜਿਹੇ ਅਨੇਕਾਂ ਅਨੇਕ ਹੋਰ ਵੀ ਇਸ ਸੂਤਰ ਦੀ ਉਲਝੀ ਤਾਣੀ ਦੀ ਤੰਦ ਬਣੀ ਸੋਚਦੇ ਹਨ ਜੇ ਪਰਮਾਤਮਾ ਇਸ ਸਜੀਵ ਨਿਰਜੀਵ ਜਗਤ ਦੇ ਕਣ ਕਣ ਵਿੱਚ ਮੌਜੂਦ ਹੈ ਤਾਂ ਫਿਰ ਕਤਲ, ਲੁੱਟਾਂ, ਖੋਹਾਂ, ਡਾਕੇ ,ਧਾੜੇ ,ਬਲਾਤਕਾਰ ,ਰਾਹਜ਼ਨੀ ,ਧੋਖਾ ,ਕਪਟ ,ਫਰੇਬ ਕਿਓਂ ਹੁੰਦਾ ਹੈ? ਕੌਣ ਕਰਦਾ ਹੈ?

- ਕੀ ਪਰਮਾਤਮਾ ਹੀ ਪਰਮਾਤਮਾ ਦਾ ਖ਼ੂਨ ਕਰਦਾ ਹੈ?
- ਕੀ ਪਰਮਾਤਮਾ ਹੀ ਪਰਮਾਤਮਾ ਨਾਲ ਬਲਾਤਕਾਰ ਕਰਦਾ ਹੈ ?
- ਕੀ ਪਰਮਾਤਮਾ ਹੀ ਪਰਮਾਤਮਾ ਨਾਲ ਠੱਗੀ ਧੋਖਾ ਕਪਟ ਫਰੇਬ ਕਰਦਾ ਹੈ?
- ਜੇ ਕਰਦਾ ਹੈ ਤਾਂ ਫਿਰ ਉਹ ਕੇਹਾ ਪਰਮਾਤਮਾ ਹੈ?
- ਜੇ ਨਹੀਂ ਤਾਂ ਫਿਰ ਓਹ ਕੇਹਾ ਪਰਮਾਤਮਾ ਹੈ ਜੋ ਇਹ ਸਭ ਹੋਣ ਦੇਂਦਾ ਹੈ?

ਪਰਮਾਤਮਾ ਨੇ ਮਨੁੱਖ ਨੂੰ ਸਿਰਜਿਆ ?ਕਿ ਮਨੁੱਖ ਨੇ ਪਰਮਾਤਮਾ ਨੂੰ ਸਿਰਜਿਆ? ਏਹ ਸਵਾਲ ਪਹਿਲੋਂ ਕੁੱਕੜੀ ਕਿ ਪਹਿਲੋਂ ਆਂਡਾ ਵਰਗਾ ਟੇਢਾ ਨਾ ਵੀ ਸਹੀ ਪਰੰਤੂ ਟੇਢਾ ਹੈ ਜ਼ਰੂਰ।

ਹਰ ਧਰਮ ਪ੍ਰਚਾਰਕ ਪਰਲੋਕ ਸੁਧਾਰਣ ਦੀ ਗੱਲ ਕਰਦਾ ਹੈ।ਦ੍ਰਿਸ਼ਟਾਂਤਾਂ ਨਾਲ ਪਰਲੋਕ ਸੁਹੇਲਾ ਕਰਨ ਤੇ ਜ਼ੋਰ ਦੇਂਦਾ ਹੈ। ਪਰਲੋਕ ਦੇ ਲੁਭਾਵਣੇ ਪਰ ਕਾਲਪਨਿਕ ਚਿੱਤਰ ਆਪਣੇ ਭਾਸ਼ਣਾਂ (ਮਾਫ ਕਰਨਾ ਕਥਿਤ ਸਤਸੰਗਾਂ) ਵਿੱਚ ਸ਼ਰਧਾਲੂ ਸਰੋਤਿਆ ਸਾਹਮਣੇ ਖਿੱਚਦਾ ਹੈ। ਕਦੇ ਮਨੋਹਾਰੀ ਸਵਰਗਾਂ ਦੇ ਲਾਰੇ ਦੇਂਦਾ ਹੈ ਕਦੇ ਕੁੰਭੀ ਨਰਕਾਂ ਦੇ ਡਰਾਵੇ ਦੇਂਦਾ ਹੈ।ਧਰਮ ਕਰਮ ਕਰਨ ਲਈ ਜਿਹੜੇ ਸਾਧ ਸ਼ਰਧਾਲੂਆਂ ਨੂੰ ਧਰਮ ਕਰਮ ਕੀਤਿਆਂ ਪਰਲੋਕ ਵਿੱਚ ਜੰਨਤ ਅਤੇ ਹੂਰਾਂ ,ਸਵਰਗ ਅਤੇ ਅਪਸਰਾਵਾਂ ਮਿਲਣ ਦੇ ਲਾਲਚ ਦੇਂਦੇ ਨੇ ਓਹੀ ਸਾਧ ਇਸ ਲੋਕ ਵਿੱਚ ਕਾਮ ਉੱਤੇ ਕਾਬੂ ਰੱਖਣ ਦੀ ਮੱਤ ਦੇਂਦੇ ਹਨ; ਜਿਵੇਂ, ਇਸ ਲੋਕ ਵਿੱਚ 'ਕਾਮ' ਪਾਪ ਹੋਵੇ (ਫਿਰ ਸ਼ਰਧਾਲੂਆਂ ਨੂੰ ਹੂਰਾਂ ਅਤੇ ਅਪਸਰਾਵਾਂ ਦੇ ਸੁਫਨੇ ਕੀ ਓਹਨਾਂ ਕੋਲੋਂ ਰੱਖੜੀ ਬੰਨਵਾਉਣ ਲਈ ਵਿਖਾਏ ਜਾਂਦੇ ਹਨ)। ਇਹ ਲੈਕਚਰ-ਸਾਧ ਏਥੇ ਤਿਆਗ ਤਿਆਗ ਤਿਆਗ ਦਾ ਲਗਾਤਾਰ ਉਪਦੇਸ਼ ਕਰਦੇ ਰਹਿੰਦੇ ਹਨ ਪਰੰਤੂ ਇਹਨਾਂ 'ਤਿਆਗੀਆਂ' ਦੇ ਆਪਣੇ ਅਨੇਕਾਂ ਅਨੇਕ ਭੌਤਿਕ ਸੁੱਖ ਸੁਵਿਧਾਵਾਂ ਨਾਲ ਲੈਸ

ਡੇਰੇ ਉਸਰਦੇ ਰਹਿੰਦੇ ਹਨ।

ਆਮ ਤਰਕ ਦੇ ਆਧਾਰ ਤੇ ਵੀ ਵੇਖੀਏ ਤਾਂ ਆਪਾਂ ਨੂੰ ਸੋਚ ਆਉਂਦੀ ਹੈ ਕਿ ਕੀ ਤਿਆਗ ਦਾ ਪਾਠ ਸਿਰਫ ਓਹਨਾਂ ਲਈ ਹੀ ਸਹੀ ਹੈ ਜੋ ਸਹੀ ਅਰਥਾਂ ਵਿੱਚ ਕਰਮਯੋਗੀ ਹਨ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣਾ ਪਰਿਵਾਰ ਵੀ ਪਾਲਦੇ ਹਨ ਅਤੇ ਇਹਨਾਂ ਵਰਗੇ ਪਰਜੀਵੀ ਚਿੱਚੜਾਂ ਨੂੰ ਵੀ ਪਾਲਦੇ ਹਨ।

ਕੀ ਇਹਨਾਂ ਪਰਲੋਕ ਸੁਧਾਰ ਦੇ ਠੇਕੇਦਾਰਾਂ ਨੇ ਕਦੇ ਇਸ ਲੋਕ ਬਾਰੇ ਵੀ ਸੋਚਿਆ ਵਿਚਾਰਿਆ ਹੈ। ਸ਼ਾਇਦ ਕਦੇ ਨਹੀਂ , ਤਾਂ ਹੀ ਤਾਂ ਕਦੇ ਕਿਸੇ ਨਾ ਕਿਸੇ 'ਲੋਭ ਮੋਹ ਕਾਮ ਕਰੋਧ ਹੰਕਾਰ' ਮਿਟਾਓ ਮੁਹਿੰਮ ਦੇ 'ਠੇਕੇਦਾਰ ਡੇਰੇਦਾਰ' ਦੇ ਡੇਰੇ ਤੋਂ ਕੁੜੀਆਂ ਗਰਭਦਾਨ ਪ੍ਰਾਪਤ ਕਰਦੀਆਂ ਹਨ। ਕਿਸੇ ਦੇ 'ਗੁੰਡੇ' ਵਿਰੋਧੀ ਧਿਰ ਨਾਲ ਡਾਂਗੋ-ਸੋਟੇ ਹੋਣੇ ਨਹੀਂ ਟਲਦੇ। ਕੋਈ ਸਰਕਾਰੀ ਸ਼ਹਿ ਤੇ ਨਜਾਇਜ ਕਬਜ਼ੇ ਕਰ ਡੇਰੇ ਉਸਾਰੀ ਜਾਂਦੈ। ਕੋਈ, ਕਿਸੇ ਨਾ ਕਿਸੇ ਬਹਾਨੇ ਮਿਹਨਤ ਕਸ਼ ਦੀ ਮਿਹਨਤ ਉੱਪਰ ਡਾਕੇ ਮਾਰੀ ਜਾਂਦੈ।

ਇਹਨਾਂ ਪਰਜੀਵੀ ਚਿੱਚੜਾਂ ਨੂੰ ਪਰਲੋਕ ਸੁਧਾਰ ਦਾ ਠੇਕਾ ਜਿਵੇਂ ਇਹਨਾਂ ਦੇ ਘੜੇ ਰੱਬ ਦਿੱਤਾ ਹੋਵੇ।

ਇਹ ,ਪਰਲੋਕ ਸੁਧਾਰਣ ਦੇ ਢੰਗ ਤਰੀਕੇ ਬਖਾਨਣ ਲੱਗਿਆਂ ਹਫ਼ਤਿਆਂ ਬੱਧੀ ਭਾਸ਼ਣ ਝਾੜ ਸਕਦੇ ਹਨ; ਝਾੜਨਗੇ ਅਤੇ ਝਾੜਦੇ ਵੀ ਹਨ ਪਰੰਤੂ ਇਸ-ਲੋਕ ਦੇ ਬਾਸ਼ਿੰਦੇ ਕਿਸ ਹਾਲ ਜੀਂਵਦੇ ਨੇ ਇਸ ਨਾਲ ਇਹਨਾਂ ਨੂੰ ਕੋਈ ਬਾਹਲਾ ਸਰੋਕਾਰ ਨਹੀਂ ਹੁੰਦਾ।

ਇਹਨਾਂ ਦੇ ਲੈਕਚਰ ਸੁਣਦੇ ਰਹਿਣ ਵਾਲੇ ਲੋਕਾਂ ਨੂੰ ਇਹ ਬੜੇ ਹੀ ਭਾਵਪੂਰਕ ਢੰਗ ਨਾਲ ਇਹ ਬਲੈਕ ਮੇਲ ਕਰੀ ਜਾਂਦੇ ਹਨ ਅਤੇ ਓਹਨਾਂ ਦੀ ਭਾਵਨਾ ਨੂੰ ਕੈਸ਼ ਕਰਵਾਈ ਜਾਂਦੇ ਹਨ।

ਪਰਲੋਕ ਕਿਸੇ ਨੇ ਵੇਖਿਆ?ਜੇ ਕਿਸੇ ਨੇ ਵੇਖਿਆ ਵੀ ਹੋਵੇਗਾ ਤਾਂ ਓਹ ਦੱਸਣ ਲਈ ਵਾਪਿਸ ਨਹੀਂ ਆਇਆ ਹੋਵੇਗਾ।ਫਿਰ ਇਹ 'ਪਰਲੋਕ ਦੇ ਪ੍ਰਾਪਤੀਕਾਰ/ਪਰਲੋਕ ਦੇ ਨਕਸ਼ਾ ਨਵੀਸ' ਕਿਸ ਪਰਲੋਕ ਦੇ ਕਸੀਦੇ ਪੜ੍ਹਦੇ ਰਹਿੰਦੇ ਨੇ? ਇਹ ਕਿਸ ਪਰਲੋਕ ਲਈ ਆਪਣੇ (ਕਥਿਤ) ਸ਼ਰਧਾਲੂਆਂ ਲਈ ਪਲਾਟ ਕੱਟਦੇ ਫਿਰਦੇ ਹਨ? ਜਦੋਂ ਕਿ ਇਸ ਲੋਕ ਵਿੱਚ ਜਹਾਲਤ ਹੈ ,ਬੀਮਾਰੀ ਹੈ ,ਭੁੱਖ ਹੈ, ਭਿੰਨ-ਭੇਦ ਹੈ, ਜਬਰ ਹੈ, ਜ਼ੁਲਮ ਹੈ, ਗੱਦਾਰੀ ਹੈ ਧੋਖਾ ਹੈ, ਕਪਟ ਹੈ ,ਫਰੇਬ ਹੈ ,ਬੇਚੈਨੀ ਹੈ, ਬੇਈਮਾਨੀ ਹੈ। ਇਹਨਾਂ ਫੋੜਿਆਂ ਦੇ ਵਿਚੋਂ ਮਵਾਦ ਵਗ ਰਿਹੈ ,ਬਦਬੋ ਆ ਰਹੀ ਹੈ ।ਇਹ ਲੈਕਚਰਬਾਜ਼ ਇਹਨਾਂ ਜ਼ਮੀਨੀ ਹਕੀਕਤਾਂ ਤੋਂ ਜਾਣੂ ਹੁੰਦੇ ਹੋਏ ਵੀ ਘੇਸਲੇ ਬਣੇ ਰਹਿੰਦੇ ਨੇ ਓਹ ਨਹੀਂ ਚਾਹੁੰਦੇ ਕਿ ਇਹ ਜ਼ਮੀਨ,'ਇਹਲੋਕ' ਆਪਣੀਆਂ ਸਾਰੀਆਂ ਊਣਤਾਈਆਂ ਤੋਂ ਮੁਕਤ ਹੋ ਜਾਵੇ ਅਤੇ 'ਇਹਲੋਕ' ਇਹੀ ਦੁਨੀਆਂ ,ਅਖੌਤੀ ਸਵਰਗ ਤੋਂ ਸੁਹਣੀ ਹੋ ਜਾਵੇ। ਉਹ ਜਾਣਦੇ ਹਨ, ਜੇਕਰ ਲੋਕਾਂ ਵਿੱਚ ਅਜਿਹੀ ਜਾਗਰੂਕਤਾ ਆ ਗਈ ਤਾਂ ਓਹਨਾਂ ਦੇ ਅੰਬਰਵੇਲ ਵਾਂਗਰ ਫੈਲਦੇ ਡੇਰੇ ਅਤੇ ਓਹਨਾਂ ਦੇ ਰਾਜਨੀਤਕ ਆਕਾਵਾਂ ਲਈ ਜੀ ਹਜ਼ੂਰੀਏ ਮੁੱਕ ਜਾਣਗੇ।

ਇਹ 'ਡੇਰੇ-ਦਾਰ ਲੈਕਚਰਬਾਜ਼' ਤਾਂ ਇਹੀ ਚਾਹੁਣਗੇ ਕਿ ਜਨਤਾ ,ਇਹਨਾਂ ਵੱਲੋਂ ਵੰਡੀ ਜਾਣ ਵਾਲੀ 'ਲੈਕਚਰ ਅਫੀਮ' ਦੀ ਆਦੀ ਬਣੀ ਰਹੇ ,ਗਫਲਤ ਦੀ ਨੀਂਦ ਵਿੱਚ ਸੁੱਤੀ ਰਹੇ ,ਲੁਟੀਂਦੀ ਰਹੇ ,ਕੁਟੀਂਦੀ ਰਹੇ।ਇਸ ਨੂੰ ਲੁੱਟਣ-ਕੁੱਟਣ ਲਈ ਕੀ ਦੇਸੀ ਲੀਡਰ ਅਤੇ ਕੀ ਬਹੁਦੇਸ਼ੀ ਕੰਪਨੀਆਂ ਗੱਲ ਕੀ, ਕੋਈ ਵੀ ਹੋਵੇ ਕੋਈ ਘਾਟ ਨਹੀਂ ਛੱਡਦਾ।

ਆਪਣੀ ਧਰਤੀ ਤੇ ਆਪਣਿਆਂ ਲੋਕਾਂ ਨੂੰ ਆਪਣੇ ਲੋਕ ਹੀ ਕਦੇ ਗੁੜਗਾਵਾਂ ,ਕਦੇ ਨੰਦੀ ਗਰਾਮ ;ਕਦੇ ਕਿਤੇ ,ਕਦੇ ਕਿਤੇ ਛੱਲੀਆਂ ਵਾਂਗਰ ਭੰਨਣ ਕੁੱਟਣ ਤਾਂ ਕੁੱਟਦੇ ਰਹਿਣ

ਇਹਨਾਂ ਦੀ ਸਿਹਤ ਲਈ ਕੋਈ ਅਸਰ ਨਹੀਂ ਕਰਦਾ।

ਹੇ ਰੱਬਾ! (ਜੇ ਤੂੰ ਹੈਂ ਕਿਤੇ? ) ਸਾਡੇ ਤੇ ਮਿਹਰ ਕਰ। ਸਾਡੇ ਲੋਕਾਂ ਨੂੰ ਇਸ-ਲੋਕ ਦੇ ਸਾਰੇ ਫੋੜੇ ਸਾਫ ਕਰ ਸਕਣ ਦੀ ਤਾਕਤ ਬਖ਼ਸ਼ ਅਤੇ ਨੂਰ ਦੇ ਮੀਨਾਰ ਭਗਤ ਸਿੰਘ ਦੇ ਵਿਚਾਰਾਂ ਨੂੰ ਹਰ ਘਰ ਤੱਕ ਪਰਚਾਰਣ ਵਾਲਾ ਸੰਯੋਗ ਬਣਦਾ ਰਹੇ ਤਾਂ ਹੀ (ਅਖੌਤੀ) ਸੁਰਗੋਂ ਸੁਹਣੇ ਇਸ ਲੋਕ ਦਾ ਨਿਰਮਾਣ ਸੰਭਵ ਹੈ।

*

# ਸੇਵਾ

ਸੇਵਾ ਬਾਰੇ ਵੀ ਕਾਫੀ ਕੁਝ ਵੇਖਣ, ਪੜ੍ਹਨ, ਸੁਣਨ ਨੂੰ ਲੱਭਦਾ ਹੈ। ਚੁਫੇਰੇ ਨਜ਼ਰ ਦੁੜਾਇਆਂ ਅਨੇਕ ਕਿਸਮ ਦੇ ਭਾਂਤ ਸੁਭਾਂਤੇ ਸੇਵਾ ਕਰਨ ਵਾਲੇ ਵੀ ਬਹੁਗਿਣਤੀ ਵਿੱਚ ਦਿੱਸ ਪੈਂਦੇ ਹਨ।

ਇਹਨਾਂ ਸੇਵਕਾਂ ਵਿੱਚੋਂ ਕੁਝ ਵੰਨਗੀਆਂ ਬਾਬਤ ਆਪਣੇ ਅਨੁਭਵ ਆਪ ਪਾਠਕਾਂ ਨਾਲ ਸਾਂਝਿਆਂ ਕਰ ਕੇ ਮੈਂ ਆਪਣੀ ਗੱਲ ਅੱਗੇ ਤੋਰਣ ਦੀ ਖੁਸ਼ੀ ਲਵਾਂਗਾ।

ਆਪਾਂ, ਗਊ ਮਾਤਾ ਦੇ ਸੇਵਕਾਂ ਤੋਂ ਆਰੰਭ ਕਰਦੇ ਹਾਂ ।ਨਗਰ ਨਗਰ ਵਿੱਚ ਗਊ ਮਾਤਾ ਦੇ ਸੇਵਕਾਂ ਵੱਲੋਂ ਗਊਸ਼ਾਲਾ ਖੋਲ੍ਹੀਆਂ ਗਈਆਂ ਹਨ ਪਰ ਗਊਆਂ ਫਿਰ ਵੀ ਰਾਹ ਖਹਿੜੇ ਰੁਲਦੀਆਂ ਮਿਲਦੀਆਂ ਹਨ।

ਕੂੜੇ ਵਿੱਚ ਮੂੰਹ ਮਾਰਦੀਆਂ ਗਊ ਮਾਤਾਵਾਂ ਨਾਲ ਸ਼ਾਇਦ ਇਹਨਾਂ 'ਗਊਮਾਤਾ ਦੇ ਗਊਸ਼ਾਲਾ ਵਾਲੇ ਸੇਵਕਾਂ' ਦਾ ਕੋਈ ਨਾਤਾ ਨਹੀਂ। ਗਊਸ਼ਾਲਾ ਅੰਦਰ ਵੀ ਦੁੱਧ ਦੇਣ ਵਾਲੀਆਂ ਗਊਆਂ ਨੂੰ ਵਧੇਰੇ ਸੇਵਾ ਸੰਭਾਲ ਮਿਲਦੀ ਹੈ।

ਗਊਸ਼ਾਲਾ ਦੇ ਨਾਂ ਹੇਠ ਕਿਸ ਦੀ ਸੇਵਾ ਕੌਣ 2 ਕਿਵੇਂ ਕਿਵੇਂ ਕਰਦਾ ਹੈ ਜਾਂ ਕਰ ਸਕਦਾ ਹੈ ਇਹ ਸ਼ੋਧ ਦਾ ਵਿਸ਼ਾ ਹੈ ਇਸ ਤੇ ਪੀ. ਐਚ. ਡੀ. ਕੀਤੀ ਜਾ ਸਕਦੀ ਹੈ।

ਇਸ ਤੋਂ ਉਪਰਤ 'ਗੁਰੂ ਘਰ' ਦੇ ਸੇਵਕਾਂ ਦੇ 'ਦਰਸ਼ਨ' ਹੁੰਦੇ ਹਨ। ਆਪਣੇ ਸਮਾਜ ਵਿੱਚ ਧਾਰਮਿਕ ਸਥਾਨਾਂ ਦੀ ਜੋ ਅਹਿਮੀਅਤ ਹੈ ਓਹ ਕਿਸੇ ਵੀ ਜਾਣ ਪਛਾਣ ਦੀ ਮੁਥਾਜ ਨਹੀਂ।

ਬਦਲਦੇ ਵੇਲਿਆਂ ਦੇ ਨਾਲ ਸਭ ਭਾਵਨਾਵਾਂ ਬੜੀ ਤੇਜ਼ੀ ਨਾਲ ਸੁਆਰਥ ਦੇ ਅੰਨੇ ਖੂਹ ਵਿੱਚ ਡਿੱਗਦੀਆਂ ਪਈਆਂ ਹਨ। ਸਮਾਜ ਵਿੱਚ ਅਨੇਕ ਪ੍ਰਕਾਰ ਦੇ 'ਗੁਰੂ ਘਰ ਸੇਵਕ' ਲੱਭ ਪੈਣਗੇ ਪਰੰਤੂ ਕਦੇ ਓਹ 'ਗੁਰੂ ਘਰ ਸੇਵਕ' ਧਾਰਮਿਕ ਜਿਹੇ ਲੱਗਣ ਵਾਲੇ ਜੀਅ ਆਪਣੀ ਆਤਮਾ ਦੇ ਸ਼ੀਸ਼ੇ ਸਾਹਮਣੇ ਖੜੋ ਕੇ ਵੇਖਣ ਤਾਂ ਓਹਨਾਂ ਨੂੰ ਆਪਣੀ ਆਤਮਾਂ ਤੇ ਲੱਗੇ ਦਾਗ ਦਿੱਸਣਗੇ।

ਧਾਰਮਿਕ ਸਮਾਜ ਨੂੰ ਇਹ ਪੜ੍ਹ ਕੇ ਬੜਾ ਕਰੋਧ ਆਵੇਗਾ ਕਿ ਜਿੰਨੇ ਵੀ ਅਨੈਤਿਕ ਕਾਰਜ ਦੁਨੀਆਂ ਭਰ ਵਿੱਚ ਹੁੰਦੇ ਹੋਏ ਹਨ ਓਹਨਾਂ ਵਿੱਚੋਂ(ਅਖੌਤੀ) ਧਾਰਮਿਕ ਬਿਰਤੀ ਵਾਲੇ ਜੀਆਂ ਦੀ ਪ੍ਰਤੀਸ਼ਤ ਲੋੜ ਤੋਂ ਵੱਧ ਹੈ।

ਅੱਜ ਗਿਰਾਵਟ ਦੀ ਹੱਦ ਇਹ ਕਿ ਕਈ ਮੁੱਲਾਂ /ਭਾਈ/ ਪਾਦਰੀ /ਪੁਜਾਰੀ / ਪੰਡੇ ਵੀ ਅਨੈਤਿਕ ਕੰਮਾਂ ਵਿੱਚ ਸਿਰਕੱਢ ਹਿੱਸਾ ਪਾ ਰਹੇ ਹਨ। ਇਹ ਪਰਜੀਵੀ ਕਿਰਮ ਹਰ ਕਿਸਮ ਦਾ ਪਰਦੂਸ਼ਣ ਘਟਾਉਣ ਦੀ ਜਗ੍ਹਾ ਤੇ ਵਧਾ ਰਹੇ ਨੇ ।ਇਹਨਾਂ ਸਭਨਾਂ ਦਾ ਕਰਮ ਗੁਰੂ ਘਰਾਂ ਦੀ ਸੇਵਾ ਹੀ ਨਹੀਂ ਰਿਹਾ ਇਹ ਹੁਣ ਕਰਿੰਦੇ ਬਣ ਗਏ ਨੇ; ਜ਼ਿਹਨਾਂ ਤੋਂ ਹੀਣੇ, ਸਿਰਫ 'ਆਪਣੇ ਰੰਗ ਰੰਗੇ ਸਿਰਾਂ' ਦੀ ਗਿਣਤੀ ਵਧਾਉਣ ਵਾਲੇ ਕਰਿੰਦੇ।

ਕਿਸੇ ਵੀ ਧਰਮ ਨੇ ਜਿਹੜਾ ਪਾਠ ਨਹੀਂ ਪੜ੍ਹਾਇਆ ਓਹ ਪਾਠ ਇਹ ਕਰਿੰਦੇ ਪਰਚਾਰਦੇ ਹਨ। ਕਿਸੇ ਵੀ ਧਰਮ ਦੀ ਸਿੱਖਿਆ ਪੜ੍ਹ ਲਓ ਸਭ ਕਹਿੰਦੇ ਨੇ ਕਿ ਇਨਸਾਨ ਇਨਸਾਨ ਨੂੰ ਪਿਆਰ ਕਰੇ। ਸਭ ਵੰਡ ਕੇ ਖਾਣ ਦੀ ਹਿਦਾਇਤ ਕਰਦੇ ਨੇ।

-ਸਨਾਤਨ ਧਰਮ ਵਿੱਚ 'ਵਿਸ਼ਵ ਇੱਕ ਕੁਟੁੰਬ' ਹੈ ਦਾ ਉਪਦੇਸ਼ ਲੱਭਦਾ ਹੈ।

-ਮੁਸਲਮਾਨ, ਆਪਣੀ ਪ੍ਰਾਰਥਨਾ ਵਿੱਚ ਰੱਬ-ਉਲ-ਆਲਮੀਨ ਨੂੰ ਯਾਦ ਕਰਦੇ ਨੇ ਕਿ ਰੱਬ ਸਾਰੀ ਦੁਨੀਆਂ ਦਾ ਹੈ ।

-ਸਿੱਖ ਮਤ ਵੀ ਸਰਬਤ ਦੇ ਭਲੇ ਦੀ ਬਾਤ ਪਾਉਂਦਾ ਹੈ।

-ਈਸਾਈ ਗਾਡ-ਇਜ਼-ਵਨ ਪੜ੍ਹਦੇ ਹਨ

ਪਰ ਕੀ ਸਭ ਇਸ ਦੀ ਪਰਵਾਹ ਕਰਦੇ ਹਨ?ਸ਼ਾਇਦ ਨਹੀਂ। ਇਨਸਾਨੀਅਤ ਨੂੰ ਪਿਆਰ ਕਰਨ ਦੀ ਮੱਤ ਹਰ ਮਤ ਵਿੱਚ ਹੈ ਪਰੰਤੂ ਗੈਰਮਜ਼ਹਬ ਦੇ ਲੋਕਾਂ ਨਾਲ ਪਿਆਰ ਤਾਂ ਦੂਰ ਇਹ ਧਰਮਾਂ ਵਾਲੇ ਸੇਵਕ ਸ਼ਾਇਦ ਦੂਸਰੇ ਰੰਗ ਦਾ ਝੰਡਾ ਤੱਕ ਵੇਖਣਾ ਪਸੰਦ ਨਹੀਂ ਕਰਦੇ।ਹਰ ਕਿਸੇ ਦੀ ਧੁਰ ਅੰਦਰ ਤੱਕ ਦੀ ਇੱਛਾ ਏਹੀ ਹੁੰਦੀ ਹੈ ਕਿ ਓਹਨਾਂ ਤੋਂ ਬਿਨਾਂ ਹੋਰ ਕਿਸੇ ਦਾ ਝੰਡਾ ਨਾ ਰਹੇ, ਕਿਸੇ ਦੀ 'ਝੰਡੀ' ਨਾ ਰਹੇ। ਪੂਰੀ ਦੁਨੀਆਂ ਨੂੰ ਇਹ ਸੇਵਾਦਾਰ ਦੋਂਹ ਧੜਿਆਂ ਵਿੱਚ ਵੰਡ ਬੈਠੇ ਹਨ। ਇੱਕ ਨੂੰ ਇਹ ਨਾਸਤਿਕ ਕਹਿ ਕਹਿ ਭੰਡਦੇ ਹਨ ਦੂਜੇ ਨੂੰ ਆਸਤਿਕ ਕਹਿ ਕਹਿ ਕੇ ਵਡਿਆਉਂਦੇ ਹਨ।

ਇਹਨਾਂ ਦੀ ਜਾਚੇ ਜਿਹੜਾ ਇਹਨਾਂ ਸੇਵਾਦਾਰਾਂ ਵੱਲੋਂ ਵੰਡੀ ਜਾਣ ਵਾਲੀ ਧਾਰਮਿਕ ਉਨਮਾਦ ਪੈਦਾ ਕਰਨ ਵਾਲੀ ਅਫੀਮ ਸਿਰ ਮੱਥੇ ਲਗਾ ਕੇ ਛਕ ਜਾਂਦਾ ਹੈ ਓਹ ਆਸਤਿਕ ਹੈ, ਪਰ ਜੇ ਕੋਈ ਇਸ ਨਸ਼ੇ ਦਾ ਆਦੀ ਹੋਣ ਤੋਂ ਨਾਂਹ ਕਰ ਦੇਂਦਾ ਹੈ ਅਤੇ ਹਰ ਵਿਚਾਰ ਨੂੰ ਤਰਕ ਦੀ ਸਾਣ ਤੇ ਲਗਾਏ ਬਿਨਾ,ਵਿਚਾਰੇ ਬਿਨਾਂ ਗ੍ਰਹਿਣ ਨਹੀਂ ਕਰਦਾ ਓਹ ਨਾਸਤਿਕ ਹੈ। ਇਹ ਲਿਖਤ ਪੜ੍ਹਨ ਵਾਲੇ ਸ਼ਾਇਦ ਮੇਰੇ ਤੇ ਵੀ ਨਾਸਤਿਕ ਦਾ ਠੱਪਾ ਲਗਾ ਦੇਣਗੇ।

ਸੇਵਾਦਾਰਾਂ ਦੀ ,ਸੇਵਾ ਕਮਾਉਣ ਵਾਲਿਆਂ ਦੀ ਧੁਰਅੰਦਰੋਂ ਦਿਲੀ ਲੋਚਾ ਹੁੰਦੀ ਕਿ ਓਹਨਾਂ ਵੱਲੋਂ ਕੀਤੀ ਸੇਵਾ ਨੂੰ ਪਹਿਚਾਣ ਮਿਲੇ, ਪਰਚਾਰ ਮਿਲੇ ।ਕੋਈ ਕਿਸੇ ਧਾਰਮਿਕ ਥਾਂ ਦੀ ਉਸਾਰੀ ਲਈ ਵਿਤ ਮੁਤਾਬਕ ਚੰਦਾ (ਮਾਫ ਕਰਨਾ ਦਾਨ) ਦੇਂਦਾ ਹੈ ਤਾਂ ਚਾਹੁੰਦਾ ਹੈ ਕਿ ਓਹਦਾ ਨਾਂ ਇਸ਼ਤਿਹਾਰ ਵਾਂਗ ਕਿਸੇ ਥਾਂ ਤੇ ਲਿਖ ਦਿੱਤਾ ਜਾਵੇ। ਦਾਨੀ ਸੱਜਣਾ ਵਿੱਚ ਅਪਨਾ ਨਾਮ ਦਰਜ ਕਰਵਾ ਕੇ ਲੋਕਾਂ ਨੂੰ ਜਿਹੜੀ ਖੁਸ਼ੀ ਲੱਭਦੀ ਹੈ ਓਹਦੇ ਵਿੱਚ ਓਨੀ ਖੁਸ਼ੀ ਦਾਨ ਦੇਣ ਦੀ ਨਹੀਂ ਹੁੰਦੀ ਜਿੰਨੀ ਪ੍ਰਚਾਰ ਪ੍ਰਾਪਤ ਕਰਨ ਦੀ ਹੁੰਦੀ ਹੈ।

ਇਹ ਨਹੀਂ ਕਿ ਸੇਵਾ ਭਾਵੀ ਮਹਾਂਪੁਰਖ ਨਹੀਂ ਹੋਏ ਹਨ ;ਪਰ ਕੋਈ ਵਿਰਲਾ ਗੁਰੂ ਪਿਆਰਾ ਭਾਈ ਘਣਈਆ ਜੀ ਬਣ ਕੇ ਨਿੱਤਰਿਆ ਹੈ, ਜਾਂ ਸਾਡੇ ਸਮਿਆਂ ਦਾ ਭਾਈ ਘਣਈਆ ਭਗਤ ਪੂਰਨ ਸਿੰਘ ਬਣ ਕੇ ਵਿਚਰਿਆ ਹੈ।ਮੇਰੇ ਲੱਖ ਸਿਜਦੇ ਓਸ ਹਰ ਇਨਸਾਨ ਨੂੰ ਜੋ ਬਿਨਾਂ ਸੁਆਰਥ ,ਭਗਤ ਪੂਰਨ ਸਿੰਘ ਵਾਂਗਰ ਸੇਵਾ ਧਰਮ ਨਿਭਾ ਰਹੇ ਹਨ ਜਾਂ ਨਿਭਾਉਣ ਦੀ ਤਮੰਨਾ ਕਰਦੇ ਹਨ।

ਸੇਵਾ ਤਾਂ ਹੁੰਦੀ ਹੀ ਖਾਮੋਸ਼ ਰਹਿ ਕੇ ਹੈ।ਕਦੇ ਕਿਸੇ ਵੇਖਿਆ ਬਈ ਸੂਰਜ ਨੇ ਮਸ਼ਹੂਰੀ ਕਰਵਾਈ ਹੋਵੇ ਕਿ ਓਹ ਜੁਗਾਦਿ ਤੋਂ ਰੌਸ਼ਨੀ ਵੰਡ ਰਿਹਾ ਹੈ ਜਾਂ ਕਿਸੇ ਨੇ ਫੁੱਲਾਂ ਵੱਲੋਂ ਦਿੱਤਾ ਇਸ਼ਤਿਹਾਰ ਪੜ੍ਹਿਆ ਹੋਵੇ (?)ਓਹ ਵੀ ਤਾਂ ਮਹਿਕ ਲੁਟਾਉਣ ਦੀ ਸੇਵਾ ਯੁੱਗੜਿਆਂ ਤੋਂ ਕਰਦੇ ਆ ਰਹੇ ਹਨ।ਇਹ ਪਵਨ ,ਪਾਣੀ, ਧਰਤ, ਆਕਾਸ਼, ਅਗਨ, ਬਨਸਪਤੀ ,ਪੌਦੇ ਫੁੱਲ, ਕਾਇਨਾਤ ਸੇਵਕ ਹੈ।ਆਪੋ-ਆਪਣੀ ਸਮਰੱਥਾ ਮੁਤਾਬਕ

ਇਹ ਇੱਕ ਦੂਜੇ ਦੀ ਸੇਵਾ ਕਰਦੇ ਰਹਿੰਦੇ ਹਨ ਅਤੇ ਮਨੁੱਖਤਾ ਦੀ ਵੀ ਸੇਵਾ ਕਰਦੇ ਰਹਿੰਦੇ ਹਨ ਪਰ ਚੁੱਪਚਾਪ।

ਮਿੱਤਰੋ! ਸੇਵਾ ਪਰਚਾਰ ਦਾ ਹਥਿਆਰ ਨਹੀਂ ਹੈ ਅਤੇ ਨਾ ਹੀ ਹੋਣੀ ਚਾਹੀਦੀ ਹੈ। ਜਿਵੇਂ ਖੁਸ਼ਬੋ, ਰੌਸ਼ਨੀ ਅਤੇ ਖੂਬਸੂਰਤੀ ਨੂੰ ਪਰਚਾਰ ਲਈ ਕਿਸੇ ਠੁੰਮਣੇ ਦੀ ਲੋੜ ਨਹੀਂ ਹੁੰਦੀ ਓਸਦਾ ਪਰਚਾਰ ਪਰਸਾਰ ਨਿਰੰਤਰ ਰਹਿੰਦਾ ਹੈ ਓਸਦੇ ਵੱਲ ਖਿੱਚ ਲਗਾਤਾਰ ਵਧਦੀ ਰਹਿੰਦੀ ਹੈ।

ਜੇ ਸੇਵਾ ਕਰਨੀ ਹੈ ਤਾਂ ਰੰਗ ,ਖੁਸ਼ਬੋ, ਰੌਸ਼ਨੀ ਦੇ ਵਾਂਗ ਕੀਤੀ ਜਾਵੇ।

*

# ਬਿਰਖ, ਕਲਮਾਂ ਤੇ ਕੁਰਸੀਆਂ

ਦੁਨੀਆਂ ਦੇ ਵਿੱਚ ਤਿੰਨ ਧੜੇ ਨੇ
ਬਿਰਖ, ਕਲਮਾਂ ਤੇ ਕੁਰਸੀਆਂ।
ਇੱਕ ਦੂਜੇ ਆਸਰੇ ਖੜੇ ਨੇ
ਬਿਰਖ, ਕਲਮਾਂ ਤੇ ਕੁਰਸੀਆਂ।
ਇੱਕ ਦੂਜੇ ਦੇ ਅੰਦਰ ਵੜੇ ਨੇ
ਬਿਰਖ ,ਕਲਮਾਂ ਤੇ ਕੁਰਸੀਆਂ।
ਇਕੱਠੇ ,ਤਾਂ ਵੀ ਜੁਦਾ ਖੜੇ ਨੇ
ਬਿਰਖ, ਕਲਮਾਂ ਤੇ ਕੁਰਸੀਆਂ।
ਬਿਰਖ, ਧਰਮ ਨਿਭਾਉਂਦੇ ਆਪਣਾ ਮੌਨ ਖੜੇ,
ਡਾਕੂ ਹੋਵੇ ਸਾਧੂ ਹੋਵੇ ਜੋ ਵੀ ਛਾਂਵੇ ਆ ਜਾਵੇ
ਓਸ ਤਾਂਈਂ ਠੰਢਕ ਪਹੁੰਚਾਉਂਦੇ।
ਕਈ ਬਿਰਖ ਕਲਮਾਂ ਤੋਂ ਬਣਦੇ,
ਕਈ ਬਿਰਖਾਂ ਤੋਂ ਬਣਦੀਆਂ ਕਲਮਾਂ ।
ਕਈ ਬਿਰਖਾਂ ਤੋਂ ਬਣੀਆਂ ਕਲਮਾਂ
ਮੁੜ ਅੱਗੇ ਜਾਂ ਬਿਰਖ ਬਣਦੀਆਂ ।
ਬਿਰਖਾਂ ਦੀ ਠੰਡਕ ਨਾ ਵਿਸਰਦੀਆਂ
ਬਿਰਖਾਂ ਖਾਤਿਰ ਲੜਦੀਆਂ ਮਰਦੀਆਂ ਨਾ ਡਰਦੀਆਂ।
ਸਭ ਬਿਰਖਾਂ ਦੀ ਲੋਚਾ ਹੁੰਦੀ ਕਲਮਾਂ ਬਣੀਏ ,ਤਖਤੀ ਬਣੀਏ;
ਤਖਤ ਨਾ ਬਣੀਏ ,ਤਖਤਾ ਨਾ ਬਣੀਏ।
ਸਭ ਬਿਰਖਾਂ ਦੀ ਮਨਸ਼ਾ ਹੁੰਦੀ ਬੂਹੇ ਬਣੀਏ,
ਬਣੀਏ ਥਿੰਦੀਆਂ ਦਹਿਲੀਜ਼ਾਂ ,ਖਿੜਕੀ ਬਣੀਏ
ਪਰ ਫਾਹੀ ਨਾ ਬਣੀਏ।
ਸਭ ਬਿਰਖਾਂ ਦੀ ਲੋਚਾ ਹੁੰਦੀ ਪੰਘੂੜਾ ਬਣੀਏ ,
ਡੋਲੀ ਬਣੀਏ,
ਸਿੜ੍ਹੀ ਨਾ ਬਣੀਏ, ਮੜ੍ਹੀ ਨਾ ਬਣੀਏ।
ਪਰ ਹੋਣੀ ,ਕਿਸਮਤ, ਕੁਝ ਵੀ ਆਖੋ,
ਜਦ ਬਿਰਖਾਂ ਚੋਂ ਕੁਰਸੀਆਂ ਅੱਜਕੱਲ ਜਨਮ ਲੈਂਦੀਆਂ ।
ਤਖ਼ਤਾਂ, ਤਖਤਿਆਂ,

ਫਾਹੀਆਂ ਸਿੜ੍ਹੀਆਂ ,ਮੜ੍ਹੀਆਂ ਦੀ ਲੁੱਢੀ ਪੈਂਦੀ।

*

# ਪੈਰ

ਕੁਦਰਤ ਬੜੀ ਕਾਰਸਾਜ਼ ਹੈ। ਓਸ ਨੇ ਦ੍ਰਿਸ਼ਟੀ ਰਚਨਾ ਕਰਦਿਆਂ ਤਮਾਮ ਨੁਕਤਿਆਂ ਦਾ ਭਲੀਂ ਭਾਂਤ ਧਿਆਨ ਰੱਖਿਆ ਹੈ।ਕੁਦਰਤ ਬੇਸ਼ੱਕ ਆਪਣਾ ਸਮਤੋਲ ਬਣਾ ਕੇ ਰੱਖਣ ਵਿੱਚ ਸਮਰੱਥ ਹੈ ਪਰ ਇਨਸਾਨ ਬਣਾ ਕੇ ਸ਼ਾਇਦ ਰਚਨਹਾਰਾ ਵੀ ਸੋਚੀਂ ਪੈ ਗਿਆ ਹੋਵੇ ਕਿ ਮੈਂ ਆਹ ਕੀ ਕਰ ਬੈਠਾ?ਆਦਿ ਤੋਂ ਅੱਜਤੱਕ ਇਹ ਦੋ ਪੈਰਾਂ ਵਾਲਾ ਜਨੌਰ (ਮਨੁੱਖ) ਓਸ ਰਚਨਹਾਰੇ ਦੀ ਸਮਝ ਵਿੱਚ ਨਹੀਂ ਆਇਆ।

ਇਸ ਮਨੁੱਖ ਦੇ 'ਪੈਰ', ਜੋ ਕਦੇ ਕੰਡਿਆਂ-ਪੱਥਰਾਂ ਨਾਲ ਲਹੂ ਲੁਹਾਨ ਹੁੰਦੇ ਸਨ ਅੱਜ ਓਹ ਪੁਲਾੜਾਂ ਵਿੱਚ ਭੌਂਦੇ ਅਤੇ ਸਾਗਰਾਂ ਦੀਆਂ ਤਲ ਹੱਟੀਆਂ ਨੂੰ ਗਾਹੁੰਦੇ ਹਨ ਪਰ ਮਾਨਵ ਏਡਾ ਖੁਦਗਰਜ਼ ਜਿਹਾ ਹੈ ਕਿ ਜਿਹੜੇ ਪੈਰਾਂ ਦੇ ਆਸਰੇ ਇਹ ਅੰਬਰ/ਸਾਗਰ/ ਮਾਰੂਥਲ ਗਾਹੁੰਦੈ ਓਸੇ ਤੋਂ ਇਹ ਲਾਪ੍ਰਵਾਹ ਰਹਿੰਦਾ ਆਇਆ ਹੈ। ਇਸ ਆਪਣੇ 'ਸਿਰਾਂ' ਦੇ ਤਾਜ ਪਹਿਨਣ ਲਈ ਕਈਆਂ ਦੇ 'ਸਿਰਾਂ' ਨੂੰ ਆਪਣੇ ਪੈਰੀਂ ਰੋਲਿਆ ਪਰ ਪੈਰਾਂ ਨੂੰ ਫਿਰ ਵੀ ਨਹੀਂ ਗੌਲਿਆ ਹੈ। ਇਸ 'ਡੌਲਿਆਂ' ਨੂੰ ਵੇਖਿਆ ਹੈ ,ਓਹਨਾਂ ਤੇ ਬਾਜੂਬੰਦ ਸਜਾਏ ਨੇ। ਏਸ ਨੇ ਆਪਣੇ ਮੁੱਖੜੇ ਵੱਲ ਵੇਖਿਆ, ਓਸ ਤੇ ਚੰਦਨ ਤਿਲਕ ਸਜਾਏ ਨੇ ਪਰ ਪੈਰਾਂ ਨੂੰ ਹਮੇਸ਼ਾ 'ਛਿੱਤਰ' ਹੀ ਨਸੀਬ ਹੋਏ ਹਨ।

ਕਿਸੇ ਮਕਾਨ ਦਾ ਨਿਰਮਾਣ ਹੋਣਾ ਹੋਵੇ ਤਾਂ ਮਿੱਟੀ ਦੀ ਤੂੜੀ ਸੰਗ ਘਾਣੀ ਏਹ ਪੈਰ ਹੀ ਕਰਦੇ ਹਨ 'ਹੱਥ' ਇੱਟ ਪੱਥਰ ਚਿਣਦੇ ਹਨ 'ਮੂੰਹ' ਸਿਰਫ ਨਿਰਦੇਸ਼ ਦੇਂਦੇ ਹਨ। ਪੂਰੇ ਤਨਬਦਨ ਦਾ ਭਾਰ ਇਹੀ ਪੈਰ ਜਰਦੇ ਹਨ ,ਫਿਰ ਵੀ ਇਹਨਾਂ ਲਈ ਛਿੱਤਰ ਹੀ ਸਰਦੇ ਹਨ।

ਰਤਾ ਸੋਚੋ, ਜੇ ਪੈਰ ਨਾ ਹੋਣ ਤਾਂ ਕੀ ਬਣੇ ਦੁਨੀਆਂ ਦਾ

!?!!?!?!?!?!?!?!?!?!?!?!?!?!

*

# ਪਾਰਾ,ਜੋ ਗਿੱਟੀਂ ਬੈਠਾ

-ਸੋਲਵੀਂ ਸ਼ਤਾਬਦੀ ਦੇ ਆਰੰਭ ਦਾ ਭਾਰਤ, ਬਾਬਰ ਦੇ ਘੋੜੇ ਕਿਸੇ ਖੇਤ ਵਿੱਚ ਜਾ ਵੜੇ ਅਤੇ ਉਜਾੜਾ ਕਰਨ ਲੱਗੇ, ਨਾਲ ਦੇ ਖੇਤ ਵਿੱਚ ਇੱਕ ਕਿਸਾਨ ਨਿਰਲੇਪ ਭਾਵ ਨਾਲ ਕੰਮ ਕਰਦਾ ਰਿਹਾ ।ਓਸ ਉੱਪਰ ਉਸ ਉਜਾੜੇ ਦਾ ਕੋਈ ਅਸਰ ਨਹੀਂ ਸੀ ਦਿੱਸਦਾ।ਬਾਬਰ ਨੂੰ ਇਹ ਵਰਤਾਰਾ ਵੇਖ ਕੇ ਉਤਸੁਕਤਾ ਹੋਈ ।ਓਸਨੇ ਆਪ ਜਾ ਕੇ ਓਸ ਕਿਸਾਨਾਂ ਨੂੰ ਪੁੱਛਿਆ, "ਘੋੜੇ ਖੇਤਾਂ ਦਾ ਉਜਾੜਾ ਕਰਦੇ ਪਏ ਨੇ ,ਤੈਨੂੰ ਰਤਾ ਤਰੇਲੀ ਨਹੀਂ ਆਈ?"

ਕਿਸਾਨ ਦਾ ਬੜਾ ਸੰਖੇਪ ਜਿਹਾ ਉੱਤਰ ਸੀ: ਓਹ ਕਿਹੜਾ ਮੇਰੇ ਨੇ, ਮੈਨੂੰ ਕੀ? ਦੂਰ ਅੰਦੇਸ਼ ਬਾਬਰ ,ਇੱਕ ਕਿਸਾਨ ਦੀ ਮਾਨਸਿਕਤਾ ਤੋਂ ਹੀ ਪੂਰੀ ਮੁਲਕ ਦੀ ਮਾਨਸਿਕਤਾ ਸਮਝ ਗਿਆ। ਨਤੀਜਾ ਸੈਂਕੜੇ ਸਾਲ ਤੋਂ ਅਸੀਂ ਗੁਲਾਮ ਹੀ ਤੁਰੇ ਆਉਂਦੇ ਹਾਂ ਅਸੀਂ ਕੱਲ੍ਹ ਵੀ ਗੁਲਾਮ ਸੀ ਅਸੀਂ ਅੱਜ ਵੀ ਗੁਲਾਮ ਹਾਂ।

ਸਾਨੂੰ ਕੀ?!ਇਹ ਦੋ ਸ਼ਬਦ ਲਾਪਰਵਾਹੀ ਦਾ ਪਰਲਾ ਸਿਰਾ ਹਨ। ਇਹਨਾਂ ਦੋ ਸ਼ਬਦਾਂ ਦੀ ਮਾਨਸਿਕਤਾ ਦਾ ਪਾਰਾ ਸਾਡੇ ਪੂਰੇ ਦੇਸ਼ ਸਮਾਜ ਸੱਭਿਆਚਾਰ ਦੇ ਗਿੱਟਿਆਂ'ਚ

ਬੈਠਿਆ ਅਤੇ ਤਰੱਕੀ ਦੀ ਦੌੜ ਵਿੱਚੋਂ ਸਾਡਾ ਦੇਸ਼ ਪੱਛੜ ਗਿਆ । ਗੰਠੀਏ ਮਾਰੇ ਗਿੱਟਿਆਂ ਵਾਲਾ ਮੇਰਾ ਦੇਸ਼ ਕਿੱਦਾਂ ਤੇਜ਼ ਰਫ਼ਤਾਰ ਤੁਰ ਸਕੇ ਦੌੜ ਸਕੇ,ਇਸ ਦੇ ਉਪਰਾਲਿਆਂ ਦੀ ਲੋੜ ਹੈ। ਮੇਰਾ ਦੇਸ਼,ਹਜ਼ਾਰਾਂ ਸਾਲ ਦੀ ਉਮਰ ਦਾ ਅਜਿਹਾ ਬੁੱਢੜਾ ਦੇਸ਼ ਹੈ ਜਿਸ ਕੋਲ ਵਹਿਮਾਂ ਦੀ ,ਭਰਮਾਂ ਦੀ ;ਮਨ ਭੇਦ ,ਮਤ ਭੇਦ ਵਾਲੀ ਪੰਡ ਹੈ।ਇਸ ਦੇ ਰਗ ਰਗ ,ਰੋਮ ਰੋਮ ,ਜੋੜ ਜੋੜ ਵਿੱਚ 'ਸਾਨੂੰ ਕੀ' ਦਾ ਪਾਰਾ ਬੈਠਾ ਹੈ। ਇਸ ਦੇ ਸਾਥੀ ਤਰੱਕੀ ਦੀ ਦੌੜ ਵਿੱਚ ਇਸ ਨਾਲੋਂ ਕਿੰਨੀ ਹੀ ਅੱਗੇ ਚਲੇ ਗਏ ਹਨ। ਇਹ ਬੁੱਢੜਾ ਬਾਬਾ , ਜੋ ਭਾਰਤ ਹਿੰਦੁਸਤਾਨ ਜਾਂ ਇੰਡੀਆ ਦੇ ਨਾਂ ਨਾਲ ਜੱਗ ਪ੍ਰਸਿੱਧ ਹੈ। ਅੱਜ ਇਸ ਦੇ ਪੁੱਤਰਾਂ ਧੀਆਂ ਦੀ ਗਿਣਤੀ ਸਵਾ ਸੌ ਕਰੋੜ ਹੈ ।ਇਸ ਕੋਲ ਬੇਅੰਤ ਖਣਿਜ ਭੰਡਾਰ ਬੇਅੰਤ ਕੁਦਰਤੀ ਸੋਮੇ ਹਨ ਲੇਕਿਨ ਇਸ ਬੁੱਢੜੇ ਬਾਬੇ ਦੇ ਝੱਗੇ ਨੂੰ ਟਾਕੀਆਂ ਹੀ ਨਸੀਬ ਹਨ।ਇਸ ਤੰਗ ਹਾਲੀ ਦਾ ਕਾਰਨ ਵੀ ਸ਼ਾਇਦ ਏਹੀ 'ਸਾਨੂੰ ਕੀ' ਵਾਲਾ ਪਾਰਾ ਹੀ ਤਾਂ ਹੈ।

ਇਸ 'ਸਾਨੂੰ ਕੀ' ਵਾਲੇ ਅੰਬਰਵੇਲ ਨੇ ਬੁੱਢੇ ਪਿੱਪਲ ਜਿਹੇ ਭਾਰਤ ਦੇਸ਼ ਨੂੰ ਸੁੱਕ-ਮਰੁੰਡ ਕਰ ਦਿੱਤਾ ਹੈ।

ਲੋੜ ਹੈ ਇਸ ਜ਼ਹਿਰੀਲੀ ਅੰਬਰਵੇਲ ਦਾ ਇਲਾਜ ਟੋਲਣ ਦੀ।

*

# ਬੰਦਾ ਸਿਰਜਕ ਰੱਬ ਜਾਂ ਫਿਰ...

-ਖ਼ੂਬਸੂਰਤੀ ਕਿਸੇ ਚਿਹਰੇ ਵਿੱਚ ਨਹੀਂ ਹੁੰਦੀ ਬਲਕਿ ਵੇਖਣ ਵਾਲੇ ਦੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਅੰਦਰ ਹੁੰਦੀ ਹੈ।

ਇਹ ਨਿਰੋਲ ਸੱਚ ਹੈ, ਹਰ ਕਿਸੇ ਦੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਭਿੰਨ-ਭਿੰਨ ਹੁੰਦੇ ਹਨ। 'ਰੱਬ' ਬਾਰੇ ਵੀ ਕੁਝ ਅਜਿਹੇ ਵਾਦ ਵਿਵਾਦ ਉਪਜਦੇ ਪਸਰਦੇ ਹਨ ਜੋ ਕਿ ਅੱਡੋ-ਅੱਡ ਦ੍ਰਿਸ਼ਟੀ ਅਤੇ ਦ੍ਰਿਸ਼ਟੀ ਕੋਣ ਤੇ ਆਧਾਰਿਤ ਹੁੰਦੇ ਹਨ।

ਕੁਝ ਦਾ ਦ੍ਰਿਸ਼ਟੀ ਕੌਣ ਹੈ ਕਿ ਰੱਬ ਸਰਬ ਵਿਆਪਕ ਹੈ ਸੱਚ ਹੈ ਅਨਾਦਿ ਹੈ ਅਨੰਤ ਹੈ ਸਰਬ ਸ਼ਕਤੀਮਾਨ ਹੈ। ਓਹ ਸਭ ਕੁਝ ਕਰ ਰਿਹਾ ਹੈ ਓਹੀ ਜੜ-ਚੇਤਨ ਅੰਦਰ ਵਿਚਰ ਰਿਹਾ ਹੈ,ਇਹ ਸਾਰਾ ਸੰਸਾਰ ਓਸੇ ਦਾ ਹੀ ਤਾਂ ਪੈਦਾ ਕੀਤਾ ਹੋਇਆ ਹੈ।ਓਹ ਮੰਨਦੇ ਹਨ ਰੱਬ ਹਰ ਕਿਤੇ ਹੈ ਪਰ ਕੁਝ ਦਾ ਦ੍ਰਿਸ਼ਟੀਕੋਣ ਇਸ ਨਾਲੋਂ ਭਿੰਨ ਹੈ ਓਹ ਮੰਨਦੇ ਹਨ ਕਿ ਰੱਬ ਕਿਤੇ ਵੀ ਨਹੀਂ ਹੈ ਕਦੇ ਵੀ ਨਹੀਂ ਸੀ ਕਦੇ ਵੀ ਨਹੀਂ ਹੋਵੇਗਾ।ਰੱਬ ਨੂੰ ਤਾਂ ਬੰਦੇ ਨੇ ਘੜਿਆ ਹੈ।

-ਸ਼ਾਇਦ ਆਪਣੇ ਔਗੁਣਾਂ ਕਮੀਆਂ ਤੇ ਪਰਦਾ ਪਾਉਣ ਲਈ ਇੱਕ ਓਟ ਆਸਰਾ ਹੈ ਰੱਬ।

ਵਿਚਾਰਣ ਯੋਗ ਗੱਲ ਹੈ ਕਿ ਜੇ ਕੁੱਲ ਖਲਕਤ ਨੂੰ ਰੱਬ ਨੇ ਸਿਰਜਿਆ ਤਾਂ ਫਿਰ ਰੱਬ ਨੂੰ ਕਿਸਨੇ ਸਿਰਜਿਆ ,ਰੱਬ ਦਾ ਰੱਬ ਕੌਣ ਹੈ?

ਜੇਕਰ ਰੱਬ ਨੂੰ ਬੰਦੇ ਨੇ ਸਿਰਜਿਆ ਤਾਂ ਰੱਬ ਦਾ ਰੱਬ ਕੌਣ ਹੋਇਆ?!

ਹੈ ਤਾਂ ਹੈਰਤ ਵਾਲੀ ਗੱਲ,(!) ਕਿ ਜੇਕਰ ਇੱਕ ਇੱਟ ਪੱਥਰ ਦੀ ਇਮਾਰਤ ਨੂੰ ਅਸੀਂ ਆਪਣੇ ਹੱਥੀਂ ਬਣਾਉਂਦੇ ਹਾਂ ,ਤਰਾਈ/ਪਲਸਤਰ ਕਰਦੇ/ਕਰਵਾਉਂਦੇ ਹਾਂ ।ਅਸੀਂ ਇਮਾਰਤ/ਬੁੱਤ ਜਾਂ ਕਿਤਾਬਾਂ ਘੜਦੇ/ਸਿਰਜਦੇ ਹਾਂ ,ਛਾਪਦੇ ਹਾਂ ,ਜਿਲਦ ਬੰਦੀ ਕਰਦੇ/ਕਰਵਾਉਂਦੇ ਹਾਂ ਤੇ ਫਿਰ ਹੱਥੀਂ-ਘੜੇ/ਛਾਪੇ ,ਮੁੱਲ-ਖਰੀਦੇ ਬੁੱਤ/ਪੁਸਤਕ ਸਾਹਵੇਂ ਆਪੂੰ ਹੀ ਨੱਕ ਮੱਥੇ ਘਸਾਈ ਜਾਂਦੇ ਹਾਂ।

ਅਸੀਂ ਵੱਡਿਆਂ ਬਜ਼ੁਰੁਗਾਂ ਦੀ ਮੱਤ ਨੂੰ ਸੁਣਦੇ ਹਾਂ ,ਮੰਨਦੇ ਨਹੀਂ।ਮੰਨਣ ਦਾ ਅਭਿਨੈ ਕਰਦੇ ਹਾਂ; ਅਮਲ ਵਿੱਚ ਨਹੀਂ ਲਿਆਉਂਦੇ।ਸਵੇਰੇ ਤੋਂ ਰਾਤ ਤੱਕ ਬਾਪੂ ਬਾਪੂ ਦਾ ਰਟਣਾ ਜਾਰੀ ਰੱਖਦੇ ਹਾਂ ਪਰ ਬਾਪੂ ਦੇ ਬੋਲੇ ਨੂੰ ''...''ਭੌਂਕਦਾ' ਸਮਝ ਕੇ ਕੰਨਾਂ ਘੇਸਲ ਮਾਰ ਛੱਡਦੇ ਹਾਂ; ਤਾਂ ਸਾਡਾ ਬਾਪੂ ਬਾਪੂ ਆਖਿਆ ਸਾਡਾ ਕੀ ਸੰਵਾਰੇਗਾ?

ਰੱਬ ਦੀ ਓਟ ਆਸਰਾ ਤਾਂ ਸ਼ਾਇਦ ਬੰਦਾ ਜਾਤ ਨੇ ਆਪਣੀ ਸੁਖ ਸ਼ਾਂਤੀ ਅਤੇ ਮਾਨਸਿਕ ਤਣਾਓ ਤੋਂ ਮੁਕਤੀ ਲਈ ਤੱਕਿਆ ਸੀ , ਸਿਰਜਿਆ ਸੀ।ਪਰ ਵੇਖਣ ਨੂੰ ਲੱਭਦਾ ਹੈ ਕਿ ਇਸ ਰੱਬ ਦੇ ਨਾਂ ਤੇ ਰਿਸ਼ਵਤ-ਖੋਰੀ ਪੂਰੀ ਦੁਨੀਆਂ ਵਿੱਚ ਪ੍ਰਚਲਤ ਹੋ ਗਈ ਹੈ।ਰੱਬ ਦੇ ਨਾਂ ਤੇ ਚੜਾਵੇ /ਚੰਦੇ ਆਦਿ ਲੈਣ/ਦੇਣ ਵਾਲੇ ਅਣਗਿਣਤ ਨੇ।

-ਕਿਧਰੇ, ਕਿਸੇ ਨੂੰ ਰੱਬ ਦੇ ਨਾਂ ਤੇ ਵਰਤ ਰੱਖਣ ਦਾ ਤਣਾਓ ਦਿਸਦਾ ਹੈ

-ਕਿਸੇ ਨੂੰ ਰੱਬ ਦੇ ਨਾਂ ਨਾਲ ਜੁੜੀਆਂ ਥਾਵਾਂ ਦੀ ਯਾਤਰਾ ਕਰਨ ਦਾ ਫਿਕਰ ਹੈ।

-ਕਿਤੇ ਕਿਤੇ ਕਿਸੇ ਕਿਸੇ ਪਰਾਣੀ ਨੂੰ ਤਾਂ ਰੱਬ ਦੀ ਪੂਜਾ ਲਈ ਕੰਮ ਤੋਂ ਵਿਹਲ ਨਾ ਮਿਲਣ ਦੀ ਸ਼ਿਕਾਇਤ ਵੀ ਦਿਸਦੀ ਹੈ ਜਦ ਕਿ ਇਹ ਸਾਰੇ ਜਾਣਦੇ ਨੇ ਕਿ ਕੰਮ ਪੂਜਾ ਹੈ ਪੂਜਾ ਕੰਮ ਨਹੀਂ ਫਿਰ ਵੀ...

*

# ਸੱਚੀ ਪੂਜਾ

-ਪੂਜਾ ਤਾਂ ਸੱਚੀ ਹੀ ਹੁੰਦੀ ਹੈ, ਪਰ ਜੇ ਓਹ ਪੂਜਾ ਹੋਵੇ।

ਮੇਰੇ ਪਿਤਾ ਜੀ ਨੇ ਇੱਕ ਵਾਰ ਇੱਕ ਦ੍ਰਿਸ਼ਟਾਂਤ ਮੇਰੇ ਨਾਲ ਸਾਂਝਿਆ ਕੀਤਾ ਸੀ ਕਿ ਇੱਕ ਵਾਰੀ ਦੋ ਮਿੱਤਰ ਤੀਰਥ ਯਾਤਰਾ ਨੂੰ ਨਿਕਲੇ। ਗੰਗੋਤਰੀ ਤੋਂ ਜਲ ਲਿਆ ਕੇ ਸ਼ਿਵਲਿੰਗ ਤੇ ਚੜ੍ਹਾਉਣ ਦਾ ਵਰਤ ਲੈ ਕੇ ਓਹ ਦੋਵੇਂ ਮਿੱਤਰ ਪੈਦਲ ਯਾਤਰਾ ਕਰਦਿਆਂ ਆਪਣੇ ਵਰਤ ਪੂਰਾ ਕਰਨ ਲਈ ਸ਼ਿਵ ਮੰਦਿਰ ਜਾ ਰਹੇ ਸਨ ਕਿ ਰਾਹ ਵਿੱਚ ਓਹਨਾਂ ਨੂੰ ਇੱਕ ਗਧਾ ਦਿੱਸਿਆ ਜੋ ਨਿਰਬਲ ਸੀ, ਪਿਆਸਾ ਸੀ। ਓਹਨਾਂ ਦੋਹਵਾਂ ਨੇ ਓਸ ਨੂੰ ਵੇਖਿਆ, ਦੋਹਵਾਂ ਵਿੱਚੋਂ ਇੱਕ ਤਾਂ ਓਸ ਨਿਰਬਲ ਅਤੇ ਤਿਰਹਾਏ ਗਧੇ ਨੂੰ ਵੇਖ ਕੇ ਵੀ ਅਣਵੇਖਿਆ ਕਰ ਅੱਗੇ ਤੁਰ ਪਿਆ ਅਤੇ ਆਪਣਾ ਗੰਗੋਤਰੀਓਂ ਲਿਆਂਦਾ ਜਲ,ਸ਼ਿਵਲਿੰਗ ਤੇ ਚੜ੍ਹਾ ਦਿੱਤਾ ਪਰੰਤੂ ਦੂਸਰੇ ਨੇ ਆਪਣੇ ਕੋਲ ਮੌਜੂਦ ਜਲ ਓਸ ਤਿਰਹਾਏ ਨਿਰਬਲ ਗਧੇ ਨੂੰ ਪਿਆ ਦਿੱਤਾ। ਦੋਹਵਾਂ ਨੂੰ ਰਾਤੀਂ ਸੁਫਨਾ ਆਇਆ ਜਿਸ ਵਿੱਚ ਆਕਾਸ਼ਵਾਣੀ ਹੋਈ ਕਿ ਜਿਸ ਨੇ ਗਧੇ ਨੂੰ ਪਾਣੀ ਪਿਆਇਆ ਓਹ ਹੀ ਪੂਜਾ ਸਫਲ ਸਿੱਧ ਹੋਈ। ਹਰ ਇਨਸਾਨ, ਕਰਤਾ ਦੀ ਉੱਤਮ ਕਿਰਤ ਹੈ। ਇਨਸਾਨ ਅਗਰ ਇਨਸਾਨ ਨਾਲ ਪ੍ਰੇਮ ਕਰ ਲਵੇ ਤਾਂ ਇਸ ਤੋਂ ਵਧੇਰੇ ਸੱਚੀ ਪੂਜਾ ਕੋਈ ਹੋ ਹੀ ਨਹੀਂ ਸਕਦੀ।

ਅਗਰ ਬੱਚੇ, ਮਾਂ ਬਾਪ ਪ੍ਰਤੀ ਆਪਣੇ ਸਾਰੇ ਫਰਜ਼ਾਂ ਦਾ ਨਿਰਬਾਹ ਕਰਦੇ ਹੋਏ ਜ਼ਿੰਦਗੀ ਬਤੀਤ ਕਰਦੇ ਹਨ ਤਾਂ ਓਹਨਾਂ ਨੂੰ ਕਿਸੇ ਵੀ ਹੋਰ ਪੂਜਾ ਦੀ ਲੋੜ ਨਹੀਂ ਰਹਿੰਦੀ, ਜੇ ਗ੍ਰਹਿਸਥੀ ਆਪਣੇ ਬੱਚਿਆਂ ਦੀ ਪਾਲਣਾ ਸਹੀ ਕਰ ਲੈਂਦਾ ਹੈ ।ਆਪਣੇ ਵੱਡਿਆਂ ਦੀ ਇੱਜ਼ਤ ਕਰਦਾ ,ਪਾਲਦਾ ,ਵਧਾਉਂਦਾ ਹੈ ਤਾਂ ਓਸ ਨੂੰ ਵੀ ਕਿਸੇ ਪੂਜਾ ਦੀ ਲੋੜ ਨਹੀਂ ਰਹਿੰਦੀ।

ਇਸ ਤੋਂ ਬਿਨਾਂ ,ਜਿਹੜਾ ਸ਼ਖ਼ਸ ਆਪਣੇ ਤੋਂ ਮਾੜੇ ਨੂੰ ਸਤਿਕਾਰ ਦੇਣਾ ਜਾਣਦਾ ਹੈ, ਸੱਚ ਅਤੇ ਹੱਕ ਲਈ ਡਾਹਢੇ ਅੱਗੇ ਸੀਨਾ ਤਾਣ ਖਲੋਣਾ ਜਾਣਦਾ ਹੈ ਓਹਨੂੰ ਵੀ ਪੂਜਾ ਦੀ ਕੋਈ ਲੋੜ ਨਹੀਂ ਰਹਿੰਦੀ।

ਧਾਰਮਿਕ ਸਥਾਨਾਂ ਤੇ ਪੂਜਾ ਨਹੀਂ ਵਪਾਰ ਹੁੰਦਾ ਹੈ। ਕੀਤੇ ਕਰਾਏ ਸਹਿਜ ਪਾਠ,ਅਖੰਡ ਪਾਠ ਵਿਕਦੇ ਹਨ। ਪਰਸ਼ਾਦਾਂ ਦੀ ਸੇਲ ਲੱਗਦੀ ਹੈ। ਭੇਟਾ ਦੇ ਨਾਰੀਅਲ ਚੁੰਨੀਆਂ ਆਦਿ ਪਤਾ ਨਹੀਂ ਮੰਦਿਰੋਂ ਹੱਟੀਆਂ ਤੱਕ ਅਤੇ ਹੱਟੀਆਂ ਤੋਂ ਮੰਦਿਰਾਂ ਤਾਈਂ ਕਿੰਨੇ ਕੁ ਚੱਕਰ ਲਗਾਉਂਦੇ ਹਨ।

ਭ੍ਰਿਸ਼ਟਾਚਾਰ ਦੀ ਜੜ੍ਹ ਧਾਰਮਿਕ ਸਥਾਨਾਂ ਤੱਕ ਵੀ ਜਾ ਅੱਪੜੀ ਹੈ। 'ਧਾਰਮਿਕ-ਅਫੀਮ ਦੇ ਠੇਕੇਦਾਰ ਆਮ ਜਨਤਾ ਨੂੰ ਭਰਮਾਈ ਰੱਖਦੇ ਹਨ ਆਹਰੇ ਲਾਈ ਰੱਖਦੇ ਹਨ। ਇਹ 'ਪੈਸੇ ਦੇ ਪੀਰ' ਸੱਚੀ ਪੂਜਾ ਤੋਂ ਕੋਹਾਂ ਦੂਰ ਹਨ।

*

# ਕਿਓਂ ਸਭ ਭੱਜਦੇ ਹਨ ਵਿਦੇਸ਼ਾਂ ਵੱਲ??

ਵਿਦੇਸ਼ ਜਾਣ ,ਵਿਦੇਸ਼ ਜਾ ਕੇ ਵੱਸਣ ਦੀ ਚਾਹਣਾ ਅੱਜਕੱਲ੍ਹ ਕਾਫ਼ੀ ਜ਼ੋਰਾਂ ਤੇ ਹੈ।

ਆਪਣੀ ਮਾਂ ਭੋਇੰ ਨੂੰ ਛੱਡ ਕੇ ਵਿਦੇਸ਼ੀ ਮਿੱਟੀ ਦੀ ਖਿੱਚ ਗੈਰ ਕੁਦਰਤੀ ਹੈ। ਸਾਡੇ ਕਈ ਬੁੱਧੀ ਜੀਵੀ ਇਸ ਗੱਲ ਦੀ ਵਕਾਲਤ ਕਰਦੇ ਹਨ ਕਿ ਜਿੰਨੀ ਮਿਹਨਤ ਓਧਰ ਜਾ ਕੇ ਕੀਤੀ ਜਾਂਦੀ ਹੈ ਜੇਕਰ ਓਨੀ ਮਿਹਨਤ ਹੀ ਇੱਧਰ ਕੀਤੀ ਜਾਵੇ ਤਾਂ ਏਧਰ ਵੀ ਚੰਗੀ 'ਰੋਟੀ' ਖਾਧੀ ਜਾ ਸਕਦੀ ਹੈ। ਕੁਝ ਦੇਸ਼ਭਗਤ ਸੋਚਣੀਆਂ ਦਾ ਇਹ ਵੀ ਸੋਚਣਾ ਹੈ ਕਿ ਏਧਰੋਂ ਸਿੱਖ ਪੜ੍ਹ ਕੇ ਓਧਰ ਜਾ ਕੇ ਸੇਵਾ ਕਰਨੀ ਗਦਾਰੀ ਹੈ ਆਪਣੀ ਮਾਤ ਭੋਇ ਨਾਲ ;ਅੰਗਰੇਜ਼ੀ ਵਿੱਚ ਏਸ ਰੁਝਾਨ ਨੂੰ ਬਰੇਨ-ਡਰੇਨ ਸੱਦਿਆ ਜਾਂਦਾ ਹੈ।

ਪਰ ਕੀ ਕਦੇ ਸੋਚਿਆ ਕਿ ਏਧਰ ਤੇ ਓਧਰ ਵਿਚਾਲੇ ਕਿਹੜੇ ਅੰਤਰ ਹਨ ਜਿਹੜੇ ਏਧਰ ਨੂੰ ਓਧਰ ਨਾਲੋਂ ਊਂਨੀ ਅਤੇ ਓਧਰ ਨੂੰ ਏਧਰ ਨਾਲੋ ਇਕਆਸੀ ਕਰਦੇ ਹਨ।

ਸਭ ਤੋਂ ਵੱਡਾ ਇਕਲੌਤਾ ਕਾਰਣ ਇਹ ਕਿ ਓਧਰ 'ਸਿਸਟਮ' ਹੈ, ਇਕਸਾਰ ਸਿਸਟਮ ਹੈ। ਨਿਯਮ ਕਾਨੂੰਨ ਸਭਨਾਂ ਲਈ ਲਾਗੂ ਹਨ। ਕੰਮ ਕਰੋ ਕੁਲੀਆਂ ਵਾਂਗਰ ਤੇ ਰਾਜਕੁਮਾਰਾਂ ਵਾਂਗਰ ਰਹੋ ਦਾ ਨੇਮ ਓਧਰ ਅਪਣਾਇਆ ਜਾ ਸਕਦਾ ਹੈ। ਓਧਰ ਚੁਕਤਾ ਕੀਤੇ ਟੈਕਸ ਦੀਆਂ ਸਹੂਲਤਾਂ ਆਮ ਜਨਤਾ ਤੱਕ ਪਹੁੰਚ ਜਾਂਦੀਆਂ ਹਨ। ਓਧਰ ਇਨਸਾਨ ਨੂੰ ਰੰਗ ਦੇ ਅਧਾਰ ਤੇ ਕਿਤੇ ਕਿਤੇ ਜ਼ਲੀਲ ਕਰਨ ਦੀ ਖ਼ਬਰ ਜ਼ਰੂਰ ਸੁਣੀਂਦੀ ਹੈ ਪਰੰਤੂ ਕੰਮ ਦੇ ਆਧਾਰ ਤੇ ਪਾੜਾ ਨਹੀਂ ਪਾਇਆ ਜਾਂਦਾ।

ਵਿਦੇਸ਼ਾਂ ਤੋਂ ਮੁੜੇ ਪੰਜਾਬੀ ਪਰਵਾਸੀ ਉਪਰੋਕਤ ਗੱਲਾਂ ਜਦ ਏਧਰਲਿਆਂ ਨਾਲ ਸਾਂਝੀਆਂ ਕਰਦੇ ਹਨ ਤਾਂ ਏਧਰਲਿਆਂ ਦੇ ਦਿਲਾਂ ਵਿੱਚ ਵੀ ਓਧਰ ਪ੍ਰਤੀ ਖਿੱਚ ਪੈਦਾ ਹੁੰਦੀ ਹੈ।

ਰਿਸ਼ਵਤ ਖੋਰੀ ਭਾਈ ਭਤੀਜਾਵਾਦ ਫਿਰਕਾਪ੍ਰਸਤੀ, ਰਾਜਨੀਤੀ ਵਿੱਚ ਨਿੱਤ ਦਿਹਾੜੇ ਆ ਰਹੀ ਗਿਰਾਵਟ ,ਯੋਗਤਾ ਅਨੁਸਾਰ ਮਿਹਨਤਾਨੇ ਦੀ ਘਾਟ ਹੋਣ ਕਰਕੇ ਵਿਗਿਆਨੀ ਅਤੇ ਵਿਦਵਾਨ ਇਸ ਮੁਲਕ ਤੋਂ ਬਾਹਰਲੇ ਮੁਲਕਾਂ ਵੱਲ ਪਲਾਇਣ ਕਰ ਜਾਂਦੇ ਹਨ। ਬੇਸ਼ੱਕ ਇਸ ਨੂੰ ਸੁਆਰਥ ਕਿਹਾ ਸਕਦਾ ਹੈ ਪਰੰਤੂ ਕੋਰੀ 'ਦੇਸ਼ ਭਗਤੀ ਨਾਲ ਢਿੱਡ ਨਹੀਂ ਭਰਿਆ ਜਾ ਸਕਦਾ।

ਪਹਿਲਾਂ ਹੀ 25% ਇੰਡੀਆ ਦੀਆਂ ਪੇਟੀਆਂ ਵਿੱਚ 75% ਭਾਰਤ ਦੇ ਪੇਟ ਦੀਆਂ ਖੋਹੀਆਂ ਹੋਈਆਂ ਰੋਟੀਆਂ ਹਨ। 25% ਇੰਡੀਆ 75% ਭਾਰਤ ਨੂੰ ਕੋਰੀ ਦੇਸ਼ ਭਗਤੀ ਨਾਲ ਢਿੱਡ ਭਰਨ ਦੇ ਉਪਦੇਸ਼ ਦੇਂਦਾ ਹੈ, ਕਿੰਤੂ ਆਪ ਡਾਲਰਾਂ ਉੱਪਰ ਨਿਰਭਰ

ਹੈ। ਡਾਲਰਾਂ ਦੇ ਰਿਮੋਟ ਨਾਲ ਓਹ 75% ਭਾਰਤ ਦੇ ਖ਼ੂਨ ਚੂਸਣ ਦੀ ਰਫਤਾਰ ਵਧਾਉਂਦਾ ਹੈ (ਘਟਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ)

ਇੱਕ ਦਿਨ ਮੈਂ ਇੱਕ ਐਨ. ਆਰ. ਆਈ. ਨਾਲ ਏਸੇ ਵਿਸ਼ੇ ਤੇ ਵਿਚਾਰ ਚਰਚਾ ਕਰ ਰਿਹਾ ਸੀ ਕਿ ਭਾਰਤ ਸਭ ਦੇਸ਼ਾਂ ਦੀ (ਕੁਦਰਤੀ ਸਾਧਨ) ਸੰਪਤੀ ਨਾਲੋਂ ਵਧੇਰੇ (ਕੁਦਰਤੀ ਸਾਧਨ) ਸੰਪਤੀ ਦਾ ਮਾਲਕ ਹੈ ਫਿਰ ਵੀ ਏਸ ਦੀ ਇਹ ਹਾਲਤ ਹੈ ; ਜੇ ਸਿਰਫ ਇੱਕ ਚੀਜ਼ ਇੰਪੋਰਟ ਹੋ ਸਕੇ ਤੇ ਭਾਰਤ ਵਿੱਚ ਲਾਗੂ ਹੋ ਸਕੇ ਤਾਂ ਇਹ ਸਭ ਯੂਰਪੀ ਮੁਲਕਾਂ ਨੂੰ ਪਛਾੜ ਸਕਦਾ ਹੈ।

ਸਿਸਟਮ (ਇਕਸਾਰ ਭਿੰਨ ਭੇਦ ਤੋਂ ਬਗੈਰ ਲਾਗੂ ਹੋਣ ਵਾਲਾ) ; ਜੇ ਇਹ ਸਿਸਟਮ ਕਿਧਰੇ ਮੇਰੇ ਭਾਰਤ ਲਈ ਮਿਲ ਜਾਵੇ (ਇੰਪੋਰਟਡ ਹੀ ਸਹੀ) ਤਾਂ ਭਾਰਤ ਦੀ ਕਾਇਆ ਕਲਪ ਹੋ ਜਾਵੇ।

ਫਿਰ ਸ਼ਾਇਦ ਕਿਸੇ ਨੂੰ ਬਾਹਰ ਭੱਜਣ ਦੀ ਲੋੜ ਨਾ ਰਹਿ ਜਾਵੇ।

*

# *ਇਹ ਹੋ ਕੀ ਰਿਹੈ?*

ਆਪਣੇ ਮੁਲਕ ਵਿੱਚੋਂ ਤੋਂ ਵੱਧ ਲੋਕਾਂ ਦੇ ਬੁੱਲ੍ਹਾਂ ਤੇ ਸਭ ਤੋਂ ਵਧੇਰੇ ਵਾਰ ਆਉਣ ਵਾਲਾ ਵਾਕ ਏਹੀ ਹੈ; ਇਹ ਹੋ ਕੀ ਰਿਹੈ? ਜਾਂ ਫਿਰ ਇਹ ਸਭ ਕੀ ਹੋ ਰਿਹੈ?

ਇਹ ਸਭ ਕੀ ਹੋ ਰਿਹੈ ਪੁੱਛਣ ਵਾਲੇ ਸ਼ਾਇਦ ਇਹ ਘੋਖਣ ਦੀ ਖੇਚਲ ਨਹੀਂ ਕਰਦੇ ਕਿ ਇਹ ਜੋ ਵੀ ਹੋ ਰਿਹੈ ਇਹ ਕਿਉਂ ਹੋ ਰਿਹੈ? ਇਹ ਜਾਨਣ ਦੀ ਵੀ ਖੇਚਲ ਨਹੀਂ ਕਰਦੇ ਕਿ ਇਹ ਜੋ ਵੀ ਹੋ ਰਿਹੈ ਓਹ ਜਾਇਜ਼ ਹੈ ਜਾਂ ਫਿਰ ਨਾਜਾਇਜ਼?ਜੇ ਇਹ ਨਾਜਾਇਜ਼ ਹੈ ਤਾਂ ਫਿਰ ਇਹ ਨਾ ਜਾਇਜ਼ ਕਿਉਂ ਹੋ ਰਿਹੈ (?)ਅਤੇ ਜੇ ਇਹ ਸਭ ਜੋ ਨਾਜਾਇਜ ਹੋ ਰਿਹੈ ਤਾਂ ਇਸ ਨਾਜਾਇਜ਼ ਹੋਣੀ ਨੂੰ ਕਿਵੇਂ ਠੱਲ੍ਹ ਪਾਈ ਜਾ ਸਕਦੀ ਹੈ? ਸਿਆਸਤ ਤੋਂ ਵਿਰਾਸਤ ਤੱਕ ਦੇ ਪਸਾਰੇ ਨੂੰ ਰਤਾ ਕੁ ਗਹੁ ਨਾਲ ਤੱਕੀਏ ਤਾਂ ਹਰ ਪਾਸੇ ਗਿਰਾਵਟ ਹੀ ਗਿਰਾਵਟ ਨਜ਼ਰੀ ਪੈਂਦੀ ਹੈ। ਇਹ ਆਪਣੇ ਆਲੇ-ਦੁਆਲੇ ਜੋ ਕੁਝ ਵੀ ਜਾਇਜ਼ ਭਾਸਦਾ ਨਾਜਾਇਜ਼ ਵਾਪਰ ਰਿਹਾ ਹੈ ਉਸ ਦਾ ਜ਼ਿੰਮਾ ਏਸੇ ਗਿਰਾਵਟ ਦੇ ਸਿਰ ਆਉਂਦਾ ਹੈ । ਆਓ ,ਹੁਣ ਏਸ ਜਾਇਜ ਭਾਸਦੀ ਨਾਜਾਇਜ਼ ਹੋਣੀ ਕਰਕੇ ਹੋਣ ਵਾਲੀ ਗਿਰਾਵਟ ਦੀ ਗੱਲ ਛੋਹੀਏ।ਹਰ ਖਿੱਤੇ ਵਿੱਚ ਹਰ ਖੇਤਰ ਵਿੱਚ ਬਾਜ਼ਾਰ ਦੀ ਘੁਸਪੈਠ ਹੀ ਮਾਂ ਬਣਦੀ ਹੈ ਇਸ ਗਿਰਾਵਟ ਦੀ। ਵਿਰਾਸਤ ਤੋਂ ਲੈ ਕੇ ਸਿਆਸਤ ਤੱਕ ਦਾ ਪਸਾਰਾ ਪੰਛੀ ਝਾਤ ਮਾਰਿਆ ਦੂਸ਼ਿਤ ਜਿਹਾ ਲਗਦਾ ਹੈ। ਇਸ ਦਾ ਕਾਰਣ ਬੇਸ਼ੱਕ ਬਾਜ਼ਾਰ ਦੀ ਘੁਸਪੈਠ ਹੀ ਤਾਂ ਹੈ।

'ਬਾਜ਼ਾਰ' ,ਜਿਸ ਦਾ 'ਓ' ਵੀ ਸੁਆਰਥ ਹੈ ਅਤੇ ਜਿਸਦਾ 'ੜ' ਵੀ ਸੁਆਰਥ ਹੈ। ਨੀਂਹ ਤੋਂ ਸਿਖਰ ਤੱਕ ਸੁਆਰਥ ਹੀ ਬਾਜ਼ਾਰ ਹੈ ਅਤੇ ਬਜ਼ਾਰੀ ਸੁਆਰਥ ਵਿੱਚ 'ਕਦਰਾਂ' ਨਹੀਂ ਹੁੰਦੀਆਂ ਅਗਰ ਕੁਝ ਹੁੰਦਾ ਤਾਂ 'ਕੀਮਤ' ਹੁੰਦੀ ਹੈ। ਬਾਜ਼ਾਰ ਦੀ ਹਰ ਕਾਮਯਾਬੀ ਦੀ ਕੀਮਤ ਹੁੰਦੀ ਹੈ ਹਰ ਨਾਕਾਮਯਾਬੀ ਦੀ ਕੀਮਤ ਹੁੰਦੀ ਹੈ।

ਇਹ ਕੀਮਤ 'ਰੁਪਈਏ' 'ਪੌਂਡ' 'ਡਾਲਰ' 'ਇੱਜ਼ਤ' 'ਵਕਾਰ' 'ਸੱਤਾ' 'ਰਾਸ਼ਟਰ' 'ਜਨਤਾ' ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਤਖਤੇ ਅਤੇ ਤਖਤਾਂ ਦਾ ਵੀ ਭਾਅ ਚੱਲਦਾ ਹੈ ਵੱਡੇ ਸ਼ਾਹੂਕਾਰਾਂ ਦੇ ਵੱਡੇ ਮਾਲਗੁਦਾਮਾਂ ਵਿੱਚ ਕਈ ਸ਼ਾਸਕ ਕਈ ਧਰਮ ਅਧਿਕਾਰੀ ਕਈ ਤਖਤੇ-ਪਲਟ ਭਰਪੂਰ ਮਾਤਰਾ ਵਿੱਚ 'ਸਾਂਭੇ' ਹੁੰਦੇ ਹਨ।

ਕਿਸ ਮੁਲਕ ਨੂੰ ਕਿਸ ਮੁੱਲ ਤੇ ਹਥਿਆਉਣਾ ਹੈ ਹੜੱਪਣਾ ਹੈ ਬਾਜ਼ਾਰ ਬਖ਼ੂਬੀ

ਜਾਣਦਾ ਹੈ ਅਤੇ ਲੱਗੇ ਦਾਅ ਲਗਾਉਂਦਾ ਹੈ। ਓਹ ਜ਼ਮਾਨਾ ਗੁਜ਼ਰ ਗਿਆ ਜਦੋਂ ਹਮਲਾਵਰ ਲਾਮ ਲਸ਼ਕਰ ਲੈ ਕੇ ਦੂਸਰੇ ਮੁਲਕਾਂ ਦੀਆਂ ਸਰਹੱਦਾਂ ਮਿੱਧਦੇ ਫਿਰਦੇ ਸਨ। ਦੂਜੇ ਦੀ ਖੁਦਮੁਖਤਾਰੀ ਖਤਮ ਕਰਨ ਲਈ ਪਹਿਲਾਂ ਉਸ ਦੀ ਜਾਨ ਲੈਣੀ ਲਾਜ਼ਮੀ ਜਿਹੀ ਲੱਗਦੀ ਸੀ।

ਹੁਣ ਅਜਿਹਾ ਨਹੀਂ ਹੈ ।ਹੁਣ ਤਾਂ ਵੱਡੇ ਵੱਡੇ ਲੋਕਤੰਤਰਾਂ ਨੂੰ ਫੌਜਾਂ ਦੀ ਮਦਦ ਨਾਲ ਗੁਲਾਮ ਕਰਨ ਦੀ ਰਤੀ ਭਰ ਵੀ ਲੋੜ ਨਹੀਂ ।ਸਿਰਫ ਮਤਲਬੀ ਨੇਤਾਵਾਂ ਨੂੰ ਖਰੀਦ ਲਵੋ ਅਤੇ ਮਨਮਰਜ਼ੀ ਦੇ ਰਾਸ਼ਟਰੀ/ ਅੰਤਰਾਸ਼ਟਰੀ ਸਮਝੌਤਿਆਂ ਤੇ ਦਸਤਖਤ ਕਰਵਾ ਲਵੇ ਇਹ ਨੀਤੀ ਹੈ 'ਬਾਜ਼ਾਰ' ਦੀ।

ਜਨਤਾ ਦੀ ਹੋਣੀ ਜਨਤਾ ਨੂੰ ਜਦੋਂ ਤੱਕ ਪਤਾ ਲੱਗਦੀ ਹੈ ਜਨਤਾ ਦੀ ਰੱਤ ਨੂੰ ਬਾਜ਼ਾਰ ਰੂਪੀ ਜੋਕ ਚੂਸ ਚੁੱਕੀ ਹੁੰਦੀ ਹੈ।

'ਬਾਜ਼ਾਰ' ਰੂਪੀ ਹਾਥੀ ਦੇ ਖਾਣ ਵਾਲੇ ਦੰਦ ਹੋਰ ਅਤੇ ਵਿਖਾਣ ਵਾਲੇ ਦੰਦ ਹੋਰ ਹੁੰਦੇ ਹਨ। ਇਹ ਬਾਜ਼ਾਰ ਦੀ ਮਿਹਰਬਾਨੀ ਕਿ ਇੱਕ ਪਾਸੇ ਲੋਗ ਨੋਟਾਂ ਨਾਲ ਪੇਟੀਆਂ ਭਰਣ ਲੱਗੇ ਨੇ ਜਦਕਿ ਦੂਸਰੇ ਪਾਸੇ ਲੋਕਾਂ ਨੂੰ ਪੇਟ ਭਰਨਾ ਵੀ ਮੁਹਾਲ ਹੋਇਆ ਹੈ।

ਇਸ ਬਜ਼ਾਰ ਦੀ ਮਾਂ ਵੀ ਪੂੰਜੀ ਹੈ ਤੇ ਪਿਓ ਵੀ ਪੂੰਜੀ ਹੈ। ਪੂੰਜੀ ਅਤੇ ਪੂੰਜੀ-ਪਤੀਆਂ ਦੀ ਅੰਬਰਵੇਲ ਅੱਜ ਪੂਰੇ ਵਿਸ਼ਵ ਤੇ ਛਾ ਚੁੱਕੀ ਹੈ।

ਹੁਣ ਪੂੰਜੀ ਅਤੇ ਪੂੰਜੀ ਪਤੀਆਂ ਦੇ ਹਥਠੋਕੇ ਦੀ ਗੱਲ ਵੀ ਨਾਲ ਦੀ ਨਾਲ ਛੋਂਹਦੇ ਚੱਲੀਏ ਤਾਂ ਓਸ ਹਥਠੋਕੇ ਦਾ ਨਾਮ ਹੈ 'ਇਸ਼ਤਿਹਾਰ' ਜਾਂ ਪ੍ਰਚਾਰ।

ਲੋਕ ਇੱਕ ਅਖਾਣ ਪਾਉਂਦੇ ਹੁੰਦੇ ਨੇ ਕਿ ਸੌ ਵਾਰ ਡਟ ਕੇ ਬੋਲਿਆ ਗਿਆ ਝੂਠ ਵੀ ਸੱਚ ਹੋ ਨਿਬੜਦਾ ਹੈ।

'ਪੂੰਜੀ ਬਜ਼ਾਰ ਦੀ ਮਾਇਆ' ਇਸ਼ਤਿਹਾਰ ਰਾਹੀਂ ਏਦਾਂ ਹੀ ਕਰਦੀ ਹੈ।ਭਰਮਾਊ ਤੇ ਲਲਚਾਊ ਇਸ਼ਤਿਹਾਰ ਰਾਹੀਂ ਲੋਕ ਮਨਾਂ ਦਾ ਵਸ਼ੀਕਰਣ ਕੀਤਾ ਜਾਂਦਾ ਹੈ। ਗੈਰਜ਼ਰੂਰਤ ਵਸਤਾਂ ਨੂੰ ਵੀ ਅਤਿਜ਼ਰੂਰੀ ਦੱਸਕੇ ਘਰਾਂ ਵਿੱਚ ਘੁਸਪੈਠ ਕਰਵਾਈ ਜਾਂਦੀ ਹੈ।

ਫਿਰ ਲੋਕੀ ਕਰਨ ਤਾਂ ਕੀ ਕਰਨ?

ਮੇਰੀ ਜਾਚੇ ਆਪਾਂ ਸਭਨਾਂ ਨੂੰ ਬਾਜ਼ਾਰ ਦਾ ਸ਼ਿਕਾਰ ਹੋਣ ਬਚਣ ਲਈ ਥੋੜ੍ਹਾ ਜਿਹਾ ਪੱਛੜਿਆਪਣ ਧਾਰਣ ਕਰ ਲੈਣਾ ਚਾਹੀਦਾ ਹੈ। ਰਤਾ ਕੁ ਦੇਸੀ /ਪੇਂਡੂ ਬਣ ਜਾਣਾ ਚਾਹੀਦਾ ਹੈ।ਪਿਛਲੀਆਂ (ਅਖੌਤੀ) ਪਛੜੀਆਂ ਰਹੁ ਰੀਤਾਂ ਨੂੰ ਆਪਣਾ ਲੈਣਾ ਚਾਹੀਦੈ।

ਕੁਝ ਉਦਾਹਰਣਾਂ ਦੇ ਕੇ ਮੈਂ ਆਪਣੀ ਗੱਲ ਹੋਰ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂਗਾ:

- ਅੱਜ ਕੱਲ੍ਹ ਦੇ ਮੈਰਿਜ ਪੈਲਸ ਕਲਚਰ ਦੇ ਆਉਣ ਤੋਂ ਪਹਿਲਾਂ ਕੀ ਪਿੰਡਾਂ /ਨਗਰਾਂ /ਸ਼ਹਿਰਾਂ ਵਿੱਚ ਵਿਆਹ ਸ਼ਾਦੀ ਦੀਆਂ ਰਸਮਾਂ ਨਹੀਂ ਸਨ ਹੋਇਆ ਕਰਦੀਆਂ?

ਹੋਇਆ ਕਰਦੀਆਂ ਸਨ,ਨਾ ਸਿਰਫ ਹੋਇਆ ਕਰਦੀਆਂ ਸਨ ਸਗੋਂ ਅਜੋਕੇ ਮੈਰਿਜ ਪੈਲਸ ਕਲਚਰ ਦੌਰਾਨ ਹੋਣ ਵਾਲੀਆਂ ਸ਼ਾਦੀਆਂ ਜਿਹੀਆਂ ਮਸ਼ੀਨੀ ਅਤੇ ਰਸ਼ਮੀ ਸ਼ਾਦੀਆਂ ਨਹੀਂ ਸਨ ਹੁੰਦੀਆਂ ।ਓਹਨਾਂ ਵੇਲਿਆਂ ਦੇ ਵਿਆਹ ਵਿੱਚ ਨਿੱਘ ਹੁੰਦੀ ਸੀ ਅਪਣੱਤ ਹੁੰਦੀ ਸੀ ,ਸਾਂਝ ਹੁੰਦੀ ਸੀ, ਰੁੱਸਣਾ-ਮਨਾਉਣਾ ਹੁੰਦਾ ਸੀ। ਸਮਾਜਿਕ ਸਹਿਯੋਗ ਦਾ ਪ੍ਰਤੱਖ ਪ੍ਰਤੀਕ ਸਨ ਓਹ ਵਿਆਹ। ਪਿੱਛਲਖੁਰੀ ਤੁਰਣ ਵਾਲੇ ਬਣ ਕੇ ਅਸੀਂ ਓਹੀ ਸਮਾਜਿਕ ਰੀਤਾਂ ਰਿਵਾਜ਼ਾਂ ਵਾਲੇ ਵਿਆਹ ਪ੍ਰਚਲਿਤ ਕਰ ਲਈਏ ਤਾਂ ਕੁਝ ਸਾਹ ਰਾਹਤ ਦੇ ਅੱਜ ਵੀ ਆਸਾਨੂੰ ਲੱਭ ਸਕਦੇ ਹਨ।

ਨਰਿੰਦਰ ਸਿੰਘ ਕਪੂਰ ਇੱਕ ਜਗ੍ਹਾ ਲਿਖਦੇ ਹਨ ਕਿ ਭੇਡ ਚਾਲ ਕੇਵਲ ਭੇਡਾ

ਹੀ ਨਹੀਂ ਚਲਦੀਆਂ। ਬਿਲਕੁਲ ਸੱਚ ਹੈ।

ਪਰੰਤੂ ਆਪਾਂ ਭੇਡ ਚਾਲ ਤੋਂ ਵੱਖਰੇ ਰਹਿ ਕੇ ਵੀ ਆਪਣੀ ਜਾਨ ਸੁਖਾਲੀ ਕਰ ਸਕਦੇ ਹਾਂ। ਨਿੱਤ ਨਵੇਂ ਮੋਬਾਇਲ ਫੋਨ ਦੇ ਮਾਡਲ 'ਬਜ਼ਾਰ' ਤਾਂ ਲਿਆਉਂਦਾ ਰਹੇਗਾ ਪਰੰਤੂ ਆਪਾਂ ਆਪਣੀ ਚਾਦਰ ਵੇਖਕੇ ਪੈਰ ਪਸਾਰਣ ਦੀ ਸੋਚ ਸੋਚੀਏ

ਦੁਨੀਆਂ ਵਿੱਚ ਅਮੀਰ ਕੌਣ?

ਅਖੇ, ਜਿਹਨੇ ਆਪਣੀਆਂ ਲੋੜਾਂ ਨੂੰ ਸੀਮਿਤ ਕਰ ਲਿਆ।

-ਟਰੈਕਟਰ ਅਤੇ ਹੋਰ ਖੇਤੀ ਸੰਦ ਖਰੀਦਣ ਵੇਲੇ ਆਪਾਂ ਆਪਣੀ ਜ਼ਮੀਨ ਜ਼ਰੂਰ ਵੇਖੀਏ। ਸਿਰਫ ਵਿਖਾਵੇ ਲਈ ਟਰੈਕਟਰ ਲਿਆ ਕੇ ਵਿਹੜੇ ਖੜ੍ਹਾ ਕਰ ਲੈਣਾ ਫਿਰ ਕਿਸ਼ਤਾਂ ਟੁੱਟਣ ਦੇ ਦੇ ਡਰੋਂ ,ਕਰਜ਼ਾ ਨਾ ਮੁੜਨ ਦੀ ਸੂਰਤ ਵਿੱਚ ਸਲਫਾਸ ਫੱਕਣਾ, ਇਸ ਨੂੰ ਕੌਣ ਅਕਲ ਮੰਦੀ ਆਖਦੈ?!

ਇੱਕ ਵਲੈਤੀ ਅਖੌਤ ਹੈ ਕਿ ਜਦ ਤੁਹਾਨੂੰ ਬਾਹਰੋਂ ਬਣਿਆ ਬਣਾਇਆ ਮੀਟ ਮਿਲ ਸਕਦੈ ਤਾਂ ਘਰ ਸੂਰ ਪਾਲਣ ਦੀ ਕੋਈ ਲੋੜ ਨਹੀਂ ਭਾਵ ,ਜੇਕਰ ਆਪਣੀ ਜ਼ਮੀਨ ਥੋਹੜੀ ਹੈ ਤਾਂ ਟਰੈਕਟਰ ਕਿਰਾਏ ਤੇ ਲੈ ਕੇ ਵੀ ਕੰਮ ਕੀਤਾ ਜਾ ਸਕਦਾ ਹੈ । ਇਸ ਲਈ ਟਰੈਕਟਰ ਖਰੀਦਣਾ ਜ਼ਰੂਰੀ ਨਹੀਂ।

ਪਿਛਲੇ ਸਮਿਆਂ ਵਿੱਚ ਸਮਾਜ ਅੰਗੂਰਾਂ ਦੇ ਗੁੱਛੇ ਜਿਹਾ ਸੀ ਮਿੱਠਾ ਵੀ ਤੇ ਇਕੱਠਾ ਵੀ। ਵਿਆਹ ਵੇਲੇ ,ਗਾਹ ਪਾਉਣ ਵੇਲੇ ਦੇ ਦਿਨ ਤੀਆਂ ਜਿਹੇ ਲੰਘਦੇ। ਸਭ ਰਲ ਕੇ ਕੰਮ ਕਰਦੇ। ਸਹਿਯੋਗ ਦੇਂਦੇ ਅਤੇ ਲੋੜ ਪੈਣ ਤੇ ਸਹਿਯੋਗ ਓਹਨਾਂ ਆਪੂੰ ਲੱਭ ਵੀ ਪੈਂਦਾ। ਅੱਜ ਦਾ ਸਮਾਜ ਬੇਰਾਂ ਵਾਂਗ ਖਿੱਲਰਿਆ ਹੈ।

ਚਲੋ ,ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਵੀ ਨਹੀਂ ਵਿਗੜਿਆ।

❊

# ਆਓ, ਕਿ ਖੂਬਸੂਰਤੀ ਵੇਖੀਏ ਜ਼ਿੰਦਗੀ 'ਚੋਂ

-ਦ੍ਰਿਸ਼ਟੀ ਹੀਣਾਂ ਨਾਲੋਂ ਵਧ ਕੇ ਤਰਸ ਦਾ ਪਾਤਰ ਹੁੰਦੇ ਨੇ ਦ੍ਰਿਸ਼ਟੀ ਕੋਣ ਹੀਣੇ ਵਿਅਕਤੀ।

ਨਜ਼ਰ ਤੇ ਨਜ਼ਰੀਏ ਦੀ ਤਬਦੀਲੀ ਨਾਲ ਸੰਪੂਰਨ ਵਿਅਕਤੀਤਵ ਹੀ ਤਬਦੀਲ ਹੋ ਜਾਇਆ ਕਰਦਾ ਹੈ।

ਸਾਡੇ ਸਾਂਝੇ ਅਵਤਾਰਾਂ ਗੁਰੂ ਪੀਰਾਂ ਨੇ ਸਾਨੂੰ ਚੜ੍ਹਦੀ ਕਲਾ ਵਿੱਚ ਰਹਿਣ ਦੀ ਸੋਚ ਬਖ਼ਸ਼ੀ ਹੈ ਅਜੋਕਾ ਵਿਗਿਆਨ ਵੀ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਇਨਸਾਨ ਨੂੰ ਪਾਜਿਟਿਵ ਐਟੀਚਊਡ ਵਾਲਾ ਹੋਣਾ ਚਾਹੀਦਾ ਹੈ ਹਾਂ ਪੱਖੀ ਸੋਚ ਵਾਲੇ ਇਨਸਾਨ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਤੋਂ ਦੂਰ ਰਹਿੰਦੇ ਨੇ। ਨਾਂਹ ਸਸਸਸਸਸਪੱਖੀ ਸੋਚ, ਮਾਯੂਸੀ ਅਤੇ ਕੁੰਠਾ ਨੂੰ ਉਪਜਾਉਣ ਵਾਲੀ ਫੈਕਟਰੀ ਹੀ ਸਿੱਧ ਹੁੰਦੀ ਹੈ।

ਹਰ ਵਕਤ ਦੋਸ਼ ,ਔਗੁਣ ਵੇਖਣੇ ਦੂਜਿਆਂ ਦੀਆਂ ਗਲਤੀਆਂ ਹੀ ਕੱਢਦੇ ਰਹਿਣਾ, ਕਿਸੇ ਵੀ ਵਿਅਕਤੀ ਨੂੰ ਹਰਮਨ ਪਿਆਰਾ ਨਹੀਂ ਰਹਿਣ ਦੇਂਦਾ।

ਲੇਕਿਨ ਇਸ ਤੋਂ ਉਲਟ ਚਿੱਕੜ ਵਿੱਚੋਂ ਵੀ ਕਮਲ ਦੀ ਸੁੰਦਰਤਾ ਮਾਨਣ ਵਾਲੇ ਹਰ ਦਿਲ ਅਜ਼ੀਜ਼ ਹੋ ਨਿੱਬੜਦੇ ਹਨ।

ਗੁਣ ਔਗੁਣ ਹਰ ਕਿਸੇ ਵਿੱਚ ਹੁੰਦੇ ਨੇ ।ਕੋਈ ਵੀ ਸ਼ਤ ਪ੍ਰਤੀਸ਼ਤ ਪਰਪੱਕ ਨਹੀਂ ਹੁੰਦਾ ,ਗੁਣਾਂ ਦੀ ਖਾਨ ਨਹੀਂ ਹੁੰਦਾ ਐਪਰ ਵਧੇਰੇ ਔਗੁਣਾਂ ਵਾਲੇ ਇਨਸਾਨ ਦੇ ਥੋੜ੍ਹੇ ਗੁਣ ਦੱਬੇ ਰਹਿ ਜਾਂਦੇ ਹਨ ਜਦ ਕਿ ਥੋੜ੍ਹੇ ਔਗੁਣਾਂ ਨੂੰ ਬਹੁਤੇ ਗੁਣ ਢੱਕ ਲੈਂਦੇ ਹਨ।

ਆਦਿ ਤੋਂ ਅੱਜ ਤੱਕ ਅਨੇਕਾਂ ਅਜਿਹੀਆਂ ਉਦਾਹਰਣਾਂ ਸਾਨੂੰ ਵੇਖਣ ਪੜ੍ਹਨ ਸੁਣਨ ਨੂੰ ਲੱਭੀਆਂ ਹੋਣਗੀਆਂ। ਓਹ ਵਿਅਕਤੀ, ਭਾਵੇ ਅਹਿੰਸਾ ਦੇ ਪੈਰੋਕਾਰ ਹੋਣ ਜਾਂ ਅਚਕਨ ਵਿੱਚ ਗੁਲਾਬ ਟੰਗਣ ਵਾਲੇ ਹੋਣ ਜਾਂ ਓਹਨਾਂ ਦੇ ਵਾਰਿਸ/ਵਡੇਰੇ। ਜੇ ਅਸੀਂ ਗੁਣਾਂ ਦੇ ਪ੍ਰਚਾਰ ਪ੍ਰਸਾਰ ਲਈ ਅੱਗ ਦੀ ਨਦੀ ਤਰ ਕੇ ਜਾਣ ਤੋਂ ਵੀ ਨਹੀਂ ਝਿਜਕਦੇ ਤਾਂ ਸਾਨੂੰ ਗੁਣਾਂ ਦੇ ਗਾਹਕ ਬਣ ਕੇ ਵਿਚਰਨਾ ਵੀ ਸਿੱਖਣਾ ਚਾਹੀਦਾ ਹੈ।

❋

# ਹੋਰ ਵੀ ਕੰਮ ਨੇ ਜ਼ਮਾਨੇ ਵਿੱਚ ਸ਼ਾਦੀ ਤੋਂ ਸਿਵਾਏ

ਸ਼ਾਦੀ ਨੂੰ ਕੋਈ ਬੂਰ ਦੇ ਲੱਡੂ ਦੱਸਦੈ, ਕੋਈ ਜ਼ਰੂਰੀ ਗਲਤੀ ਆਖਦੈ, ਕੋਈ ਉਮਰ ਭਰ 'ਚ ਕਿਸ਼ਤਾਂ ਦੁਆਰਾ ਲੱਥਣ ਵਾਲਾ ਕਰਜ਼ਾ ਕਹਿੰਦਾ ਹੈ, ਕੋਈ ਸੁਰਗਾਂ 'ਚ ਬਣੀਆਂ ਜੋੜੀਆਂ ਦਾ ਧਰਤੀ ਤੇ ਮਿਲਾਪ ਦੱਸਦਾ ਹੈ ਕੁਝ ਵੀ ਕਹਿ ਲਵੋ ਪਰ ਸ਼ਾਦੀ ਇੱਕ ਸਮਝੌਤਾ ਹੈ ਜਿਸ ਵਿੱਚ ਦੋਹੇਂ ਧਿਰਾਂ ਨੂੰ ਹੀ ਅਲਿਖਤ ਵਾਦਿਆਂ ਤੇ ਸਾਂਝੀ ਸਰਕਾਰ ਚਲਾਣੀ ਹੁੰਦੀ ਹੈ।

ਇੱਕ ਦਿਨ ਅਸੀਂ ਆਪਣੇ ਕਾਕੇ ਨੂੰ ਪੁੱਛਿਆ: ਕਾਕਾ ਵੱਡਾ ਹੋ ਕੇ ਕੀ ਬਣੇਗਾ? ਕਾਕੇ ਦਾ ਫ਼ਟਾਕ ਜਵਾਬ ਸੀ :ਪਾਪਾ ਮੈਂ ਨਾ ,ਮੈਂ ਨਾ ਲਾੜਾ ਬਣੂੰਗਾ ਘੋੜੀ ਚੜ੍ਹ ਕੇ।

ਬਾਈ ਏਸ ਘੋੜੀ ਦੀ ਸਵਾਰੀ ਦੀ ਲਲਕ ਬੜੀ ਭੈੜੀ...

ਅਜਕੱਲ੍ਹ ਜਦੋਂ ਤੋਂ ਦੁੱਧ ਦੀ ਸ਼ੀਸ਼ੀ ਹੱਥੋਂ ਛੁੱਟਦੀ ਹੈ ,ਜੁਆਕ ਜੱਲੇ ਦੇ ਅੱਖਾਂ 'ਚ ਘੋੜੀ ਚੜ੍ਹਨ ਦੇ ਸੁਫ਼ਨੇ ਮਟਕ-ਹੁਲਾਰੇ ਲੈਣ ਲੱਗ ਪੈਂਦੇ ਹਨ।

''ਪਰਮ ਪੂਜਨੀਕ'' ਡਿਸ਼ ਆਂਟੀ ਨਾ ਦੀ ਮੇਹਰ ਬਾਨੀ ਸਦਕਾ ਹਰ ਕਾਕਾ ਕਿਸ਼ਨ ,ਰਾਂਝੇ ਤੇ ਫ਼ਰਹਾਦ ਨੂੰ ਵਿੱਸਰ ਕੇ ਮਿਰਜ਼ਾ ਬਣ ਬਣ ਬਹਿੰਦਾ ਏ ।ਚਰਿੱਤਰ ਦਿਨੋ ਦਿਨ ਭਾਰਤੀ ਰੁਪਈਆ ਹੁੰਦਾ ਜਾ ਰਿਹਾ ਹੈ। ਉੱਤੋਂ ਸਾਡੇ ਲੇਖਕਾਂ ਤੇ ਗਾਇਕਾਂ ਦੀ ਪੂਰੀ ਦੀ ਪੂਰੀ ਫੌਜ਼ ਬਕਾਇਦਾ ਤੇ ਨੇਮ ਨਾਲ ਇਸੇ ਵਿਸ਼ੇ ਨਾਲ 'ਵਿਸ਼ਾ' ਕਰਨ ਤੋਂ ਨਿਸੰਕੋਚੇ ਹੋ ਕੇ ,ਨਹਾ ਧੋ ਕੇ, ਏਸੇ ਰੰਡੀ ਰੋਣੇ ਦੇ ਹੀ ਕੈਸਟ ਭਰ ਭਰ ਵੇਚੀ ਜਾਂਦੇ ਹਨ:

- ਓਏ ਮੇਰੀ ਸ਼ਾਦੀ ਕਿਸੇ ਹੋਰ ਨਾਲ ਹੋ ਗਈ ,
- ਨੀ ਤੇਰਾ ਵਿਆਹ ਕਿਧਰੇ ਹੋਰ ਹੋ ਗਿਆ
- ਕੁੜੀ ਪਟਾਕਾ ,ਜਾਂ
- ਵਿਆਹ ਤੇਰੇ ਨਾਲ ਕਰਵਾਵਾਂਗੇ

-ਗੱਲ ਕੀ ! ਇਸ਼ਕ 'ਚ ਨਾਕਾਮੀ ਤਾਂ ਰਾਂਝੇ ਤੇ ਮਜਨੂੰ ਵੀ ਮਿਲੀ ਸੀ ਪਰ ਓਹਨਾਂ ਏਨਾ ਰੰਡੀ ਰੋਣਾ ਨਹੀਂ ਰੋਇਆ ਹੋਣਾ। ਗੀਤਕਾਰ ਵੀਰਾਂ ਕੋਲ ਸ਼ਾਇਦ ਵਿਸ਼ਿਆਂ ਦੀ ਥੋੜ ਹੈ ਤਾਂ ਹੀ ਤਾਂ ਓਹਨਾਂ ਦੀ ਕਲਮ 'ਬਲੈਕ ਆਈ ਬੋ'਼ ਤੋਂ 'ਗਾਂਹ ਨਹੀਂ ਜਾਂਦੀ.....ਲੱਕ ਦੇ ਹੁਲਾਰੇ ਤੱਕਦੀ ਹੈ ਜਾਂ ਫਿਰ ਵੈਣ ਕੀਰਨੇ ਲਿਖ-ਲਿਖ ਕੇ ਨੌਜਵਾਨ ਪੀੜ੍ਹੀ ਦਾ ਮਨੋਬਲ ਢਹਿ ਢੇਰੀ ਕਰਨ ਲਈ ਰੁੱਝੇ ਹੋਏ ਨੇ ਇਹ। ਮੇਰੀ, ਗੀਤਕਾਰ ਦੋਸਤਾਂ ਅੱਗੇ ਹੱਥ ਬੰਨ੍ਹ ਕੇ ਅਰਜ਼ ਏ: ਦੋਸਤੋ !ਸ਼ਾਦੀ ਹੋਣਾ ਜਾਂ ਪਸੰਦੀਦਾ ਜਗਹ ਤੇ ਸ਼ਾਦੀ ਨਾ ਹੋ ਸਕਣਾ ਏਸ ਬਿੰਦੀ ਤੋਂ 'ਗਾਂਹ ਹੀ ਜ਼ਿੰਦਗੀ ਹੈ ।ਪੂਰਾ ਵਿਸਤਰਿਤ ਕੈਨਵਸ ਹੈ ਭਰਪੂਰ ਜ਼ਿੰਦਗੀ ਲਈ ।

ਜ਼ਿੰਦਗੀ ,ਜਿਸ ਵਿੱਚ ਝਾਤ ਕਰ ਕੇ ਵੇਖਣ ਤੇ ਤੁਹਾਨੂੰ ਓਹ ਰੰਗ ਦਿੱਸਣਗੇ

ਜੋ ਤੁਹਾਡੀ ਕਲਮ ਨੂੰ ਨਿਖਾਰ ਬਖਸ਼ਣਗੇ। ਕਿਧਰੇ ਭੈਣ ਦੀਆਂ ਵੀਰ ਦੀ ਸਲਾਮਤੀ ਲਈ ਅਰਜੋਈਆਂ ,ਕਿਧਰੇ ਅਰਜ਼ੀਆਂ ਭਰਦੇ ਵਿਹਲੇ ਤੇ ਨਿਰਾਸ਼ ਹੱਥ ਹੋਣਗੇ।ਕਿਧਰੇ ਵਿਹਲੇ ਬੇਰੋਜ਼ਗਾਰ ਪੁੱਤ ਲਈ ਰੱਬ ਦੀ ਦਰਗਾਹ 'ਚ ਵਾਸਤੇ ਪਾਉਦੀ ਮੇਰੀ ਮਾਂ ਜਿਹੀ ਕਿਸੇ ਮਾਂ ਦੀ ਹੂਕ ਦਿਸੇਗੀ, ਦਾਰੂ ਬਾਜ਼ ਪਿਓ ਤੋਂ ਕੁੱਟ ਖਾ ਕੇ ਸਹਿਕਦੇ ਜਵਾਕਾਂ ਦੇ ਪਿੰਡੇ ਦੇ ਨੀਲ ਦਿੱਸਣਗੇ, ਕਰਜ਼ਾਈ ਕਿਰਸਾਨੀ ਦੀ ਮਜ਼ਬੂਰੀ ਦਿਸੇਗੀ ।

ਵੀਰੋ !ਘੇਸਲੇ ਨਾ ਬਣੀਏ ਤੇ ਵੇਲੇ ਦੀ ਹਾਕ ਸੁਣੀਏ ਕਿਉਂਕਿ ਹੋਰ ਵੀ ਕੰਮ ਨੇ ਜ਼ਮਾਨੇ ਵਿੱਚ ਸ਼ਾਦੀ ਦੇ ਬਿਨਾਂ

*

# *ਕੀ ਨਾਰੀ ਇਨਸਾਨ ਨਹੀਂ?ਕੀ ਨਾਰੀ ਵਿੱਚ ਜਾਨ ਨਹੀਂ!''*

'ਨਾ' ਕਾਬਿਲ ਫ਼ਰਾਮੋਸ਼ ''ਰੀ''ਤਾਂ , ਰਿਵਾਜ਼ਾਂ ਦੇ ਸੰਗਲਾਂ 'ਚ ਜਕੜੀ ਨਾਰੀ ਦੀ ਹਾਲ ਦਸ਼ਾ ਦਾ ਕੀ ਕਰੀਏ? ਨਾਰੀ-ਮੁਕਤੀ ਦੀ ਚਾਹਣਾ ਵਿੱਚ ਇਹ ਹੋਰ ਗੁਲਾਮ ਪੁਣੇ ਵਿੱਚ ਜਾ ਫ਼ਸੀ ਹੈ।

ਨਾਰੀ ਦੇ ਬਾਰੇ ਅਨੇਕਾਂ ਨਾਹਰੇ ਸੁਣਨ ਨੂੰ ਲੱਭਦੇ ਹਨ ।ਨਾਰੀ ਦੇ ਬਾਰੇ ਅਨੇਕਾਂ ਸੈਮੀਨਾਰ ਜਲਸੇ ਜਲੂਸ ਫੱਬਦੇ ਹਨ। ਅਨੇਕਾਂ ਕਲਮਾਂ ਕੁੱਖੋਂ ਹੱਥਲੇ ਲੇਖ ਵਰਗੇ ਲੇਖ਼ ਅਕਸਰ ਜਣਦੇ ਹਨ।

ਅਕਸਰ ਹੀ ਸ਼ਬਦਾਂ ਦੇ ਵਣਜਾਰੇ ਨਾਰੀ ਮੁਕਤੀ ਦੀ ਗੱਲ ਕਰਦੇ ਹਨ, ਪਰ ਮੇਰੀ ਕਲਮ ਰਤਾ ਕੁ ਹਟ ਕੇ ਸੋਚ ਦੀ ਗਾਗਰ ਵਿੱਚ ਮਧਾਣੀ ਪਾਉਣਾ ਲੋਚਦੀ ਹੈ। ਨਾਰੀ ਦੀ ਵਿੱਥਿਆ ਅਕਸਰ ਨਾਰੀ ਹੀ ਸੁਣਦੀ ,ਸਮਝਦੀ ਤੇ ਅਣਗੌਲਦੀ ਰਹੀ ਹੈ। ਅੱਜ, ਕੱਲ੍ਹ ਨਾਲੋਂ ਫ਼ਰਕ ਹੈ ਅਤੇ ਭਲਕੇ ਇਹ 'ਅੱਜ' ਵੀ ਨਹੀਂ ਰਹਿਣਾ।

ਅੱਜ ਤਰੇੜਾਂ ਨੇ ਸੰਯੁਕਤ ਪਰਿਵਾਰਾਂ ਨੂੰ ਨਿੱਕੇ ਪਰਿਵਾਰਾਂ ਵਿੱਚ ਵੰਡ ਦਿੱਤਾ ਹੈ ਅਤੇ ਏਸ ਵੰਡ ਨੇ ਵੰਡੀ ਹੋਈ ਜ਼ਿੰਮੇਦਾਰੀ ਕੱਲੀ ਤੇ ਪਾਈ ਹੈ। ਉੱਤੋਂ ਵਧਦੀ ਉਪਭੋਗਤਾ ਵਾਦ ਦੀ ਰੇਸ, ਕਾਰਣ, ਦੋਹੇਂ ਜੀਆਂ ਦਾ ਨੌਕਰੀਪੇਸ਼ਾ ਹੋਣਾ ਵੀ ਅਕਸਰ ਲੱਭਦਾ ਹੈ। ਹੁਣ ਨਾਰੀ, ਮੁਕਤੀ ਗੋਰਖ ਧੰਦੇ ਵਿੱਚ ਪੈਰ ਪਾ ਸ਼ਸੋਪੰਜ ਦਾ ਸ਼ਿਕਾਰ ਜਾਪਦੀ ਹੈ। ਨੌਕਰੀ ,ਦਫ਼ਤਰ ,ਪਤੀ, ਘਰ ਤੇ ਪਰਿਵਾਰ (ਬੱਚੇ) ਵਿੱਚ ਤਾਲ ਮੇਲ ਬਿਠਾਣਾ ਓਸ ਲਈ ਓਸ ਵੇਲੇ ਹੋਰ ਔਖਾ ਹੋ ਜਾਂਦੇ ਜਦੋਂ ਓਸ ਨੂੰ ਕੱਲਿਆਂ ਹੀ ਸਾਰੇ ਕਰਤੱਵ ਨਿਭਾਉਣੇ ਪੈ ਜਾਂਦੇ ਹਨ।

ਚਾਹੇ ਅੱਜ ਦਾ ਮਰਦ ਕਿੰਨੀ ਵੀ ਅਗਾਂਹ ਵਧੂ ਸੋਚ ਦਾ ਮਾਲਿਕ ਹੋ ਗਿਆ ''ਜਾਪਦੈ'' ਪਰੰਤੂ ਪਤਨੀ ਕੋਲੋਂ ਹੱਥ ਵੰਡਾਉਣ ਵੇਲੇ ਓਹ ਅਜੇ ਵੀ ਸੰਗਦਾ ਹੈ। ਉਹ ਅਜੇ ਵੀ ਇਹ ਚਾਹੁੰਦਾ ਹੈ ਕਿ ਪਤਨੀ ਮਹਿੰਗਾਈ ਦਾ ਮੁਕਾਬਲਾ ਕਰਨ ਲਈ ਨੌਕਰੀ ਵੀ ਕਰੇ, ਸੇਜ ਤੇ ਸੇਜ ਸੁੱਖ ਵੀ ਦੇਵੇ ਤੇ ਵਫ਼ਦਾਰ ਆਯਾ ਵਾਂਗ ਬੱਚਿਆਂ ਦੀ ਸੇਵਾ ਵੀ ਕਰੇ ,ਪਰ ਆਪ ਓਹ ਪਤੀ ਪਰਮੇਸ਼ਵਰ ਹੀ ਬਣੇ ਰਹਿਣਾ ਲੋਚਦੇ ਹਨ। ਕਥਿਤ ਰੂਪ ਵਿੱਚ ''ਜ਼ੋਰੂ ਕਾ ਗੁਲਾਮ'' ਦੀ ਫ਼ੀਤੀ ਤੋਂ ਬਚਣ ਲਈ ਸਾਰਾ ਭਾਰ ਵਿਚਾਰੀ ਪਤਨੀ ਤੇ ਹੀ ਸੁੱਟ ਕੇ ਸਿਰਫ਼ 'ਮਰਦ' ਹੋਣ ਵਿੱਚ ਹੀ ਆਪਣੀ ਸ਼ਾਨ ਸਮਝਦੇ ਹਨ ਜਦਕਿ ਅਜੋਕੇ ਸਮੇਂ ਦੀ ਲੋੜ ਹੈ ਸਹਿਯੋਗ।

ਅੱਜ, ਜਦੋਂ ਪਰਿਵਾਰਾਂ 'ਚ ਤੋੜ ਵਿਛੋੜੇ ਹੋ ਕੇ ਛੋਟੇ ਪਰਿਵਾਰ ਹੋਂਦ 'ਚ ਆ ਰਹੇ ਹਨ ਅਜਿਹੇ ਮੌਕੇ ਸੰਯੁਕਤ ਪਰਿਵਾਰਾਂ ਦੀ ਕਦਰ ਕਰਨੀ ਬਣਦੀ ਹੈ। ਸੰਯੁਕਤ ਪਰਿਵਾਰਾਂ ਨੂੰ ਤੋੜਨ ਤੋਂ ਗੁਰੇਜ਼ ਜ਼ਰੂਰੀ ਹੈ। ਜੇ ਕਿਸੇ ਕਾਰਨ ਸੰਯੁਕਤ ਪਰਿਵਾਰ ਛੋਟੇ ਪਰਿਵਾਰ ਤਬਦੀਲ ਹੋ ਵੀ ਜਾਂਦੇ ਤਾਂ ਪਤੀ ਨੂੰ ਚਾਹੀਦੈ ਪਤਨੀ ਦਾ ਪੂਰਾ ਪੂਰਾ ਸਹਿਯੋਗ ਦੇਵੇ। ਪਤਨੀ ਦੇ ਦੁੱਖਾਂ ਦਾ ਹਮਦਰਦ ਬਣਕੇ ਹੀ ਪਤੀ ਆਦਰਸ਼ ਪਤੀ ਅਖਵਾ ਸਕਦਾ ਹੈ। ਪਤੀ, ਜੇ ਛੋਟੀ ਮੋਟੀ ਤਕਲੀਫ਼ ਦੌਰਾਨ ਪਤਨੀ ਨੂੰ ਆਰਾਮ ਦੇ ਸਕਣ ਵਾਲੇ ਛੋਟੇ ਮੋਟੇ ਕੰਮ ਕੋਲੋਂ ਕਰਵਾ ਦੇਵੇ ਤਾਂ ਕੋਈ ਹਰਜ਼ ਤਾਂ ਨਹੀਂ। ਅਸੀਂ ਸਾਰੇ ਜਾਣਦੇ ਹਾਂ ਕਿ ਲਗਾਤਾਰ ਕੰਮ ਕਰ ਕੇ ਕੰਮ ਪਿਛੋਂ ਹਰ ਇਨਸਾਨ ਦਾ ਸਰੀਰ ਥਕਾਵਟ ਮੰਨਦਾ ਹੈ ਤਾਂ ਫੇਰ ਨਾਰੀ ਨੂੰ ਪੂਰਾ ਆਰਾਮ ਦਾ ਹੱਕ ਕਿਉਂ ਨਹੀਂ। ਨਾਰੀ ਨੂੰ ਹੱਡ ਮਿੱਝ ਦਾ ਪੁਤਲਾ ਨਾ ਜਾਣ ਕੇ ਮਸ਼ੀਨ ਮੰਨਣ ਵਾਲਿਓ! ਨਾਰੀ ਮਸ਼ੀਨ ਨਹੀਂ ਹੈ ਜਾਨਦਾਰ ਹੈ ਜਿਸ ਵਿਚ ਜਾਨ ਵੀ ਹੈ ਅਤੇ ਕੋਮਲ ਭਾਵਨਾਵਾਂ ਵੀ ਹਨ।ਇੱਕ ਵਾਰ ਪ੍ਰੀਤ ਲੜੀ 'ਚ ਪੜ੍ਹਿਆ ਸੀ ਕਿ ਦਾਰ ਜੀ (ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ) ਦਾ ਆਪਣੇ ਅਸਰ ਹੇਠ ਆਉਂਦੇ ਲੋਕਾਂ ਨੂੰ ਇਹ ਆਖਣਾ ਸੀ ਕਿ ਜੇ ਤੁਹਾਡੀ ਜ਼ਨਾਨੀ ਬਾਹਰੋਂ ਥੱਕੀ ਆਉਂਦੀ ਹੈ ਤਾਂ ਇਹ ਉਹਦਾ ਵੀ ਹੱਕ ਬਣਦੈ ਕਿ ਤੁਸੀਂ (ਪਤੀ ਜੀ) ਜੇ ਘਰ ਹੋ ਤਾਂ ਤੁਸੀਂ ਉਸ ਨੂੰ ਪਾਣੀ ਦਾ ਗਿਲਾਸ ਦਿਓ ,ਹੋ ਸਕੇ ਤਾਂ ਚਾਹ ਬਣਾ ਕੇ ਦਿਓ। (ਨਾਰੀ) ਪਤਨੀ ਦੇ ਦੁਖਦੇ ਸਿਰ ਨੂੰ ਘੁੱਟ ਦਿਓ। ਧੰਨ ਸਨ ਦਾਰ ਜੀ ਜਿਨ੍ਹਾਂ ਦਾ ਵਿਚਾਰ ਔਰਤ ਦੇ ਹੱਕਾਂ ਬਾਰੇ ਏਨੇ ਅਗਾਂਹ ਵਧੂ ਸੀ। 'ਪੂਨਮ' ਜੀ ਨੇ ਲਿਖਿਆ ਸੀ ਕਿ ਸਿਰਫ਼ ਕਹਿਣ ਤੱਕ ਹੀ ਨਹੀਂ ਬਲਕਿ ਕਾਰਜ ਰੂਪ ਵਿਚ ਵੀ ਸਾਡੇ ਘਰ ਇਹ ਸਭ ਮੌਜੂਦ ਸੀ।

ਬੱਚੇ ਦਾ ਲਾਲਣ ਪਾਲਣ ਕਰਦਿਆਂ ਸਾਰੀ ਜਿੰਮੇ ਵਾਰੀ ਪਤਨੀ ਤੇ ਸੁੱਟ ਕੇ ਆਪ ਨਿਰਲੇਪ ਹੋਣ ਨਾਲ ਕੀ ਪਤੀ ਆਪਣੀ ਪਤਨੀ ਨਾਲ ਨਿਆਂ ਕਰਦੇ ਹਨ?!ਉਸ ਪਤਨੀ ਨਾਲ,ਜੋ ਪਤਨੀ, ਪਤੀ ਦੀ ਹਰ ਮੁਸ਼ਕਿਲ ਦੂਰ ਕਰਨ ਲਈ ਨੌਕਰੀ ਕਰਦੀ ਹੈ ਜਾਂ ਪਤੀ ਦੇ ਵਪਾਰ 'ਚ ਬਰਾਬਰ ਮੇਹਨਤ ਕਰਦੀ ਹੈ।ਕੁਝ ਛੋਟੇ ਛੋਟੇ ਕੰਮ ਕਰਕੇ ਪਤੀ , ਪਤਨੀਆਂ ਦੀ ਨਜ਼ਰ 'ਚ ਬਹੁਤ ਉੱਚੇ ਉਠ ਸਕਦੇ ਹਨ।ਯਕੀਨ ਨਹੀਂ ਤਾਂ ਇੱਕ ਵਾਰ ਤਾਂ ਇਹ ਅਜ਼ਮਾ ਵੇਖੋ:

- ਕਦੇ ਸਵੇਰੇ ਬੈੱਡ ਟੀ ਆਪ ਬਣਾ ਕੇ ਫਿਰ ਘਰਵਾਲੀ ਨੂੰ ਜਗਾ ਕੇ ਵੇਖੋ
- ਕਦੇ ਛੋਟੇ ਬੱਚੇ ਨੂੰ ਆਪਣੇ ਕੋਲ ਸੰਵਾ ਕੇ ਵੇਖੋ ,ਹੋ ਸਕੇ ਤਾਂ ਰਾਤੀਂ ਬੱਚੇ ਨੂੰ ਇੱਕ ਦੋ ਵਾਰ ਪੇਸ਼ਾਬ ਵੀ ਆਪ ਕਰਵਾਵੋ। ਆਪਣੇ ਛੋਟੇ ਬੱਚੇ ਦੇ ਲਈ ਫ਼ੀਡਰ ਤਿਆਰ ਕਰ ਕੇ ਦਿਓ ।ਫਿਰ ਵੇਖਣਾ ,ਕਿਤਨਾ ਆਤਮਕ ਆਨੰਦ ਮਿਲਦਾ ਹੈ। ਰਤਾ ਕੁ ਤੁਸੀਂ ਵੀ ਮਰਦ ਹੋਣ ਦਾ ਫ਼ੋਕਾ ਅਹੰ ਤਿਆਗ ਕੇ ਆਪਣੀ ਘਰਵਾਲੀ ਦੇ ਹਮਦਰਦ ਬਣ ਕੇ ਵੇਖੋ ਤੁਸੀਂ ਸੱਚੀਂ ਮੁੱਚੀਂ ਹੀ ਪਤੀ ਪਰਮੇਸ਼ਵਰ ਦਾ ਅਹੁਦਾ ਪ੍ਰਾਪਤ ਕਰ ਲਵੋਂਗੇ। ਫ਼ੇਰ ਕਿਸੇ ਨੂੰ ਇਹ ਲਿਖਣ ਦੀ ਲੋੜ ਨਹੀਂ ਰਹੇਗੀ

"ਕੀ ਨਾਰੀ ਇਨਸਾਨ ਨਹੀ ?ਕੀ ਨਾਰੀ ਵਿਚ ਜਾਨ ਨਹੀਂ?"

*

# ਪਿਆਰ : ਅਨਮੋਲ ਤੋਹਫਾ ਕੁਦਰਤ ਦਾ

ਬਿਨਾਂ ਕਿਸੇ ਸਾਜ਼ ਦੇ ਅਜੀਬ ਜਿਹੀ ਰੁਣਝੁਣ ਸਾਰੇ ਸਰੀਰ ਵਿਚ ਛਿੜ ਜਾਂਦੀ ਹੈ।ਰੂਹ ਤੱਕ ਨਸ਼ਾ ਨਸ਼ਾ ਮਹਿਸੂਸ ਹੋਣ ਲੱਗ ਪੈਂਦਾ ਹੈ। ਸ੍ਰਿਸ਼ਟੀ ਦਾ ਕਣ ਕਣ ਸੁਹਣਾ

ਲੱਗਣ ਲੱਗ ਪੈਂਦਾ ਹੈ। ਹਰ ਵੇਲੇ 'ਉਹ' ਪਾਸ ਪਾਸ ਹੀ ਭਾਸਦਾ ਹੈ ਭਾਵੇਂ ਉਹ ਕੋਲ ਹੋਵੇ ਜਾਂ ਕਿ ਨਾ ਹੋਵੇ।ਇਸ ਸਭ ਤੋਂ ਵੱਧ ਕੇ ਦਿਲ ਤੇ ਦਿਮਾਗ ਨੂੰ ਅਕਹਿ ਸਕੂਨ ਮਹਿਸੂਸ ਹੁੰਦਾ ਹੈ।

ਇਹ ਸਾਰੇ ਲੱਛਣ ਨੇ ਰੱਬ ਰੂਪ ਜਜ਼ਬੇ 'ਸੱਚੇ ਪਿਆਰ' ਦੇ। ਵੈਸੇ ਤਾਂ ਪਿਆਰ ਝੂਠਾ ਨਹੀਂ ਹੁੰਦਾ ਪਰ ਕੁਝ ਹੋਛੇ ਸ਼ੂਹਦੇ ਪਿਆਰ ਨੂੰ ਜੂਠਾ ਜ਼ਰੂਰ ਕਰ ਦੇਂਦੇ ਹਨ।

ਪਿਆਰ ਕਰਨ ਵਾਲੇ ਪੱਥਰ ਦੇ ਬੁੱਤ ਨੂੰ ਵੀ ਇਨਸਾਨ ਕੀ ਭਗਵਾਨ ਕਰ ਦੇਂਦੇ ਨੇ।

ਅੱਜ ਜੇ ਪਿਆਰ-ਮੁਹੱਬਤ ਜਿਹੇ ਪਾਕਿ-ਪਵਿੱਤਰ ਲਫ਼ਜ਼ਾਂ ਦੇ ਮੁੱਖ ਮਲੀਨ ਦਿਸਦੇ ਨੇ ਤਾਂ ਇਸ ਦਾ ਕਾਰਨ ਹੈ ਕਿ ਪਿਆਰ ਮੁਹੱਬਤ ਦੀ ਪਾਕੀਜ਼ਗੀ ਨੂੰ ਹਵਸ ਤੇ ਵਾਸਨਾ ਨੇ ਮੁਖੌਟੇ ਦੀ ਤਰ੍ਹਾਂ ਧਾਰਨ ਕੀਤੈ, ਨਤੀਜਨ ਪਾਕਿ ਮੁਹੱਬਤ ਵੀ ਬਦਨਾਮ ਜਿਹੀ ਹੋ ਗਈ!!?

ਮੁਹੱਬਤ! ਜੋ ਨਸ਼ਾ ਹੈ ਜਨੂੰਨ ਹੈ। ਨਸ਼ਾ ਹੁੰਦਿਆਂ ਵੀ ਆਵਾਰਗੀ ਨਹੀਂ, ਸਕੂਨ ਹੈ।

ਇਹ ਮੁਹੱਬਤ ਅਗਰ ਇਨਸਾਨ ਨੂੰ ਇਨਸਾਨ ਨਾਲ ਹੁੰਦੀ ਹੈ ਤਾਂ ਉਹ ਦੁਨੀਆਂ ਅਤੇ ਦੌਲਤ ਦੀ ਪਰਵਾਹ ਨਹੀਂ ਕਰਦਾ ਹੈ ਅਗਰ ਏਹੀ ਮੁਹੱਬਤ ਕਿਸੇ ਇਨਸਾਨ ਨੂੰ ਪਰਿਵਰਦੀਗਾਰ ਨਾਲ ਹੁੰਦੀ ਹੈ ਤਾਂ ਉਹ ਦਿਲ ਦੌਲਤ ਦੁਨੀਆ ਕਿਸੇ ਦੀ ਵੀ ਪਰਵਾਹ ਨਹੀਂ ਕਰਦਾ।

ਪਿਆਰ ਇਬਾਦਤ ਹੈ, ਖੁਦਾ ਹੈ; ਇਸ ਦੁਨੀਆਂ ਤੇ ਦੁਨੀਆਂਦਾਰੀ ਦਾ ਆਧਾਰ ਹੈ। ਇਨਸਾਨ-ਪੁਰੇ ਦੇ ਨਿਰਮਾਣ ਦੀ ਨੀਂਹ ਹੈ ਇਹ ਪਿਆਰ।

ਇਸ ਜਗਤ ਅੰਦਰ ਇਸ ਜਗਤ ਦੇ ਜੜ੍ਹ ਚੇਤਨ ਚਰਿੰਦ ਪਰਿੰਦ ਆਦਿ ਨੂੰ ਪਿਆਰ ਨਿਰਸਵਾਰਥ ਪਿਆਰ ਕਰਕੇ ਤਾਂ ਵੇਖੀਏ ਇਹ ਜ਼ਿੰਦਗੀ ਕਿੰਨੀ ਖੂਬਸੂਰਤ ਬਣ ਜਾਂਦੀ ਹੈ।

ਜੇਕਰ ਅੱਜ ਹਰ ਦਿਲ ਤੇ ਅਸ਼ਾਂਤੀ ਕਬਜ਼ਾ ਕਰੀ ਬੈਠੀ ਹੈ ਤਾਂ ਇਸ ਦਾ ਕਾਰਨ ਹੈ ਦਵੈਤ ਭਾਵਨਾ ਯਾਨੀ ਕਿ ਦੋਹਰੀ ਸੋਚ ਤੇ ਦੋਹਰਾ ਮਾਪਦੰਡ।

ਕਾਸ਼! ਹਰ ਅੱਖ ਨੂੰ ਮੁਹੱਬਤ ਦਾ ਸੁਰਮਾ ਪ੍ਰਾਪਤ ਹੋ ਜਾਵੇ! ਕਿਉਂਕਿ, ਜਦੋਂ ਅਸੀਂ ਕਿਸੇ ਨੂੰ ਪਿਆਰ ਕਰਦੇ ਹਾਂ ਤਾਂ ਜਿਸ ਨੂੰ ਅਸੀਂ ਪਿਆਰ ਕਰਦੇ ਹਾਂ ਉਸ ਵਿਚ ਸਾਨੂੰ ਔਗੁਣ ਨਜ਼ਰੀਂ ਹੀ ਨਹੀਂ ਪੈਂਦੇ। ਅਸੀਂ ਸਿਰਫ ਗੁਣ ਵੇਖਣ ਵਾਲੇ ਬਣ ਜਾਂਦੇ ਹਾਂ। ਸਾਡਾ ਦ੍ਰਿਸ਼ਟੀ ਕੋਣ ਤਬਦੀਲ ਹੋ ਜਾਂਦਾ ਹੈ ਫਿਰ ਅਸੀਂ ਜੋ ਨਹੀਂ ਹੈ ਉਹ ਵੇਖਣ ਦੀ ਥਾਂ ਤੇ ਜੋ ਕੁਝ ਮੌਜੂਦ ਹੈ ਉਹ ਵੇਖਣ ਦੀ ਆਦਤ ਵਿਕਸਿਤ ਕਰ ਲਵਾਂਗੇ। ਅਦਵੈਤਵਾਦ ਵਿਕਸਿਤ ਹੋ ਜਾਵੇਗਾ। ਅਦਵੈਤਵਾਦ ਵਿਕਸਿਤ ਹੋਵੇਗਾ ਤਾਂ ਸਮਾਜਿਕ ਅਤੇ ਪਰਿਵਾਰਿਕ ਕਲੇਸ਼ ਦੂਰ ਹੋ ਜਾਣਗੇ। ਤਿਰਸਕਾਰ ਦੀ ਭਾਵਨਾ ਦਾ ਅੰਤ ਹੋ ਜਾਵੇਗਾ, ਤਿਰਸਕਾਰ ਦੀ ਭਾਵਨਾ ਜਦੋਂ ਨਾ ਹੋਈ ਤਾਂ ਫਿਰ ਹਰ ਘਰ ਦਾ ਹਰ ਜੀਅ ਆਪੇ ਸਦਭਾਵਨਾ ਨਾਲ ਰਹੇਗਾ।

ਸਮਾਜ ਅਤੇ ਮਾਤਾ ਪਿਤਾ ਲਈ ਬੇਟਾ ਬੇਟੀ ਇਕ ਸਮਾਨ ਪਿਆਰੇ ਹੋਣਗੇ। ਸੱਸ ਪ੍ਰਤੀ ਵਿਆਪਕ ਰੋਸ ਗਿਲਾ ਗਾਇਬ ਹੋ ਜਾਵੇਗਾ। ਨੂੰਹਾਂ ਵੀ ਸੱਸਾਂ ਅਤੇ ਆਪਣੀਆਂ ਮਾਵਾਂ ਵਿੱਚ ਵਿਤਕਰਾ ਨਹੀਂ ਕਰਨਗੀਆਂ।

ਇਹ ਵਿਤਕਰਾ ,ਜੋ ਤਮਾਮ ਕਲੇਸ਼ਾਂ ਦੀ ਜੜ ਹੈ ਜਦੋਂ ਮਨਾਂ ਵਿੱਚੋਂ ਇਸ ਦਾ ਹੀ ਬੀਅ ਨਾਸ਼ ਹੋ ਜਾਵੇਗਾ ਤਾਂ ਸਭ ਕੁਝ ਆਪਣੇ ਆਪ ਹੀ ਠੀਕ ਹੁੰਦਾ ਜਾਵੇਗਾ।

ਇੱਕ ਪਿਆਰ ਦੀ ਭਾਵਨਾ ਵਿਕਸਿਤ ਕਰ ਕੇ ਵਿਅਕਤੀ ਪਰਿਵਾਰ, ਮੁਹੱਲੇ

ਪਿੰਡ ਨਗਰ ,ਮਹਾਨਗਰ, ਪ੍ਰਾਂਤ ,ਦੇਸ਼, ਵਿਸ਼ਵ ਕੀ ਬ੍ਰਹਿਮੰਡ ਵਿਚ ਸ਼ਾਂਤੀ ਦਾ ਸਾਮਰਾਜ ਕਾਇਮ ਕਰਨ ਵਿਚ ਸਮਰੱਥ ਹੈ।

*

# *ਦਿਲ ਦੇ ਕੇ ਦੁਨੀਆਂ ਤੋਂ ਕੌਣ ਡਰੇ*

ਧੁਰ ਡੂੰਘਾ ਇੱਕ ਖਿਆਲ ਹਰ ਦਿਲ ਦੇ ਅੰਦਰ ਵੱਸਦਾ ਰਿਹਾ ਹੈ ,ਵੱਸ ਰਿਹਾ ਹੈ, ਵੱਸਦਾ ਰਹੇਗਾ ; ਉਹ ਖਿਆਲ, ਉਹ ਵਿਚਾਰ ,ਉਹ ਭਾਵਨਾ ਹੈ ਪਿਆਰ।

ਪਿਆਰ ਦੀ ਭਾਵਨਾ ਨਾਲ ਗੜੁੰਦ ਦਿਲ ਭਾਵੇਂ ਅੱਜ-ਕੱਲ੍ਹ ਵਿਰਲੇ ਵਾਂਝਿਆਂ ਹੀ ਮਿਲਦੇ ਹਨ ਪ੍ਰੰਤੂ ਇਸ ਤਰ੍ਹਾਂ ਦੇ ਦਿਲ ਅਨਮੋਲ ਹੋਇਆ ਕਰਦੇ ਨੇ।

ਪਿਆਰ, ਸੱਸੀ ਨੇ ਕੀਤਾ, ਲੈਲਾ ਨੇ ਪਾਇਆ, ਹੀਰ ਨੇ ਕਮਾਇਆ, ਸਾਹਿਬਾਂ ਨੇ ਵਰਚਾਇਆ। ਮੀਰਾਂ ਬਾਈ ,ਰਾਧਾ, ਰੁਕਮਣੀ ਨੇ ਕ੍ਰਿਸ਼ਨ ਮੁਰਾਰੀ ਨੂੰ ਆਪਣਾ-ਆਪਣਾ ਪਿਆਰ ਅਰਪਤ ਕੀਤਾ। ਸਭਨਾਂ ਦੇ ਪਿਆਰ ਦੀ ਗੁਣਾਤਮਕ ਸ਼ਕਤੀ ਵੱਖੋਂ ਵੱਖਰੀ ਹੋ ਸਕਦੀ ਹੈ ਪ੍ਰੰਤੂ ਇੱਕ ਗੱਲ ਇਹਨਾਂ ਸਭਨਾਂ ਵਿਚ ਸਾਂਝੀ ਹੈ ਕਿ ਇਹਨਾਂ ਜਦ ਪਿਆਰ ਕੀਤਾ ਤਾਂ ਸਿਰਫ ਪਿਆਰ ਕੀਤਾ। ਇਹਨਾਂ ਅਜਿਹਾ ਪਿਆਰ ਕੀਤਾ ਕਿ ਅਮਰ ਹੋ ਗਏ।

•ਮਰ ਗਏ ਓਹ ਪਿਆਰ ਵਿੱਚ, ਹੋਏ ਅਮਰ

ਉਹਨਾਂ ਦਾ ਪਿਆਰ ਦੀਨ ਦੌਲਤ ਅਤੇ ਦੁਨੀਆਂ ਨੂੰ ਪਸੰਦ ਨਹੀਂ ਸੀ ਆਇਆ। ਸੋਹਣੀ ਚਨਾਬ ਨਾਲ ਚਨਾਬ ਹੋ ਗਈ। ਸੱਸੀ ਬਾਲੂ-ਰੇਤ ਵਿਚ ਸੁਰਖ-ਗੁਲਾਬ ਹੋ ਗਈ ।ਸਾਹਿਬਾਂ ਜੰਡ ਹੇਠਾਂ ਰੰਡ ਹੋ ਗਈ।ਮੀਰਾ ਨੂੰ ਜ਼ਹਿਰ ਪਿਆਲਾ ਪੀਣਾ ਪਿਆ।

•ਉਹਨਾਂ ਹਰ ਵੇਲੇ ਦੁੱਖ-ਦਰਦ ਮੁਸੀਬਤਾਂ ਝੱਲੀਆਂ ਬੜੀਆਂ ਬੜੀਆਂ;
ਯਾਰ! ਜਿਹਨੇ 'ਇਸ਼ਕ-ਨਮਾਜ਼ਾਂ' ਪੜ੍ਹੀਆਂ।

ਹੱਡ ਮਾਸ ਦੇ ਪੁਤਲੇ ਦਾ ਹੱਡ ਮਾਸ ਦੇ ਪੁਤਲੇ ਸੰਗ ਨਿਹੁੰ ਲੱਗਿਆ ,ਇਸ਼ਕ ਦਾ ਤੰਦੂਰ ਮੱਚਿਆ ,ਹੱਡਾਂ ਦਾ ਬਾਲਣ, ਜਿਗਰ ਪਲੇਥਣ ਦਿਲ ਦਾ ਮਾਸ ਖੁਰਾਕ ਹੋ ਗਈ। ਪ੍ਰੰਤੂ ਦਿਲ ਵਾਲਿਆਂ ਨੇ ਦੁਨੀਆ ਦੀ ਈਨ ਨਹੀਂ ਮੰਨੀ ਅਮਰ ਹੋ ਗਏ ਸਮੇਂ ਦੇ ਹਾਣੀ ਬਣ ਕੇ ਸਮੇਂ ਵਾਂਗਰ।

ਇਸ਼ਕ ਹਕੀਕੀ ਹੋਵੇ ਯਾ ਇਸ਼ਕ ਮਿਜਾਜ਼ੀ ਆਸ਼ਿਕਾਂ ਦੀ ਮਸੀਤ ਵੱਖਰੀ ਹੀ ਰਹੀ ਹੈ।

ਇਸ਼ਕ ਬੁੱਲੇ ਨੂੰ ਵੀ ਹੋਇਆ ਸੀ ਸਰਮਦ ਨੂੰ ਵੀ ਤੇ ਮਨਸੂਰ ਨੂੰ ਵੀ। ਇਸ਼ਕ ਸ਼ਮਸ ਤਬਰੇਜ ਨੂੰ ਵੀ ਹੋਇਆ ਸੀ। ਇਸ਼ਕ ਹਜ਼ਰਤ ਮੁਹੰਮਦ ਨੂੰ ਵੀ ਹੋਇਆ ਸੀ ਅਤੇ ਹਜ਼ਰਤ ਈਸਾ ਨੂੰ ਵੀ ।ਇਸ਼ਕ ਪਰੇਮ ਮੁਹੱਬਤ ਜਾਗ੍ਰਤ ਹੋਇਆ ਸੀ ਬਾਬਾ ਨਾਨਕ ਦੇ ਹਿਰਦੇ ਵਿਚ ਤੇ ਉਹਨਾਂ ਸੱਚਾ ਸੌਦਾ ਕੀਤਾ।

ਇਸ਼ਕ ਹਕੀਕੀ ਹੋਵੇ ਜਾਂ ਫਿਰ ਇਸ਼ਕ ਮਿਜ਼ਾਜੀ ਦੋਹਵਾਂ ਦੀ ਸਫਲਤਾ ਦੀ ਮੰਜ਼ਿਲ ਹਾਸਿਲ ਕਰਨ ਦੀ ਇੱਕੋ ਸ਼ਰਤ ਸੀ, ਹੈ ਤੇ ਰਹੇਗੀ : ਸੰਪੂਰਣ ਸਪਰਪਣ।

ਇਸ਼ਕ ਵਿਚ ਰਾਂਝਾ ਹੀਰ ਰੂਪ ਹੋ ਜਾਂਦੈ ਅਤੇ ਹੀਰ, ਰਾਂਝਣ-ਧੀਦੋ ਦਾ ਰੂਪ ਹੋ ਜਾਂਦੀ ਹੈ। ਰਾਧਾ, ਮੋਹਣ ਰੂਪ ਹੋ ਜਾਵੇ ਅਤੇ ਮੋਹਣ, ਰਾਧਾ ਰੂਪ, ਫਿਰ ਦੁਨੀਆ ਤੋਂ ਕੌਣ ਡਰੇ।

ਜਦ ਖੁਦ ਨੂੰ ਖੁਦ ਤੋਂ ਜੁਦਾ ਕਰੇ, ਖੁਦ ਬੰਦਾ ਖੁਦ ਨੂੰ ਖੁਦਾ ਕਰੇ।
ਜਦ ਬੰਦਾ ਖੁਦ ਨੂੰ ਖੁਦਾ ਕਰੇ ਤਾਂ ਖੁਦਾ ਖੁਦ ਦੁਨੀਆ ਤੋਂ ਕਿਓਂ ਡਰੇ?

ਦੁਨੀਆਂ'ਚ ਪਿਆਰ ਮਿਲੇ,ਕੋਈ ਦਿਲਦਾਰ ਮਿਲੇ,
ਦੁਨੀਆ ਨੂੰ ਕਹਿ ਦੇਈਏ ਪਰ੍ਹੇ ਪਰ੍ਹੇ,ਦਿਲ ਦੇ ਕੇ ਦੁਨੀਆ ਤੋਂ ਕੌਣ ਡਰੇ?!!

*

# ਕੁੜੀਆਂ ਤਾਂ ਕੁੜੀਆਂ ਨੇ.....ਤੇ ਮੁੰਡੇ ?!

ਕੁੜੀਆਂ ਬੇਸ਼ੱਕ ਧਿਰ ਵੀ ਨੇ ਤੇ ਧੁਰ ਵੀ। ਕੁੜੀਆਂ ਦੀ ਅਜ਼ਮਤ ਤੋਂ ਮੈਂ ਮੁਨਕਰ ਨਹੀਂ ਹਾਂ। ਇਹਨਾਂ ਨੂੰ ਕਥਿਤ ਕੈਦ ਕਰਨ ਵਾਲੇ 'ਪੱਪਿਆਂ' ਬਾਰੇ ਵੀ ਮੈਂ ਢੇਰ ਚਿਰ ਤੋਂ ਢੇਰ ਸਾਰਾ ਕੁਝ ਪੜ੍ਹਦਾ ਆ ਰਿਹਾ ਹਾਂ। ਮਸਲਨ ਪਿਤਾ ਪਤੀ ਪੁੱਤਰ ਪੋਤਰੇ ਆਦਿ ਪੱਪੇ ਜਿਹਨਾਂ ਬਾਰੇ ਧੂੰਆਂਧਾਰ ਪਰਚਾਰ ਹੈ ਕਿ ਇਹਨਾਂ ਨੇ ਔਰਤ ਨੂੰ ਕੈਦ ਕੀਤਾ ਹੋਇਆ ਹੈ ਅਤੇ ਇਹ ਸਮਾਜ ਮਰਦ ਪਰਧਾਨ ਸਮਾਜ ਹੈ।

ਕਲਮਾਂ ਲਿਖਦੀਆਂ ਨੇ ਕੁੜੀਆਂ ਤਾਂ ਕੁੜੀਆਂ ਨੇ ਕੁੜੀਆਂ ਦਾ ਕੀ ਏ....ਮੈਂ ਮਹਿਸੂਸ ਕਰਦਾ ਹਾਂ ਉਹ ਸਿੱਕੇ ਦਾ ਇੱਕ ਪਾਸਾ ਹੈ ਜੋ ਵਧੇਰੇ ਵਿਕਾਊ ਅਤੇ ਟੂੰਬਵਾਂ ਹੋਣ ਕਰਕੇ ਵਧੇਰੇ ਅਸਰ ਕਾਰੀ ਲੱਗਦੈ ਬੇਸ਼ੱਕ ਉਹ ਝੂਠ ਨਹੀਂ ਹੈ ਪਰ ਇੱਕ ਸੱਚ ਇਹ ਵੀ ਹੈ ਕਿ ਮੁੰਡਿਆਂ ਬਾਬਤ ਕਦੇ ਹੀ ਸ਼ਾਇਦ ਕਿਸੇ ਨੇ ਹਾਅ ਦਾ ਨਾਹਰਾ ਮਾਰਿਆ ਹੋਵੇ।

ਮਰਦ ਪਰਧਾਨ ਸਮਾਜ ਦੀ ਸੱਚਾਈ ਵੀ ਖੋਖਲੀ ਥੋਥੀ ਹੈ।

ਸ਼ੇਰਾਂ ਦੇ ਝੁੰਡ ਵਿਚ ਸ਼ਿਕਾਰ ਸ਼ੇਰਨੀ ਕਰਦੀ ਹੈ ।ਹਾਥੀਆਂ ਦੇ ਟੱਬਰ ਦੀ ਅਗਵਾਈ ਹਥਨੀ ਕਰਦੀ ਹੈ। ਲੱਖ ਮਰਦ ਪਰਧਾਨ ਕਹੀ ਜਾਵੋ, ਸਮਾਜ ਉਹੋ ਜਿਹਾ ਬਣਦਾ ਹੈ ਜਿਹੋ ਜਿਹਾ ਔਰਤ ਚਾਹੁੰਦੀ ਹੈ। ਨਵੀਂ ਨਸਲ ਨਵੀਂ ਪਨੀਰੀ ਸਮਾਜ ਨੂੰ ਦੇਣ ਵਾਲੀ ਮਹਾਂਸ਼ਕਤੀ 'ਮਾਂ',ਔਰਤ ਹੀ ਹੈ।

ਰੋਮਨ ਸਾਮਰਾਜ ਦੇ ਰਾਜ ਘਰਾਣੇ ਦੇ ਬੱਚੇ ਜਦ ਤੱਕ ਰਾਣੀਆਂ ਹੱਥੀਂ ਪਲਦੇ ਰਹੇ ਰੋਮਨ ਅਜੇਤੂ ਰਹੇ ਪਰ ਜਦੋਂ ਉਹਨਾਂ ਦੀ ਪਾਲਣਾਂ ਦਾ ਕਾਰਜਭਾਰ ਦਾਸਾਂ ਜ਼ੁੰਮੇ ਹੋ ਗਿਆ, ਰੋਮਨ ਸਾਮਰਾਜ ਹੀ ਪਤਨ ਵੱਲ ਹੋ ਤੁਰਿਆ।

ਮਾਂ ਸਿਰਜਕ ਹੈ ਤਾਂ ਹੀ ਤੇ ਲੋਕਧਾਰਾ ਵਿਚ 'ਫਿੱਟੇ ਮੂੰਹ ਤੇਰੀ ਮਾਂ ਦੇ ਜਿਹਨੇ ਤੈਨੂੰ ਮੱਤ ਨਾ ਦਿੱਤੀ'...ਅਤੇ 'ਸ਼ਾਬਾਸ਼ ਏ ਤੇਰੀ ਮਾਂ ਦੇ ਜਿਹਨੇ ਤੈਨੂੰ ਜੰਮਿਆ' ਜਿਹੇ ਵਾਕ ਆਦਿ ਤੋਂ ਹੀ ਪ੍ਰਚੱਲਤ ਰਹੇ ਹਨ।

ਮੁੰਡਿਆਂ ਨੂੰ ਮੁੰਡੇ ਹੋਣ ਕਾਰਣ ਜੋ 'ਐਸ਼-ਪਰਸਤੀ' (ਪ੍ਰਚਾਰਿਤ) ਲੱਭਦੀ ਹੈ ਉਸ ਨੂੰ ਤਾਂ ਸਾਰੇ ਵੇਖ ਲੈਂਦੇ ਨੇ ਪ੍ਰੰਤੂ ਜੋ ਤਣਾਵ ਜੋ ਮਾਨਸਿਕ ਪ੍ਰੇਸ਼ਾਨੀ ਉਹਨਾਂ ਨੂੰ ਹੰਡਾਉਣੀ ਪੈਂਦੀ ਹੈ ਮੈਂ ਉਸ ਬਾਰੇ ਚਰਚਾ ਕਰਨ ਲਈ ਯਤਨ ਕਰਾਂਗਾ।

ਲਬੋਂ ਕੇ ਹੁਸੀਨ ਤਬੱਸੁਮ ਕੋ ਤੋ ਸਭਨੇ ਦੇਖਲਿਆ
ਪੜੀ ਨਾ ਦਰਦੇ-ਜਿਗਰ ਪਰ ਨਜ਼ਰ ਜ਼ਮਾਨੇ ਕੀ

ਸਭ ਤੋਂ ਪਹਿਲਾ ਤੇ ਸਭ ਤੋਂ ਵੱਡਾ ਆਰਥਿਕ ਪੱਖ ਹੈ ਜੋ 'ਸਮਾਜ ਪ੍ਰਧਾਨ ਮਰਦਾਂ' ਦੀ ਮਰਦਾਨਗੀ ਨੂੰ ਹਲੂਣਦਾ ਚਰੂੰਡਦਾ ਰਹਿੰਦਾ ਹੈ।

ਵਧੇਰੇ ਪਰਿਵਾਰਾਂ ਦਾ ਆਰਥਿਕ ਪੱਖ ਮਰਦ ਹੀ ਸੰਭਾਲਦੇ ਹਨ ਤੇ ਇਹ ਉਹਨਾਂ ਦਾ ਫਰਜ਼ ਮੰਨਿਆਂ ਜਾਂਦਾ ਹੈ। ਇਹ ਮਰਦ ਦਾ ਹੀ ਫਰਜ਼ ਹੈ ਕਿ ਉਹ ਘਰੇਲੂ ਖਰਚਿਆਂ ਦੀ ਪੂਰਤੀ ਲਈ ਅਰਥ ਵਿਵਸਥਾ ਨੂੰ ਸਾਂਭੇ।

ਬੇਸ਼ੱਕ ਅੱਜ ਕੁਝ ਖੇਤਰਾਂ ਵਿਚ ਔਰਤ ਵੀ ਆਪਣੀ ਯੋਗਤਾ ਅਤੇ ਯੋਗਦਾਨ ਦੇਣ ਲੱਗ ਪਈ ਹੈ ਪਰ ਵਧੇਰੇ ਪਰਿਵਾਰਾਂ ਵਿਚ ਅਰਥ-ਵਿਵਸਥਾ ਦਾ ਬੋਝ ਮਰਦ ਦੇ ਮੋਢਿਆਂ ਤੇ ਹੀ ਹੈ।

ਅਕਸਰ ਪੜ੍ਹਦੇ ਸੁਣਦੇ ਹਾਂ ਤਾਂ ਮਾਂ ਦੀ ਮਮਤਾ ਬਾਰੇ ਹੀ ਪੜ੍ਹਦੇ ਤਾਂ ਯਾਨੀ ਸਮਾਜਕ ਗਲਿਆਰਿਆਂ ਵਿਚ ਵੀ ਮਰਦਾਂ ਦੀ ਗਿਣਤੀ, ਉਹਨਾਂ ਦੀ ਅਹਿਮੀਅਤ ਦਰਸਾਉਣ ਵੇਲੇ ਵਿਤਕਰੇ ਅਨੁਸਾਰ ਕੀਤੀ ਜਾਂਦੀ ਹੈ।

-ਮਾਂ ਅੱਵਲ ਹੈ ਬੇਸ਼ੱਕ, ਪਰ ਪਿਤਾ ??

ਮੈਂ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਕਿ ਪਿਤਾ ਨਾਮਕ ਜੀਵ ਦੀ ਦਸ਼ਾ ਬੜੀ ਵਿਕੋਲਿਤਰੀ ਲੱਭਦੀ ਹੈ। 'ਪਿਤਾ' , ਅਜਿਹਾ ਜੀਵ ਹੈ ਜਿਸ ਤੋਂ ਹਰ ਕੋਈ ਕੁਝ ਨਾ ਕੁਝ ਮੰਗ ਹੀ ਕਰਦਾ ਹੈ ਤੇ ਉਸ ਦੇ ਮੰਗ ਪੂਰੀ ਹੀ ਹੋਵੇ ਇਹ ਤਵੱਕੋਂ ਵੀ ਕੀਤੀ ਜਾਂਦੀ ਹੈ।

''ਪਿਤਾ'' ਹਰ ਇੱਕ ਪਰਿਵਾਰਕ ਜੀਅ ਦੇ ਨਿੱਕੇ ਮੋਟੇ ਮੰਗ-ਪੱਤਰ ਪੂਰੇ ਕਰਦਾ ਹੈ ਪ੍ਰੰਤੂ ਕੀ ਕਦੇ ਬਰੀਕੀ ਨਾਲ ਸੋਚਿਐ ਕਿ 'ਪਿਤਾ,' ਜੋ ਸਭ ਦੀ ਮੰਗ ਪੂਰੀ ਕਰਦਾ ਹੈ ਉਸ 'ਪਿਤਾ' ਦੀ ਵੀ ਕੋਈ ਖਾਹਿਸ਼ ,ਕੋਈ ਇੱਛਾ ,ਕੋਈ ਮੰਗ ਹੋਣੀ ਕੁਦਰਤੀ ਹੈ। ਉਸ ਖਾਹਿਸ਼ ਨੂੰ ਪੂਰੀ ਕਰਨ ਦੀ ਕੌਣ ਸੋਚੇਗਾ? ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਮਰਦਾਂ ਦੀ ਮੌਤ ਹਾਰਟ ਅਟੈਕ ਨਾਲ ਵਧੇਰੇ ਹੁੰਦੀ ਹੈ ਬਨਿਸਬਤ ਔਰਤਾਂ ਦੇ,ਕਾਰਣ:

-'ਮਰਦ ਬਣ'

-ਮਰਦ ਹੈ ਤੂੰ

-ਮਰਦਾਂ ਨੂੰ ਰੋਣਾ ਸ਼ੋਭਦਾ ਹੈ?!

ਅਜਿਹੀਆਂ ਕੁਝ ਗੱਲਾਂ ਕਰਕੇ ਮਰਦ ਦੁਖੀ ਹੋਣ ਤੇ ਵੀ ਖੁੱਲ ਕੇ ਨਹੀਂ ਰੋਂਦੇ ਅਤੇ ਮਾਨਸਿਕ ਬੋਝ ਵਧਦਾ ਜਾਂਦਾ ਹੈ ਜਦ ਕਿ ਔਰਤਾਂ ਰੋ ਕੇ ਵੀ ਆਪਣਾ ਬੋਝ ਹੌਲਾ ਕਰ ਸਕਦੀਆਂ ਹਨ। ਨਤੀਜਾ, ਕਿ ਔਰਤਾਂ ਦੀ ਮੌਤ ਹਾਰਟ ਅਟੈਕ ਨਾਲ ਘੱਟ ਹੁੰਦੀ ਹੈ।

ਮਰਦ ਨੂੰ ਨੌਲਣਾ ਖਵਰੇ ਇੱਕ ਰਿਵਾਜ ਬਣ ਤੁਰਿਆ ਹੈ।

ਘਰੇਲੂ ਤਨਾਤਣੀ ਵੇਲੇ ਵੀ ਵਧੇਰੇ ਪ੍ਰਤੀਸ਼ਤ ਮਰਦ ਹੀ ਕਸ਼ਟ ਭੋਗਦੇ ਹਨ।

ਭੇੜ ,ਔਰਤ ਬਿਰਾਦਰੀ ਦੇ ਅਧਿਕਾਰਾਂ ਤੇ ਕਰੱਤਵਾਂ ਦੀ ਹੁੰਦੀ ਹੈ ਪਰ ਪਿਸਦਾ ਵਿਚਾਰਾ ਮਰਦ ਹੈ। ਫਿਰ ਉਹ ਮਰਦ ਪਰਿਵਾਰ ਮੁਖੀ ਸਹੁਰਾ ਸਾਹਿਬ ਹੋਣ ਜਾਂ ਫਿਰ ਵਿਆਂਦੜ ਨੀਂਗਰ ਚੰਦ ਹੋਵੇ।

ਬਾਲ ਪਣੇ ਤੋਂ ਮੁੰਡੇ ਦੇ ਦਿਮਾਗ ਵਿਚ ਏਹੀ ਪਾਇਆ ਜਾਂਦੈ ਬਈ ਤੂੰ ਮੁੰਡਾ ਏ, ਮਰਦ ਪੱਠਾ ਹੈਂ, ਤੇਰਾ ਕੰਮ ਪੜ੍ਹਨਾ ਲਿਖਣਾ ਤੇ ਪੜ੍ਹ ਲਿਖ ਕੇ ਵੱਡਾ ਅਫਸਰ ਬਣਨਾ ਹੈ ,ਵੱਧ ਤੋਂ ਵੱਧ ਨੋਟ ਇਕੱਠੇ ਕਰਨੇ ਹਨ।

ਇਸੇ ਹੀ ਫੂਕ ਸਦਕਾ ਮੁੰਡੇ ਚੌਰਾਹੇ ਤੇ ਖੜ੍ਹੇ ਲੱਭਦੇ ਨੇ।ਪਰਿਵਾਰ/ਸਰਕਾਰਾਂ ਸਾਰਾਂ ਨਹੀਂ ਲੈਂਦੀਆਂ ,ਮੁੰਡੇ, ਮੁੰਡਿਆਂ ਤੋਂ ਮੁੰਡੀਹਰ ਬਣ ਜਾਂਦੀ ਹੈ ਫਿਰ ਸਮਾਜ ਉਨ੍ਹਾਂ ਨੂੰ ਹੀ ਨਿੰਦਦਾ ਨਹੀਂ ਥੱਕਦਾ।

ਪਰ ਮੇਰੀ ਜਾਚੇ, ਜੋਸ਼ ਭਰਪੂਰ ਜਵਾਨੀ ਨਿੰਦਣ ਯੋਗ ਨਹੀਂ ਹੈ। ਮੇਰੇ ਦੇਸ਼ ਦੀ ਨੌਜਵਾਨੀ ਪਿਆਰਣ ਯੋਗ ਹੈ। ਮੇਰੇ ਦੇਸ਼ ਦੀ ਜਵਾਨੀ ਨੂੰ ਮੁੰਡੀਹਰ ਕਹਿ ਕੇ ਨਿੰਦਣ ਵਾਲਿਓ !ਕਦੇ ਤੁਸੀਂ ਇਹਨਾਂ ਕੰਮ ਨੂੰ ਤਰਸਦੇ ਵਿਹਲੇ ਹੱਥਾਂ ਨੂੰ ਕੰਮ ਕਰਨ ਦੇ ਯੋਗ ਮੌਕੇ ਦੇ ਕੇ ਵੇਖਣਾ ਤੁਹਾਡੇ ਮੁਲਕ ਦਾ ਕਾਇਆ ਕਲਪ ਹੋ ਜਾਵੇਗਾ।

ਮੇਰੇ ਦੇਸ਼ ਦੇ ਨੌਜਵਾਨ ਮੁੰਡਿਆਂ ਨੂੰ ਟੀ. ਵੀ. ਰਾਹੀਂ ਮੱਤ-ਭਰਮ ਵਿਚ ਪਾਇਆ ਜਾ ਰਿਹੈ। ਬਿਜਲਈ ਸਾਧਨ ਮੇਰੇ ਦੇਸ਼ ਦੀ ਜਵਾਨੀ ਨੂੰ ਰੋਲ ਦੇਣਾ ਚਾਹੁੰਦੇ ਨੇ। ਪਿਆਰ ਤੋਂ ਵਿਰਵੀ ,ਸੰਵਾਦ ਹੀਨਤਾ ਦੀ ਸ਼ਿਕਾਰ ਮੇਰੇ ਦੇਸ਼ ਦੀ ਜਵਾਨੀ ਨੂੰ ਰੋਲਣ ਲਈ ਸਰਕਾਰਾਂ ਤਾਂ ਦੋਸ਼ੀ ਹਨ ਹੀ ਸਮਾਜ ਵੀ ਘੱਟ ਦੋਸ਼ੀ ਨਹੀਂ ;ਪਰਿਵਾਰ ਵੀ ਘੱਟ ਦੋਸ਼ੀ ਨਹੀਂ, ਜਿਸ ਨੇ ਬਾਲਪਣੇ ਤੋਂ ਹੀ ਪੈਸੇ ਕਮਾਉਣ ਦਾ ਨਿਸ਼ਾਨਾ ਤਾਂ ਦਿੱਤਾ ਪਰ ਸੰਸਕਾਰ, ਸੇਵਾ ,ਸਹਿਯੋਗ ਜਿਹੇ ਕੋਮਲ ਗੁਣਾਂ ਨਾਲ ਬਾਲ ਮਨਾਂ ਦਾ ਵਾਹ-ਵਾਸਤਾ ਨਾ ਪਾਇਆ।

ਸਮੇਂ ਸਿਰ ਰੁਜ਼ਗਾਰ ਨਾ ਮਿਲਣ ਤੇ ਵਿਹਲੇ ਹੱਥ ਵੈਰੀਆਂ ਦੇ ਟੇਟੇ ਚੜ੍ਹ ਕੇ ਉਹਨਾਂ ਦੇ ਹੱਥ ਠੋਕੇ ਬਣ ਜਾਂਦੇ ਹਨ ਨਤੀਜਾ ਵਿਕਾਸ ਕਰਨ ਵਾਲੇ ਕਰਮਯੋਗੀ,ਵਿਨਾਸ਼ਕ ਅਸਤਰ ਹੋ ਨਿਬੱੜਦੇ ਹਨ ਜਾਂ ਟਰੈਵਲ ਏਜੰਟਾਂ ਦੇ ਹੱਥੇ ਚੜ੍ਹ ਮਾਲਟਾ ਕਾਂਡ ਜਿਹੇ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਆਰਥਿਕ ਮੋਰਚੇ ਤੇ ਸਮਾਜਿਕ ਹਾਲਾਤ ਅਤੇ ਰਾਜਨੀਤਕ ਲੂੰਬੜ ਚਾਲਾਂ ਨਾਲ ਦਸਤਪੰਜਾ ਲੈਂਦਿਆਂ 'ਸਖਤ ਕੁਰਖਤ ਪੱਥਰ ਦਿਲ ਮੁੰਡੇ' ਬਚਪਣ ,ਜਵਾਨੀ ,ਬੁਢੇਪਾ ਗੁਜ਼ਾਰ ਤੁਰਦੇ ਬਣਦੇ ਹਨ।

ਪਰ ਕਦੇ ਕਿਸੇ ਨੂੰ ਦਰਦ ਨਹੀਂ ਆਇਆ ਕਿ ਕੋਈ ਕਹੇ ਹਮਦਰਦੀ ਦੇ ਦੋ ਬੋਲ...?!!!

*

# ਮਿਹਨਤੀ ਦੇ ਦੋ ਹੱਥ, ਨਹੀਂ ਅਲਾਦੀਨ ਦੇ ਚਿਰਾਗ ਤੋਂ ਘੱਟ.....

-ਮਿਹਨਤ ਕਰਨ ਵਾਲੇ ਜਦੋਂ ਇਸ ਜਗਤ ਤੋਂ
ਆਪਣੇ ਵੰਡੇ ਆਉਂਦੀ ਦੁਨੀਆ ਦੀ ਮੰਗ ਕਰਨਗੇ
ਤਾਂ ਇੱਕ ਬਾਗ ਜਾਂ ਇੱਕ ਖੇਤ ਨਹੀਂ
ਉਹ ਪੂਰੀ ਦੀ ਪੂਰੀ ਦੁਨੀਆ ਹੀ ਮੰਗਣਗੇ...

..ਅਜਿਹੇ ਕੁਝ ਭਾਵ ਬਿਆਨ ਕਰਦੇ ਫ਼ਿਲਮ 'ਮਜ਼ਦੂਰ' ਦੇ ਗੀਤ ਨੂੰ ਸੁਣਦਿਆਂ ਅਨੇਕਾਂ ਵਿਚਾਰ ਦਿਮਾਗ ਵਿਚ ਤਾਰੀਆਂ ਲਾਉਣ ਲੱਗੇ ਕਿ ਬੇਸ਼ੱਕ ਏਦਾਂ ਹੀ ਹੋਣੈ ਜਦੋਂ ਵੀ ਹੋਇਆ।

ਇਹ ਦੋ ਹੱਥ ਵਰਦਾਨ ਹਨ ਕੁਦਰਤ ਦਾ, ਇਸ ਇਨਸਾਨ ਲਈ ਇਹਨਾਂ ਦੋ ਹੱਥਾਂ ਦੇ ਨਾਲ ਨਾਲ ਕੁਦਰਤ ਵੱਲੋਂ ਇਨਸਾਨ ਨੂੰ ਇੱਕ ਬੁੱਧੀਮਾਨ ਦਿਮਾਗ ਦੀ ਬਖਸ਼ਿਸ਼ ਵੀ ਕੀਤੀ ਗਈ ਹੈ। (ਇਹ ਉਸਨੂੰ ਵਰਤੇ ਜਾਂ ਨਾ!)

ਸ਼ਾਇਦ ਕੁਦਰਤ ਇਸ ਤੋਂ ਵਧੇਰੇ ਵਧ ਕੇ ਇਨਸਾਨ ਨੂੰ ਕੋਈ ਹੋਰ ਤੋਹਫਾ ਦੇ ਵੀ ਨਾ ਸਕਦੀ ਹੋਵੇ।

ਅਸੀਂ ਬਾਲਪਣੇ ਤੋਂ ਇੱਕ ਕਰਾਮਾਤੀ 'ਅਲਾਦੀਨ, ਦੇ ਚਿਰਾਗ' ਦੀ ਕਹਾਣੀ ਸੁਣਦੇ ਰਹੇ ਹਾਂ ਜਿਸ ਨੂੰ ਰਗੜਿਆਂ ਇੱਕ ਜਿੰਨ ਪੈਦਾ ਹੋ ਜਾਂਦਾ ਅਤੇ ਚਿਰਾਗ ਦੇ ਮਾਲਿਕ ਦੀ ਹਰ ਇੱਛਾ ਮਨਸ਼ਾ ਨੂੰ ਪੂਰੀ ਕਰਦਾ।

ਅੱਜ ਵੀ ਬੱਚੇ ਇਸ ਕਹਾਣੀ ਦਾ ਕਾਰਟੂਨ ਰੂਪ ਵੇਖ ਕੇ ਆਨੰਦਿਤ ਹੁੰਦੇ ਨੇ। ਇਹ ਕਹਾਣੀ ਨੂੰ ਵੇਖਦਿਆਂ, ਪੜ੍ਹਦਿਆਂ, ਸੁਣਦਿਆਂ, ਇਸ ਕਹਾਣੀ ਨੂੰ ਪੜ੍ਹਣ ਸੁਨਣ ਵੇਖਣ ਵਾਲੇ ਦੇ ਮਨ ਵਿਚ ਇੱਕ ਫੁਰਨਾ ਸਹਿਜ ਭਾਅ ਨਾਲ ਜ਼ਰੂਰ ਫੁਰਦਾ ਕਿ ਕਾਸ਼। ਅਜਿਹਾ ਕਰਾਮਾਤੀ ਚਿਰਾਗ ਸਾਡੇ ਕੋਲ ਵੀ ਹੋਵੇ!!

ਜੇ ਮੈਂ ਇਹ ਕਹਾਂ ਕਿ ਕੁਦਰਤ/ਰੱਬ/ਈਸ਼ਵਰ ਵੱਲੋਂ ਇਹ ਦਾਤ ਸਾਨੂੰ ਸਭਨਾਂ ਨੂੰ ਹੀ ਜਮਾਂਦਰੂ ਪ੍ਰਾਪਤ ਹੋਈ ਹੈ ਤਾਂ....?! ਅਚੰਭਿਤ ਨਾ ਹੋਵੋ, ਮੈਂ ਠੀਕ ਆਖ ਰਿਹਾ ਹਾਂ।

ਇਹ 'ਦੋ ਹੱਥ ਅਤੇ ਸਿਹਤਮੰਦ ਦਿਮਾਗ' ਇਹ ਅਲਾਦੀਨ ਦਾ ਚਿਰਾਗ ਹੀ ਤਾਂ ਹਨ। ਆਓ ਇਸ ਤੇ ਵਿਚਾਰ ਕਰਕੇ ਵੀ ਵੇਖੀਏ।

ਆਦਿ ਮਾਨਵ ਤੋਂ ਸ਼ੁਰੂ ਹੁੰਦੀ ਹੈ ਜੀਵਨ ਯਾਤਰਾ ਆਦਮ ਜ਼ਾਤ ਦੀ। ਉਹ ਵੀ ਵੇਲੇ ਸੀ ਜਦ ਮਨੁੱਖ ਤੇ ਜਨੌਰਾਂ ਵਿਚ ਕੋਈ ਬਾਹਲਾ ਜ਼ਿਆਦਾ ਅੰਤਰ ਨਹੀਂ ਸੀ ਲੱਭਦਾ/ ਇਹ ਨੰਗ ਧੜੰਗ ਜਾਨਵਰਾਂ ਵਾਂਗਰ ਹੀ ਨੰਗ ਧੜੰਗ ਫਿਰਦਾ ਸੀ। ਕੁਦਰਤੀ ਆਫਤਾਂ ਤੋਂ ਡਰਦਾ ਉਹਨਾਂ ਨੂੰ ਹੀ ਕਦੇ-ਕਦੇ ਸਿਜਦੇ ਕਰਦਾ ਰਹਿੰਦਾ। ਕੁਦਰਤੀ ਆਫਤਾਂ ਸਨ ਤੇ ਖੂੰਖਾਰ ਜੰਗਲੀ ਜਾਨਵਰ ਵੀ ਸਨ ਇਸ ਦੇ ਚੁਫੇਰੇ ਇਸ ਨੇ ਜਦ ਆਪਣੇ ਅਲਾਦੀਨ ਦੇ ਚਿਰਾਗ ਤੋਂ ਕੰਮ ਲੈਣਾ ਅਰੰਭ ਕੀਤਾ ਤਾਂ ਕਾਇਆ ਪਲਟ ਗਈ ਦੁਨੀਆ ਦੀ ਇਸ ਨੇ ਆਕਾਸ਼ ਵੱਲ ਲਾਂਘ ਪੁੱਟੀ ਤਾਂ ਅਕਾਸ਼ ਹੰਗਾਲ ਦਿੱਤੇ ਅਨੇਕਾਂ ਪੁਲਾੜੀ ਗੱਡੀਆਂ ਇਸ ਦੀ ਗਵਾਹੀ ਭਰਦੀਆਂ ਹਨ ਅਗਰ ਇਸਨੇ ਧਰਤ ਵੱਲ ਵੇਖਿਆ ਤਾਂ ਧਰਤ ਦਾ ਸੀਨਾ ਫਰੋਲ ਕੇ ਕੀਮਤੀ ਖਣਿਜ ਕੱਢ ਲਿਆਇਆ। ਇਸ ਨੇ ਸਮੁੰਦਰਾਂ ਦੀ ਗਹਿਰਾਈ ਵੀ ਨਾਪੀ ਅਤੇ ਪਰਬਤਾਂ ਦੀ ਉਚਾਈ ਵੀ।

ਕੋਮਲ ਭਾਵਨਾਵਾਂ ਨੂੰ ਪੇਸ਼ ਕਰਦਾ ਤਾਜ ਮਹਿਲ ਵੀ ਇਸੇ ਸਿਰਜਿਆ ਅਤੇ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਸਕਣ ਦੇ ਸਮਰੱਥ ਹੀਲੀਅਮ ਬੰਬ ਵੀ ਏਸੇ ਦੀ ਕਾਰਸਤਾਨੀ ਹੈ।

ਜਿੱਥੇ ਦਿਨ ਉਥੇ ਰਾਤ ਜਿੱਥੇ ਫੁੱਲ ਓਥੇ ਕੰਡੇ ਇਹ ਮਿਹਨਤੀ ਹੱਥ ਅਤੇ ਸਿਹਤਮੰਦ ਦਿਮਾਗ ਜਦੋਂ ਵੀ ਰਲੇ ਨਿਰਮਾਣ ਹੀ ਹੋਇਐ ਪ੍ਰੰਤੂ ਸਮੇਂ ਦੇ ਚੱਕਰ ਨੇ ਅਜਿਹੀ ਹਲਚਲ ਵੀ ਵਿਖਾਈ ਹੈ ਕਿ ਮਿਹਨਤੀ ਹੱਥਾਂ ਨੂੰ ਸਿਹਤ ਮੰਦ ਦਿਮਾਗ ਦੀ ਅਗਵਾਈ ਨਹੀਂ ਲੱਭੀ ਕਾਰਣ (!) ਸਮਾਜਿਕ, ਆਰਥਿਕ, ਮਾਇਕ ਕੋਈ ਵੀ ਹੋ ਸਕਦੈ ਪ੍ਰੰਤੂ ਕਿਸੇ ਨਾ ਕਿਸੇ ਕਾਰਨ ਮਿਹਨਤੀ ਹੱਥ ਵੀ ਵਿਨਾਸ਼ਕ ਅਵਿਸ਼ਕਾਰਾਂ ਵਿਚ ਸਹਾਇਕ ਹੋਏ ਦਿੱਸੇ।

ਮਿਹਨਤੀ ਹੱਥ ਕਰੰਡੀ ਚਲਾਉਂਦੇ ,ਹਥੌੜਾ ਵਰਤਦੇ, ਦਾਤਰੀ ਵਾਹੁੰਦੇ ,ਲਹੂ ਪਸੀਨਾ ਇੱਕ ਕਰਦੇ ਪ੍ਰੰਤੂ ਹਿੰਮਤ ਨਹੀਂ ਹਾਰਦੇ।

ਪਰ ਵਿਅਕਤੀ ਦੀ ਵਿਕਾਸ ਯਾਤਰਾ ਵਿਚ ਇੱਕ ਬਹੁਤ ਮਾੜਾ ਮੋੜ ਆਇਆ ਇਕ ਦੁਰਘਟਨਾ ਸਹਿਜੇ ਸਹਿਜੇ ਵਾਪਰੀ ਪੂੰਜੀ ਅਤੇ ਬਾਜ਼ਾਰ ਦਾ ਜਨਮ ਹੋਇਆ। ਭੋਇੰ ਦੋਹ ਧੜਿਆਂ ਵਿਚ ਟੁੱਟ ਗਈ ,ਖਲਕਤ ਦੋਂਹ ਧੜਿਆਂ ਵਿਚ ਵੰਡੀ ਗਈ ਪਰ ਅਜੇ ਵੀ ਉਮੀਦ ਹੈ ਜਿਓਂਦੀ ਜਾਗਦੀ ਉਮੀਦ ਕਿ ਮਿਹਨਤਕਸ਼ ਹੱਥਾਂ ਦੀ ਜੋੜੀ ਅਤੇ ਸਿਹਤ ਮੰਦ ਦਿਮਾਗ ਕਿਸੇ ਅਲਾਦੀਨ ਦੇ ਚਿਰਾਗ ਤੋਂ ਘੱਟ ਨਹੀਂ।

ਅਫਸੋਸ਼! ਕਿ ਮਿਹਨਤੀ ਹੱਥਾਂ ਅਤੇ ਸਿਹਤਮੰਦ ਦਿਮਾਗਾਂ ਦਾ ਸੁਮੇਲ ਅੱਜਕੱਲ੍ਹ ਵਿਰਲਿਆਂ ਹੀ ਲੱਭਦੈ। ਸਵਾਰਥ ਦੀ ਕਾਂਜੀ ਨੇ ਪਰਮਾਰਥ ਦੇ ,ਲੋਕ ਭਲਾਈ ਦੇ ਸਾਰੇ ਦੁੱਧ ਨੂੰ ਫਿੱਟ ਦਿੱਤਾ ਹੈ।

...ਕਿ ਸਵਾਰਥ ਭਾਰੂ ਹੋ ਗਿਐ। ਮਨੁੱਖ ਪੂੰਜੀ ਦੇ ਜਬਾੜ੍ਹੇ ਹੇਠ ਆ ਗਿਆ ਹੈ। ਬਾਜ਼ਾਰ, 'ਪੂੰਜੀ ਜਬਾੜਿਆਂ' ਨਾਲ ਮਨੁੱਖਤਾ ਤੱਕ ਨੂੰ ਹੜੱਪ ਜਾਣਾ ਲੋਚਦਾ ਹੈ। ਕੁਦਰਤੀ ਵਸੀਲਿਆ ਨੂੰ ਗੰਧਲਾ ਕਰਨ, ਉਜਾੜਣ, ਤਬਾਹ ਕਰਨ ਤੋਂ ਬਾਅਦ ਹੁਣ ਪੂੰਜੀ ਦਾ ਅਗਲਾ ਕਦਮ ਧੀਮੇ ਜ਼ਹਿਰ ਵਾਂਗਰ ਅਸਰ ਕਰਦੇ ਕਦਮਾਂ ਸਦਕਾ ਮੀਡੀਏ ਰਾਹੀਂ ਸਮਾਜਕ ਤੇ

ਮਾਨਵੀ ਤਾਣੇ ਬਾਣੇ, ਪਰਿਵਾਰ ਨਾਂ ਦੀ ਸੰਸਥਾ ਨੂੰ ਵੀ ਤਾਰਪੀਡੋ ਕਰਨਾ ਜਾਪਦਾ ਹੈ। ਆਪਣੇ ਲੋਕ ਮੌਜੂਦ ਅਲਾਦੀਨ ਦੇ ਚਿਰਾਗ ਦੀ ਤਾਕਤ ਤੋਂ ਜਾਂ ਅਵੇਸਲੇ ਹਨ ਜਾਂ ਅਨਜਾਣ ਹਨ ਤਾਂ ਹੀ ਚਹੁੰਵੀਂ ਪਾਸੀਂ ਅਸ਼ਾਂਤੀ ,ਮਾਰਕਾਟ ,ਬੇਵਿਸਾਹੀ ਦਾ ਮਾਹੌਲ ਬਣਿਆ ;ਤੰਗ ਹਾਲੀ ,ਬਦਹਾਲੀ ,ਗਰੀਬੀ ਨਜ਼ਰੀਂ ਪੈ ਰਹੀ ਕਿ ਕਿਧਰੇ ਮਾਨਵ ਜਾਏ ਆਪਣਾ ਅਲਾਦੀਨ ਦਾ ਚਿਰਾਗ ਗੰਵਾ ਬੈਠੇ ਨੇ।

ਆਓ ਜਾਗੀਏ ਚੇਤੰਨ ਹੋਈਏ ਆਪਣੇ ਕੋਲ ਮੌਜੂਦ ਅਲਾਦੀਨ ਦੇ ਚਿਰਾਗ ਦੀ ਤਾਕਤ ਤੋਂ ਅਤੇ ਬਣਾ ਦੇਈਏ ਮੁਕੰਮਲ ਇਨਸਾਨ ਪੂਰਾ ਅਤੇ ਬਣ ਜਾਈਏ ਬੇਗਮਪੁਰੇ ਦੇ ਨਿਵਾਸੀ।

*

# ਹਮ ਹੀ ਹਮ ਹੈ ਤੋਂ ਕਿਆ ਹਮ ਹੈ...

ਇੱਕ ਸ਼ੇਅਰ ਪੜ੍ਹਿਆ ਸੀ ਕਦੇ ,ਜੋ ਅੱਧਾ ਯਾਦ ਰਹਿ ਗਿਆ ਤੇ ਅੱਧਾ ਭੁੱਲ ਗਿਆ ਜੋ ਅੱਧਾ ਯਾਦ ਰਹਿ ਗਿਆ ਉਹ ਦਿਮਾਗ ਵਿਚ ਧੁਰ ਡੂੰਘਾ ਲਹਿ ਗਿਆ। ਉਹ ਸਤਰ ਸੀ:-

-ਹਮ ਹੀ ਹਮ ਹੈਂ ਤੋ ਕਿਆ ਹਮ ਹੈਂ
ਤੁਮ ਹੀ ਤੁਮ ਹੋ ਤੋ ਕਿਆ ਤੁਮ ਹੋ?

ਜਦੋਂ ਵੀ ਇਹ ਸਤਰ ਦਿਮਾਗ ਵਿਚ ਲਿਸ਼ਕਦੀ ਹੈ ਸੋਚਾਂ ਨੂੰ ਮਧਾਣੀ ਪਾ ਜਾਂਦੀ ਹੈ।ਕਿੰਨੀ ਗਹਿਰੀ ਸੱਚਾਈ ਇੱਕ ਸਤਰ ਵਿਚ ਸਮਾ ਗਈ ਹੈ। ਸ਼ਾਇਦ ਕਈ ਸਮਾਜਿਕ ਉਪੱਦਰਾਂ ਦਾ ਵੀ ਇਲਾਜ ਏਸੇ ਸਤਰ ਵਿਚ ਲੁਕਿਆ ਹੋਇਆ ਹੈ।

ਇਹ ਪੂਰਾ ਜੀਵਨ ਰੰਗ-ਬਿਰੰਗੇ ਲੋਕਾਂ ਨੂੰ ਮਿਲਣ ਵਰਤਣ, ਵਾਚਣ ਘੋਖਣ ਵਿਚ ਨਿਕਲ ਜਾਂਦਾ ਹੈ। ਇਹਨਾਂ ਵਿੱਚੋਂ ਕੁਝ ਦੀ ਸੋਚ/ਪਸੰਦ ਸਾਡੇ ਨਾਲ ਰਲਦੀ ਹੁੰਦੀ ਹੈ ਜਦ ਕਿ ਕੁਝ ਦੀ ਸੋਚ ਸਾਡੇ ਨਾਲੋਂ ਜੁਦਾ ਵੀ ਹੁੰਦੀ ਹੈ।ਪੂਰੀ ਦੁਨੀਆ ਦਾ ਭੂਗੋਲ ਵੇਖੀਏ ਤਾਂ ਉਥੇ ਵੀ ਕਿਧਰੇ ਅੰਬਰ ਚੁੰਮਦੇ ਪਰਬਤ ਲੱਭਦੇ ਨੇ ਅਤੇ ਕਿਧਰੇ ਪਤਾਲ ਗਹਿਰੇ ਸਾਗਰ।ਏਥੇ ਦਿਨ ਵੀ ਨਿਕਲਦੇ ਨੇ, ਰਾਤਾਂ ਵੀ ਆਉਂਦੀਆਂ ਨੇ। ਏਥੇ ਸਰਦੀ, ਗਰਮੀ ,ਬਰਸਾਤ ,ਔੜ ,ਬਹਾਰ ਹਰ ਤਰ੍ਹਾਂ ਦੇ ਰੰਗ ਲੱਭਦੇ ਨੇ। ਹਰ ਰੰਗ ਵਿਚ ਰੰਗ ਬਿਰੰਗੇ ਮਿਜਾਜ ਲੱਭਦੇ ਨੇ।

ਇਹ ਭਾਰਤ ਹੈ ਸਾਡਾ ਪਿਆਰਾ ਜਾਨੋਂ ਪਿਆਰਾ ਭਾਰਤ, ਦੁਨੀਆਂ ਭਰ ਵਿੱਚੋਂ ਸਭ ਤੋਂ ਸੁਹਣਾ ਮੁਲਕ, ਜਿਸਦੀ ਮਿੱਟੀ ਉਪਜਾਊ ਹੈ, ਜਿਸ ਕੋਲ ਅਨੰਤ ਕੁਦਰਤੀ ਖਜ਼ਾਨੇ ਹੈਨ। ਇਹ ਭਾਰਤ ਦੁਨੀਆ ਦਾ ਇਕਲੌਤਾ ਮੁਲਕ ਹੈ ਜਿਸ ਨੂੰ ਏਸ ਦੇ ਵਸਨੀਕ ਮਾਂ ਸ਼ਬਦ ਨਾਲ ਸੰਬੋਧਨ ਕਰਦੇ ਹਨ : ਭਾਰਤ-ਮਾਤਾ ਆਖਦੇ ਹਨ।

ਭਿੰਨਤਾਵਾਂ ਦਾ ਏਥੇ ਵੀ ਅੰਤ ਨਹੀਂ। ਏਥੇ ਹਿਮਾਲਾ ਵੀ ਹੈ ਤੇ ਰਾਜਸਥਾਨ ਵੀ ਹੈ ਕਰਨਾਟਕ ਦੇ ਚੰਦਨ-ਬਣ ਵੀ ਹਨ ਤੇ ਪੰਜਾਬ ਦੇ ਹਰੇ-ਭਰੇ ਖੇਤ ਵੀ ਹਨ। ਹਰ ਰੋਜ਼ ਏਥੇ ਮੇਲੇ ਲੱਗਦੇ ਹਨ।ਏਥੇ ਧਨ ਕੁਬੇਰ ਵੀ ਹਨ ਤੇ ਵਿਲਕ ਵਿਲਕ ਮਰਦੇ ਭੁੱਖੇ ਬੱਚੇ ਵੀ ਹਨ। ਏਥੇ ਪੌਣ-ਪਾਣੀ, ਬੋਲ-ਬਾਣੀ ਦੀ ਅਨੰਤ ਭਿੰਨਤਾ ਹੈ।

ਕੁਦਰਤ ਏਥੇ ਮਿਹਰਬਾਨ ਹੈ ਪ੍ਰੰਤੂ ਏਨਾ ਕੁਝ ਹੁੰਦਿਆਂ ਹੋਇਆਂ ਵੀ ਜਦੋਂ ਕਦੇ ਦੇਸ਼ ਦੁਸ਼ਮਣ ਅਨਸਰਾਂ ਦੀ ਚਾਲ ਕਾਮਯਾਬ ਹੁੰਦੀ ਹੈ। ਫਿਰਕੂ ਜਨੂੰਨੀ ਖੁੱਲ ਖੇਡਦੇ ਹਨ ਬੇਸ਼ੱਕ ਉਹ 47 ਹੋਵੇ ਕਿ 84 ਜਾਂ ਗੋਧਰਾ,ਮਨੁੱਖਤਾ ਲਹੂਲੁਹਾਨ ਹੋ ਜਾਂਦੀ ਹੈ।

ਮੇਰਾ ਦਿਲ ਸੋਚੀਂ ਪੈ ਜਾਂਦਾ ਹੈ ਕਿ ਇਹ ਵਰਤਾਰਾ ਕਿਓਂ ?ਸ਼ਾਇਦ ਏਸੇ

ਲਈ ਕਿ ਇੱਕ ਰੰਗ ਵਿਚ ਰੰਗਣ ਦੀ ਖਵਾਹਿਸ਼ ਦਾ ਮੁੱਲ ਤਾਰਿਆ ਜਾਂਦਾ ਹੈ। ਆਮ ਆਦਮੀ ਨੂੰ ਇੱਕ ਰੰਗ ਵਿਚ ਰੰਗਣ ਲਈ ਵੱਢ ਟੁੱਕ ਕਰਵਾਈ ਜਾਂਦੀ ਹੈ। ਸ਼ਾਇਦ ਇਹ 'ਸ਼ੈਤਾਨ ਦੇ ਏਜੰਟ' ਜੋ ਕੁੱਲ ਖਲਕਤ ਨੂੰ ਇੱਕ ਰੰਗ ਰੰਗਣ ਦੀ ਸੋਚ ਸੋਚਦੇ ਹਨ ਇਹ ਭੁੱਲ ਜਾਂਦੇ ਹਨ 'ਇੱਕਰੰਗ ਰੰਗੀ ਦੁਨੀਆ' ਵਿੱਚੋਂ ਰਸ ਸਮਾਪਤ ਹੋ ਜਾਂਦਾ ਹੈ।

ਜੇ ਦਿਨ ਹੀ ਦਿਨ ਰਹੇ ਤਾਂ ਰਾਤ ਬਿਨਾਂ ਦਿਨ ਰਸਹੀਣ ਹੋ ਜਾਂਦਾ ਹੈ ਅਤੇ ਜੇ ਸਦੀਵੀ ਰਾਤ ਰਹੇ ਤਾਂ ਰਾਤ ਰਸਹੀਣ ਹੋ ਜਾਵੇਗੀ ਬਿਲਕੁਲ ਉਸੇ ਤਰ੍ਹਾਂ ਜਿਵੇਂ ਵਧੇਰੇ ਮਿੱਠਾ ਵੀ ਮਹੁਰਾ ਲੱਗਣ ਲੱਗ ਪੈਂਦਾ ਹੈ।

ਅਲੱਗ-ਅਲੱਗ ਰੰਗਾਂ ਦੇ ਫੁੱਲਾਂ ਨਾਲ ਹੀ ਬਗੀਚੀ ਸ਼ੋਭਦੀ ਹੈ।

ਕਾਫੀ ਮੁਸ਼ਕਲਾਂ ਦੂਰ ਹੋ ਜਾਣ ਜੇ ਆਪਾਂ ਸਾਰੇ ਇਹੋ ਇੱਕੋ ਸਤਰ ਵਿਚਾਰ ਲਈਏ;

-ਹਮ ਹੀ ਹਮ ਹੈਂ ਤੇ ਕਿਆ ਹਮ ਹੈ ਤੁਮ ਹੀ ਤੁਮ ਹੋ ਤੋ ਕਿਆ ਤੁਮ ਹੋ।

*

# 'ਵਿਹਲ ਦੀ ਥਕਾਨ'

ਥਕਾਨ ਤੇ ਮੁਸਕਾਨ ਪਹਿਲੀ ਨਜ਼ਰੇ ਤੱਕਿਆਂ ਲੱਗਦਾ ਹੈ ਕਿ ਇਹ ਦੋਹਵੇਂ ਦਿਨਰਾਤ ਦੀ ਤਰ੍ਹਾਂ ਆਪਾ ਵਿਰੋਧੀ ਸ਼ਬਦ ਨੇ ਪ੍ਰੰਤੂ ਰਤਾ ਸੰਕੋਚ ਕੇ ਅਕਲ ਦੇ ਝੌਰਖੇ ਜੇ ਵਿਚਾਰ ਕੀਤਾ ਜਾਵੇ ਤਾਂ ਆਪਾਂ ਵੇਖਾਂਗੇ ਕਿ ਇਹ ਤਾਂ ਇੱਕ ਸਿੱਕੇ ਦੇ ਦੋ ਪਾਸੇ ਹਨ ਅਟੁੱਟ ਬੰਧਨ ਵਿਚ ਬੱਝੇ ਹੋਏ ਆਪਸ ਵਿਚ ਜੁੜੇ ਹੋਏ।

ਥਕਾਨ ਥਕਾਵਟ ਕੁਝ ਵੀ ਕਹੀਏ ,ਅਜੀਬ ਨਸ਼ਾ ਹੁੰਦਾ ਹੈ ਥਕਾਵਟ ਦਾ ਵੀ ਬਸ਼ਰਤੇ ਕਿ ਥਕਾਵਟ ਮਿਹਨਤ ਦੀ ਵੇਲ ਤੇ ਲੱਗਿਆ ਫਲ ਹੋਵੇ।

ਮੈਂ ਬਚਪਨ ਵਿਚ ਵੇਖਦਾ ਮੇਰੇ ਮਾਤਾ ਜੀ ਜਦੋਂ ਸਾਡੇ ਕੱਚੇ ਵਿਹੜੇ ਨੂੰ ਲਿੱਪਦੇ-ਪੋਚਦੇ, ਕੱਚਿਆਂ ਬਨੇਰਿਆਂ ਨੂੰ ਆਪਣੇ ਹੱਥੀਂ ਸੁਆਰਦੇ ਤਾਂ ਜਿਵੇਂ ਕੰਮ ਨਿਬੜਦਾ ਜਾਂਦਾ ਮੇਰੇ ਮਾਤਾ ਜੀ ਦੇ ਚਿਹਰੇ ਤੇ ਥਕਾਵਟ ਦੀ ਥਾਂ ਤੇ ਇੱਕ ਅਲੌਕਿਕ ਚਮਕ ਉਭਰਦੀ ਆਉਂਦੀ। ਉਹਨਾਂ ਦੇ ਚਿਹਰੇ ਤੇ ਪਸੀਨੇ ਦੀਆਂ ਬੂੰਦਾਂ ਇੰਜ ਲੱਗਦੀਆਂ ਜਿਵੇਂ ਕਿਸੇ ਦੇਵਤਾ ਨੂੰ ਹੁਣੇ ਹੁਣੇ ਜਲ ਅਭਿਸ਼ੇਕ ਕੀਤਾ ਗਿਆ ਹੋਵੇ। ਸੱਚੇ ਮੋਤੀਆਂ ਤੋਂ ਵੀ ਵਧੇਰੇ ਚਮਕ ਦਿੱਸਦੀ ਉਹਨਾਂ ਪਸੀਨੇ ਦੀਆ ਬੂੰਦਾਂ ਵਿੱਚੋਂ।

ਉਹਨਾਂ ਦਿਨਾਂ ਵਿਚ ਸਾਡੇ ਘਰ, ਸਾਡੇ ਘਰ ਕੀ ਆਂਢ-ਗੁਆਂਢ ਵੀ ਕਿਧਰੇ ਵੀ ਅੱਜਕੱਲ੍ਹ ਵਾਲੇ ਗੈਸੀ ਚੁੱਲੇ ਨਹੀਂ ਸਨ ਬਲਦੇ। ਲੱਕੜਾਂ-ਥਾਪੀਆਂ (ਗੋਹਿਆਂ) ਵਾਲੇ ਚੁੱਲੇ ਬਲਦੇ ਸਨ। ਜਦੋਂ ਚੁੱਲਾ ਬਾਲਦਿਆਂ ਕਈ ਵੇਰ ਅੱਗ ਬੁੱਝ ਜਾਣੀ ਤਾਂ ਫੂਕਾਂ ਮਾਰ-ਮਾਰ ਅੱਗ ਬਾਲਦਿਆਂ ਆਪਣੇ ਮਾਤਾ ਜੀ ਦੀਆਂ ਅੱਖਾਂ 'ਚੋਂ ਪਾਣੀ ਨਿਕਲਦਾ ਮੈਂ ਵੇਖਿਆ ਹੈ ਪਰ ਉਹਨਾਂ ਦਾ ਮੱਥਾ ਖਿੜਿਆ ਚੰਬਾ ਰਿਹਾ, ਚਿਹਰਾ ਹਸੂੰ ਹਸੂੰ ਕਰਦਾ ਰਿਹਾ। ਤੁਹਾਡੇ ਵਿੱਚੋਂ ਵੀ ਬਹੁਤ ਸਾਰਿਆਂ ਨੇ ਆਪਣੀ ਮਾਂ ਨੂੰ ਪੁਰਾਣਾ ਚੁੱਲਾ ਬਾਲਦਿਆਂ, ਖਪਦਿਆਂ ,ਝੱਲਾਂ ਮਾਰਦਿਆਂ ਕੰਮ ਕਰਦਿਆਂ ਪਰ ਕਦੀ ਨਾਂ ਥੱਕਦਿਆਂ ਵੇਖਿਆ ਹੋਏਗਾ ।

ਮੈਨੂੰ ਯਾਦ ਹੈ ਆਪਣੇ ਕਰਮਯੋਗੀ ਪਿਤਾ ਜੀ ਦਾ ਚਿਹਰਾ। ਜਦੋਂ ਅਸਾਡੇ ਕੱਚੇ ਮਕਾਨ ਦੀ ਸੁਣੀ ਗਈ, ਫੂਹੀ ਫੂਹੀ ਜੋੜ ਕੇ ਇੱਕ ਪੱਕਾ ਕਮਰਾ ਬਣਾਉਣ ਦੀ ਵਿਓਂਤ ਬੰਦੀ ਕੀਤੀ ਗਈ ਤਾਂ ਮੈਨੂੰ ਅੱਜ ਵੀ ਚੇਤੇ ਹੈ ਪਿਤਾ ਜੀ ਇੱਕ ਮਜ਼ਦੂਰ ਦੇ ਬਰਾਬਰ

ਕੰਮ ਆਪ ਵੀ ਕਰਦੇ, ਥਕਾਵਟ ਤਾਂ ਹੁੰਦੀ ਹੋਵੇਗੀ ਪ੍ਰੰਤੂ ਉਹ ਕਦੇ ਥੱਕੇ ਥੱਕੇ ਨਹੀਂ ਸਨ ਦਿੱਸੇ, ਉਹ ਸਦਾ ਚੜ੍ਹਦੀ ਕਲਾ ਵਿਚ ਮਸਤ ਰਹਿੰਦੇ।

ਕਿਸ਼ਤਾਂ ਵਿਚ ਹੀ ਸਹੀ ,ਸਾਡਾ ਪੱਕਾ ਮਕਾਨ ਤਿਆਰ ਹੋ ਗਿਆ, ਪ੍ਰੰਤੂ ਇਸ ਮਕਾਨ ਦੇ ਨਿਰਮਾਣ ਲਈ ਮੇਰੇ ਮਾਤਾ ਜੀ ਨੇ ਵੀ ਪਿਤਾ ਜੀ ਨਾਲ ਬਰਾਬਰ ਸਹਿਯੋਗ ਕੀਤਾ।ਸਮਾਂ ਲੱਗਣ ਤੇ ਸ਼ਾਮ ਨੂੰ ਆਪਣੇ ਹੱਥੀਂ ਰੋੜੀ ਤੱਕ ਕੁੱਟੀ ਪਰ ਥੱਕ ਕੇ ਵਿਖਾਇਆ ਨਹੀਂ।ਖਵਰੇ ਪਿਛਲੇ ਸਾਰੇ ਬਜ਼ੁਰਗਾਂ ਨੂੰ ਕੰਮ ਕਰਨ ਦਾ ਨਸ਼ਾ ਸੀ ਜਾਂ ਕੁਝ ਹੋਰ ਪ੍ਰੰਤੂ ਉਹ ਸਨ ਕਮਾਲ ਦੇ...

ਨਵੀਂ ਪੋਚ ਨੇ ਤਾਂ ਸਿਰਫ ਸੁਣਿਆ ਹੀ ਹੋਣੈ ਪਰ ਮੇਰੀ ਉਮਰ ਦੇ ਸਾਥੀਆਂ ਨੇ ਤਾਂ ਅੱਖੀਂ ਵੇਖਿਐ;ਖੂਹਾਂ ਨੂੰ ਗਿੜਦਿਆਂ,ਆਪਣੇ ਬਜੁਰਗਾਂ ਨੂੰ ਲੱਕੜਾਂ ਲਿਆਂਉਦਿਆਂ,ਲੱਕੜਾਂ ਪਾੜਦਿਆਂ,ਕੋਲਿਆਂ ਦੀ ਅੰਗੀਠੀ,ਹਾਰੇ ਦਾ ਦੁੱਧ, ਕਾੜ੍ਹਣੀ ਦਾ ਸਾਗ, ਹਸੂੰ ਹਸੂੰ ਕਰਦੀ ਮਾਂ,ਮਿੱਠੀਆਂ ਝਿੜਕਾਂ ਦੇ ਕੇ ਜਗਾਉਂਦਾ ਪਿਉ,ਅਣਭੋਲ ਬਚਪਣੇ,ਓਦੋਂ ਅੱਠਵੀਂ ਨੌਵੀਂ 'ਚ ਪੜ੍ਹਦੇ ਵੀ ਜੁਆਕ ਹੀ ਹੁੰਦੇ ਸੀ, ਓਹਨਾਂ ਨੂੰ ਦੁਨੀਆਂ ਦੀ ਹਵਾ ਨਹੀਂ ਸੀ ਲੱਗੀ ਹੁੰਦੀ। ਫੈਸ਼ਨ ਦਾ ਕਿਸੇ ਨੂੰ ਚਿੱਤ ਖਿਆਲ ਨਹੀਂ ਸੀ।(ਮੈਂ ਖੁਦ ਛੇਵੀਂ ਸੱਤਵੀਂ ਜਮਾਤ ਤੱਕ ਫਾਂਟਾ ਵਾਲਾ ਪਜਾਮਾ ਪਾ ਕੇ ਸਕੂਲ ਜਾਂਦਾ ਰਿਹਾ ਹਾਂ)

ਪਰ ਹਾਏ ਓ ਰੱਬਾ! ਪੂਰੀ ਦੁਨੀਆ ਨੂੰ ਕਰਮ ਸਿਧਾਂਤ ਦੇਣ ਵਾਲੇ ਭਾਰਤ ਨੂੰ ਅੱਜ 'ਵਿਹਲ ਦੀ ਥਕਾਨ' ਨੇ ਚੂਰ ਕੀਤਾ ਹੋਇਆ ਹੈ।ਵਿਹਲੀ ਮਾਂ ਦਾ ਸੰਕਲਪ ਦੁਨੀਆ ਵਿਚ ਕਿਧਰੇ ਨਹੀਂ ,ਬ੍ਰਹਿਮੰਡ ਵਿਚ ਕਿਧਰੇ ਨਹੀਂ ਪ੍ਰੰਤੂ ਬਾਰੀਕ ਬੀਨੀ ਕਰਿਆਂ ਅਸੀਂ ਵੇਖਦੇ ਹਾਂ ਕਿ 'ਮਾਂ-ਭਾਰਤ' /ਭਾਰਤ ਮਾਤਾ ਵਿਹਲ ਦੀ ਥਕਾਨ ਨਾਲ ਚੂਰ ਚੂਰ ਹੋਈ ਪਈ ਏ।

ਜਿਵੇਂ ਔੜਾਂ ਸੁੱਕੇ ਬੂਟੇ ਨੂੰ ਤਾਂ ਪਾਣੀ ਪਾ ਕੇ ਹਰਿਆ ਕੀਤਾ ਜਾ ਸਕਦੈ ਪ੍ਰੰਤੂ ਹੜ੍ਹਾਂ ਸਾੜੇ ਬੂਟੇ ਦਾ ਕੋਈ ਇਲਾਜ ਨਹੀਂ, ਐਨ ਉਸੇ ਤਰ੍ਹਾਂ ਥਕਾਵਟ ਜੇ ਮਿਹਨਤ ਦੀ ਹੋਵੇ ਜਿਵੇਂ ਕਿ ਬਜ਼ੁਰਗਾਂ ਵੇਲੇ ਲੱਭਦੀ ਸੀ ਤਾਂ ਉਸ ਦਾ ਇਲਾਜ ਆਰਾਮ ਹੋ ਸਕਦਾ ਹੈ ਪ੍ਰੰਤੂ ਵਿਹਲ ਦੀ ਥਕਾਨ ਦਾ ਇਲਾਜ ਕੀ ਹੋਵੇ?!

- ਮਾਂ ਭਾਰਤ ਦੇ ਲਾਲਾਂ 'ਚੋਂ 100 'ਚੋਂ ਇੱਕ ਸੌ ਇੱਕ ਲਾਲ ਏਹੀ ਚਾਹੁੰਦਾ ਹੈ ਵਿਹਲ; ਬਸ, ਕਿਤੇ ਲਾਟਰੀ ਲੱਗ ਜਾਏ, ਸਰਕਾਰੀ ਨੌਕਰੀ ਮਿਲ ਜਾਏ, ਕਿਸੇ ਰਾਜਨੀਤਕ ਪਾਰਟੀ ਦੀ ਮਿਹਰ ਨਿਗਾਹ ਬਣ ਜਾਵੇ। ਪੈਸਾ ਆਈ ਜਾਵੇ ਪ੍ਰੰਤੂ ਡੱਕਾ ਭੰਨਕੇ ਦੂਹਰਾ ਨਾ ਕਰਨਾ ਪਵੇ।

ਜਨਤਾ ਸੋਚਦੀ ਹੈ ਕਿ ਸਰਕਾਰ ਉਸ ਬਾਰੇ ਸੋਚੇ ਪਰ ਸਰਕਾਰ ਜੇ ਜਨਤਾ ਦੀ ਹੋਵੇ ਤਾਂ ਸੋਚੇ ਨਾ ਜਨਤਾ ਬਾਰੇ। ਜਨਤਾ ਤੋਂ ਸਰਕਾਰ ਨੂੰ ਲੱਭਦਾ ਵੀ ਕੀ ਏ ਸਿਰਫ ਮੌਕਾ ;ਪਰ ਮੌਕਾ ਪਰਸਤ ਲੋਕ ਜਾਣਦੇ ਨੇ ਕਿ ਸਰਕਾਰ ਕਿਵੇਂ ਬਣਾਈ ਦੀ ਏ ਕਿਵੇਂ ਬਣਵਾਈ ਦੀ ਏ ਅਤੇ ਕਿਵੇਂ ਤੁੜਵਾਈ ਦੀ ਏ। ਪਰ ਵਿਹਲ ਦੀ ਥਕਾਨ ਦਾ ਇਲਾਜ ਇਹ ਜਾਣਦੇ ਹੋਏ ਵੀ ਨਹੀਂ ਕਰਦੇ।

'ਵਿਹਲ ਦੀ ਥਕਾਨ' ਭਾਰਤ ਨੂੰ ਤੇ ਭਾਰਤ ਵਾਸੀਆਂ ਨੂੰ ਮਾਰ ਦੇਵੇਗੀ ਇਸ ਵਿਹਲ ਦੀ ਥਕਾਨ ਦਾ ਇਲਾਜ ਜਨਤਾ ਹੀ ਕਰ ਸਕਦੀ ਹੈ।ਸਵਦੇਸ਼ੀ ਪ੍ਰਤੀ ਆਪਣੀ ਨਾਂਹ ਪੱਖੇ ਸੋਚ ਨੂੰ ਤਿਆਗੋ। ਭਾਰਤੀ ਬਣੋ ,ਭਾਰਤ ਦੇ ਦੁਸ਼ਮਣ ਨੂੰ ਪਛਾਣ ਕੇ ਯੋਗ ਵਰਤਾਰਾ ਕਰੋ। ਜਾਗੋ ਅਤੇ ਹੋਰਨਾਂ ਨੂੰ ਵੀ ਜਗਾਓ

*

# ਹੱਸਣਾ ਰਾਹ-ਰਾਹ ਦਾ

'ਹਾਸਾ' ਕੁਦਰਤ ਵੱਲੋਂ ਲੱਭੀ ਓਹ ਦਾਤ ਹੈ ਜੋ ਦਾਤੇ ਨੇ ਸਿਰਫ ਇਨਸਾਨ ਨੂੰ ਹੀ ਦਿੱਤੀ ਹੈ। ਪੂਰੀ ਸ੍ਰਿਸ਼ਟੀ ਵਿਚ ਹੋਰ ਕਿਸੇ ਜੀਅ-ਜੰਤ ਨੂੰ ਹਾਸਾ ਨਹੀਂ ਲੱਭਿਆ। ਸਿਰਫ ਇਨਸਾਨ ਹੀ ਹੈ ਜੋ ਹੱਸ ਸਕਦਾ ਹੈ, ਮੁਸਕਰਾ ਸਕਦਾ ਹੈ।

ਹਾਸੇ ਦੀਆਂ ਅੱਗੋਂ ਹੋਰ ਕਈ ਵੰਨਗੀਆਂ ਲੱਭ ਪੈਂਦੀਆਂ ਨੇ।ਪਰ ਏਥੇ ਹਾਸੇ ਦੀਆਂ ਵੰਨਗੀਆਂ ਗਿਣਵਾਉਣ ਦੀ ਥਾਂ 'ਤੇ ਸਿਰਫ ਹਾਸੇ,ਹੱਸਣ, ਹਸਾਵਣ ਦੀ ਬਾਤ ਪਾਉਣ ਦੀ ਕੋਸ਼ਿਸ਼ ਰਹੇਗੀ।

ਹਾਸੇ ਦੇ ਭਿੰਨ-ਭਿੰਨ ਥਾਵਾਂ 'ਤੇ ਭਿੰਨ-ਭਿੰਨ ਅਸਰ ਵੇਖਣ ਨੂੰ ਲੱਭਦੇ ਹਨ।

ਮੁਸਕਾਨ ਨੂੰ ਅਗਰ ਹਾਸੇ ਦੀ ਛੋਟੀ ਭੈਣ ਆਖ ਲਈਏ ਤਾਂ ਮਜ਼ਾਕ ,ਠੱਠਾ ਵੀ ਹਾਸਿਆਂ ਦੇ ਕੋੜਮੇ ਵਿਚ ਆਉਂਦੇ ਨੇ।

ਜਿਹੜੇ ਚਿਹਰੇ 'ਤੇ ਮੁਸਕਾਨ ਫੱਬੀ ਹੁੰਦੀ ਹੈ ਉਸ ਚਿਹਰੇ ਦੀ ਕੀਮਤ ਕਈ ਗੁਣਾ ਵਧ ਜਾਂਦੀ ਹੈ। ਮੁਸਕਰਾਹਟ ਤੋਂ ਕੁਝ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜਦੋਂ ਕਿ ਮੁਸਕਰਾਹਟ ਲਈ ਕੁਝ ਖਰਚ ਨਹੀਂ ਕਰਨਾ ਪੈਂਦਾ। ਮੁਸਕਰਾਉਂਦੇ ਬੱਚੇ ਹਰ ਕਿਸੇ ਦਾ ਧਿਆਨ ਖਿੱਚਦੇ ਨੇ, ਮੁਸਕਾਉਂਦੇ ਫੁੱਲ ਬਗੀਚੀ ਦਾ ਸ਼ਿੰਗਾਰ ਬਣਦੇ ਨੇ ਤੇ ਮੁਸਕਰਾਉਂਦੇ ਇਨਸਾਨ ਹਰ ਮਹਿਫਿਲ ਦੀ ਸ਼ਾਨ ਹੁੰਦੇ ਨੇ।

ਭੌਤਿਕ ਸਹੂਲਤਾਂ ਨੂੰ ਹੂੰਝਣ 'ਕੱਠਾ ਕਰਨ ਅਤੇ ਸਾਂਭ ਰੱਖਣ ਦੀ ਦੌੜ ਨੇ ਚਿਹਰਿਆਂ ਦੀ ਮੁਸਕਰਾਹਟ ਨੂੰ ਜੀਕਣ ਡੀਕ ਲਾ ਕੇ ਪੀ ਲਿਆ ਹੈ। 'ਵਪਾਰਕ ਤੇ ਓਪਰੀ ਜਿਹੀ ਮੁਸਕਾਨ ਚਸਪਾਂ ਚਿਹਰੇ'ਸ਼ਹਿਰਾਂ, ਨਗਰਾਂ, ਮਹਾਂਨਗਰਾਂ ਵਿਚ ਸਹਿਜੇ ਹੀ ਲੱਭ ਪੈਂਦੇ ਨੇ ਪ੍ਰੰਤੂ ਕੁਦਰਤੀ, ਨਿਰਛਲ ਤੇ ਖੁੱਲ੍ਹਾ ਹਾਸਾ ਖੇੜਾ ਪਿੰਡੀਂ ਥਾਈਂ ਲੱਭਦਾ ਹੈ।

ਹੱਸਣਾ, ਮਜ਼ਾਕ ਕਰਨਾ, ਮਜ਼ਾਕ ਸਹਿਣਾ ਤੇ ਖੁਸ਼ ਰਹਿਣਾ ਸਮਾਜ ਵਿਸ਼ੇਸ਼ ਕਰਕੇ ਪੰਜਾਬੀ ਸਮਾਜ ਦਾ ਮੁੱਢ ਕਦੀਮੋਂ ਇਕ ਅਹਿਮ ਅੰਗ ਰਿਹਾ ਹੈ।

ਵਿਅੰਗ, ਮਜ਼ਾਕ, ਠੱਠਾ-ਹਾਸਾ ਉਪਜਾਵਣ ਲਈ ਕਾਰਗਰ ਤਰੀਕੇ ਰਹੇ ਹਨ। ਭੰਡਾਂ ਤੇ ਮੀਰਜ਼ਾਦਿਆਂ ਦੇ ਟੋਟਕੇ ਜੋ ਅੱਜ ਵੀ ਲੋਕਧਾਰਾ ਵਿਚ ਵਿਲੱਖਣ ਹਨ ਤੇ ਅੱਗੋਂ ਵੀ ਰਹਿਣਗੇ। ਅੱਜ ਦੇ ਹਾਈਟੈਕ ਯੁੱਗ ਵਿਚ ਭੰਡ ਬੇਸ਼ੱਕ ਹਾਈਟੈਕ ਹੋ ਗਏ ਨੇ ਪ੍ਰੰਤੂ ਹਾਸਾ ਅੱਜ ਵੀ ਰੂਹ ਦੀ ਗਜ਼ਾ ਹੈ। ਹਮੇਸ਼ਾ ਦੀ ਤਰ੍ਹਾਂ।

ਹਾਸਾ-ਖੇੜਾ ਵੀ ਹੋਰਨਾਂ ਵਸਤਾਂ ਭਾਵਾਂ ਦੀ ਤਰ੍ਹਾਂ ਸਾਵਧਾਨੀ ਦੀ ਮੰਗ ਕਰਦਾ ਹੈ। ਹਾਸਾ-ਮਜ਼ਾਕ ਠੰਢਕ ਵੀ ਬਖਸ਼ਦਾ ਹੈ ਤੇ ਨਿੱਘ ਵੀ, ਰਿਸ਼ਤਿਆਂ ਦੀ ਗਰਮਾਹਟ ਤੇ ਤਾਜ਼ਗੀ ਨੂੰ ਬਰਕਰਾਰ ਰੱਖਦਾ ਹੈ।

ਸਾਡੇ ਸਮਾਜ ਵਿਚ ਅਨੇਕਾਂ ਰਿਸ਼ਤੇ ਅਜਿਹੇ ਹਨ ਜਿਨ੍ਹਾਂ ਵਿਚ ਮਜ਼ਾਕ ਠੱਠਾ ਚੁਹਲਬਾਜ਼ੀ ਦੀ ਭਰਪੂਰ ਗੁੰਜਾਇਸ਼ ਲੱਭਦੀ ਹੈ। ਜਿਵੇਂ ਜੀਜਾ-ਸਾਲੀ, ਦਿਓਰ-ਭਰਜਾਈ ਆਦਿ।

ਇਹ ਰਿਸ਼ਤੇ ਜਿੱਥੇ ਮਜ਼ਾਕ ਕਰਨ, ਜਰਨ ਦੀ ਆਦਤ ਦੇ ਜ਼ਾਮਨ ਹਨ, ਓਥੇ ਸੁਚੱਜ, ਅਚਾਰ ਦੇ ਪ੍ਰਤੀਕ ਵੀ ਹਨ। ਐਪਰ ਕੁਝ ਹੌਲੇ ਲੋਕਾਂ ਕਰਕੇ, ਕੁਝ ਬਾਜ਼ਾਰੀ ਗੀਤਕਾਰਾਂ ਕਰਕੇ, ਕੁਝ ਦੋਗਲੇ ਕਿਰਦਾਰਾਂ ਕਰਕੇ ਇਹ ਰਿਸ਼ਤੇ ਆਪਣੀ ਨਿੱਘ ਦੀ ਅਸਲੀ ਸਿਆਣ ਤੋਂ ਧੁੰਦਲੇ ਪਾਏ ਜਾਪਦੇ ਹਨ।

ਇਨ੍ਹਾਂ ਨੂੰ ਬਚਾਉਣ ਲਈ ਇਨ੍ਹਾਂ ਨੂੰ ਮੁੜ ਪਰਤਾ ਕੇ ਆਪਣੀ ਬਣਦੀ ਜਗ੍ਹਾ ਦਿਵਾਉਣ ਲਈ ਹਰ ਜੀਅ ਨੂੰ ਇਮਾਨਦਾਰੀ ਨਾਲ ਖੇਚਲ ਕਰਨੀ ਬਣਦੀ ਹੈ।

ਮਿੱਤਰੋ!ਹੱਸੋ ਜ਼ਰੂਰ, ਹੱਸੋ-ਹਸਾਓ, ਠਹਾਕੇ ਲਗਾਓ ਪਰ ਹੱਸਣਾ ਵੀ ਰਾਹ-ਰਾਹ ਦਾ ਚੰਗਾ ਹੁੰਦਾ ਹੈ।

ਆਪਾਂ ਪੜ੍ਹਦੇ-ਸੁਣਦੇ ਹਾਂ ਕਿ ਮਹਾਂਭਾਰਤ ਦੀ ਜੜ੍ਹ ਵੀ ਇਕ ਟਿੱਚਰ ਹੀ ਬਣੀ ਸੀ, 'ਅੰਨ੍ਹੇ ਦਾ ਪੁੱਤ ਅੰਨ੍ਹਾ।'

ਜਿਵੇਂ ਤੀਲਾਂ ਦੀ ਡੱਬੀ ਤੋਂ ਆਪਣੀ ਅਕਲ ਵਰਤ ਕੇ ਭਾਵੇਂ ਚੁੱਲਾ ਬਾਲ ਲਵੋ, ਭਾਵੇਂ ਅਗਰਬੱਤੀ, ਭਾਵੇਂ ਦੀਵਾ ਬਾਲ ਲਵੋ ਭਾਵੇਂ ਕੁੱਲਾ ਫੂਕ ਲਵੋ ਤਿਵੇਂ ਹੀ ਹਾਸੋ-ਹਾਸੇ ਨਾਲ ਭਾਵੇਂ ਆਪਣਾ ਕਿਰਦਾਰ ਕੁੰਦਨ ਕਰ ਲਵੋ ਤੇ ਭਾਵੇਂ...

*

# ਅਸੀਂ ਪਾਣੀ ਨੂੰ ਖਵਰੇ ਕੀ ਸਮਝੀ ਬੈਠੇ ਹਾਂ

ਪਾਣੀ ਨੂੰ ਹਿੰਦੁਸਤਾਨ ਹੀ ਨਹੀਂ, ਕੁੱਲ ਜਹਾਨ ਵਿੱਚ ਕੁੱਲ ਸਜੀਵਾਂ ਲਈ ਜੀਵਨਧਾਰਾ ਮੰਨਿਆਂ ਗਿਆ ਹੈ। ਇਹ ਅਟੱਲ ਸੱਚਾਈ ਹੈ ਕਿ ਜਲ ਜੀਵਨ ਹੈ।ਹਿੰਦੁਸਤਾਨ ਵਿੱਚ ਜਲ ਨੂੰ ਦੇਵਤਾ ਦੀ ਪਦਵੀ ਦਿੱਤੀ ਗਈ।ਆਬ-ਏ-ਹਯਾਤ,ਅੰਮ੍ਰਿਤ,ਆਬ-ਏ-ਜਮਜਮ,ਤੇ ਹੋਰ ਵੀ ਪਤਾ ਨਹੀਂ ਕਿਹੜੇ ਕਿਹੜੇ ਪਵਿੱਤਰ ਨਾਂਵਾਂ ਵਿੱਚ ਇਸ ਪਾਣੀ ਦੀ ਅਹਿਮੀਅਤ ਦੀ ਹਾਮੀ ਦੁਨੀਆਂ ਦੇ ਵੱਖ ਵੱਖ ਧਰਮ ਭਰਦੇ ਨੇ। ਹਿੰਦੂ ਸਮਾਜ ਤਾਂ ਜਲ ਨੂੰ ਪੂਰਾ ਸੂਰਾ ਦੇਵਤਾ ਹੀ ਗਰਦਾਨਦਾ ਹੈ ।

-ਪਰ ਜਮੀਨੀ ਹਕੀਕਤ ਕੀ ਹੈ ?

-ਕੀ ਸੱਚੀਂ ਜਲ ਦੀ ਜਿੰਨੀ ਕਦਰ ਹੋਣੀ ਚਾਹੀਦੀ ਹੈ,ਓਨੀ ਕਦਰ ਹੋ ਰਹੀ ਹੈ?

ਫਿਲਹਾਲ ਇਸ ਲਿਖਤ ਵਿੱਚ ਸਿਰਫ ਹਿੰਦੁਸਤਾਨ ਦੀ ਹੀ ਗੱਲ ਕਰਾਂਗੇ ਬਾਕੀ ਮੁਲਕਾਂ ਲਈ ਫਿਰ ਕਦੇ ਕਿਸੇ ਹੋਰ ਲੇਖ ਵਿੱਚ ਗੱਲ ਤੋਰਾਂਗੇ।

ਇੱਕ ਅਰਬ ਹਿੰਦੁਸਤਾਨੀਆਂ ਦਾ ਹਿੰਦੁਸਤਾਨ, ਜਿੱਥੇ ਪਾਣੀ ਨੂੰ ਖਵਾਜਾ ਖਿਜਰ ਮੰਨਣ ਵਾਲੇ ਵੀ ਨੇ ਅਤੇ ਵਰੁਣ ਦੇਵਤਾ ਕਰਕੇ ਜਾਨਣ ਵਾਲੇ ਵੀ ਨੇ,ਪਰ ਮੈਨੂੰ ਅਜੇ ਤੱਕ ਇਹ ਸਮਝ ਨਹੀਂ ਆਈ ਕਿ ਅਸੀਂ ਹਿੰਦੁਸਤਾਨੀਆਂ ਨੇ ਆਖਿਰ ਪਾਣੀ ਨੂੰ ਕੀ ਸਮਝਿਆ ਹੈ?

- ਕੀ ਪਾਣੀ ਦੇਵਤਾ ਹੈ?
- ਕੀ ਪਾਣੀ ਨੂੰ ਅਸੀ ਦੇਵਤਾ ਮੰਨਦੇ ਹਾਂ?
- ਜੇ ਇਸਦਾ ਜਵਾਬ ਹਾਂ ਹੈ , ਤਾਂ ਫਿਰ ਏਨੀ ਗੱਲ ਪੁੱਛਣ ਦਾ ਜੀ ਕਰਦਾ ਹੈ ਕਿ ਬਈ ਦੇਵਤੇ ਤਾਂ ਪੂਜਣਯੋਗ ਹੁੰਦੇ ਨੇ,ਹੁੰਦੇ ਨੇ ਨਾ?
- ਜੇ ਦੇਵਤੇ ਪੂਜਣਯੋਗ ਹੁੰਦੇ ਨੇ ਤਾਂ ਕੀ ਅਸੀਂ ਪੂਜਣ ਯੋਗ ਮੰਨਦੇ ਹਾਂ ਪਾਣੀ ਨੂੰ?

ਸਾਡੇ ਚੋਂ ਵਧੇਰੇ ਆਪਣੇ ਮਾਂਬਾਪ ਨੂੰ ਵੀ ਪੂਜਣ ਯੋਗ ਮੰਨਦੇ ਨੇ,ਪਰ ਕੋਈ ਓਹਨਾਂ ਦੇ ਸਿਰ ਵਿੱਚ ਗੰਦ ਨਹੀਂ ਸੁੱਟਦਾ,ਨਾਂ ਹੀ ਕਿਸੇ ਹੋਰ ਨੂੰ ਹੀ ਓਹਨਾਂ ਦੀ ਬੇਹੁਰਮਤੀ ਕਰਣ ਦੀ ਇਜਾਜ਼ਤ ਹੀ ਦੇਂਦਾ ਹੈ।

ਪਰ ਪਾਣੀਆਂ ਨੂੰ ਤਾਂ ਅਸੀਂ ਜਿਵੇਂ ਕੂੜੇਦਾਨ ਬਣਾ ਲਿਆ ਹੈ,ਓਹ ਸਾਡੇ ਜਿਊਂਦਿਆਂ ਦੇ ਰਹਿੰਦ ਖੂੰਦ ਨੂੰ ਤਾਂ ਸਾਂਭਦੇ ਨੇ ,ਅਸੀਂ ਆਪਣੇ ਗੁਜ਼ਰ ਗਿਆਂ ਦੇ ਹੱਡ ਵੀ ਇਹਨਾਂ ਦੇ ਹੀ ਹਵਾਲੇ ਕਰਦੇ ਹਾਂ।ਹੱਡ, ਸਵਾਹ ਹੋਰ ਕਈ ਕੁਝ ਗੰਦਪਿੱਲ, ਅਸੀਂ ਪਾਣੀਆਂ ਦੇ ਹਵਾਲੇ ਕਰਦੇ ਹਾਂ, ਹੋਰ ਤਾਂ ਹੋਰ ਵਿਗਿਆਨ ਦੀ ਕੁਵਰਤੋਂ ਕਰਕੇ ਮਾਰੀਆਂ ਕੁੜੀਆਂ ਵੀ ਇਹਨਾਂ

ਦੇ ਹਵਾਲੇ ਕਰਦੇ ਹਾਂ। ਵੱਡੇ 2 ਕਈ ਹਸਪਤਾਲਾਂ ਦਾ ਗੰਦ ਪਿੱਲ ਵੀ ਆਹ ਪਾਣੀਆਂ ਦੀ ਝੋਲੀ ਹੀ ਪਾਇਆ ਜਾਂਦਾ ਹੈ।

ਪਾਂਧੇ ਵੀ ਕਈ ਪ੍ਰਕਾਰ ਦੇ ਪੁੰਨ ਖਾਤਿਆਂ ਵਿੱਚ ਕਈ ਕੁਝ ਨਿੱਕ-ਸੁਕ ਜਿਹਾ ਜਲ ਦੀ ਪਰਵਾਹ ਕੀਤੇ ਬਿਨਾਂ ਜਲਪਰਵਾਹ ਕਰਵਾਈ ਜਾਣਗੇ

ਪਿਛਲੇ ਦਿਨੀਂ ਗਣੇਸ਼-ਪੂਜਾ ਦੀ ਧੂਮ ਰਹੀ, ਹਜ਼ਾਰਾਂ ਲੱਖਾਂ ਗਣੇਸ਼ ਮੂਰਤੀਆਂ ਪਾਣੀਆਂ ਹਵਾਲੇ ਕੀਤੀਆਂ ਗਈਆਂ।ਮੂਰਤੀਆਂ ਤੇ ਕੀਤਾ ਜ਼ਹਿਰੀਲਾ ਰੋਗਣ ਵੀ ਨਾਲ ਹੀ ਪਾਣੀਆਂ ਦੇ ਹਵਾਲੇ ਹੋ ਗਿਆ।

ਕਿਸੇ ਵੇਲੇ ਗੰਗਾ ਦੀ ਪਵਿੱਤਰਤਾ ਸਹੁੰ ਖਾਣ ਯੋਗ ਹੁੰਦੀ ਸੀ,ਐਪਰ ਹੁਣ ਤਾਂ ਗੰਗੋਤਰੀ ਹੀ ਦੂਸ਼ਿਤ ਹੋਈ ਪਈ ਹੈ।

ਖੇਤੀ ਵਿਰਾਸਤ ਮਿਸ਼ਨ ਜੈਤੋ ਦੇ ਉੱਦਮ ਸਦਕਾ ਮੈਨੂੰ ਸੀਚੇਵਾਲ ਵਿਖੇ ਵਾਤਾਵਰਣ ਪਰੇਮੀਆਂ ਦੀ ਇੱਕ ਵਿਚਾਰਗੋਸ਼ਟ ਵਿੱਚ ਕੁਝ ਕਰਮਯੋਗੀਆਂ ਦੇ ਵਿਚਾਰ ਸੁਨਣ ਦਾ ਮੌਕਾ ਮਿਲਿਆ। ਓਹਨਾਂ ਵਿੱਚ ਗੰਗਾ-ਬਚਾਓ ਮੁਹਿੰਮ ਦੇ ਕਰਮਯੋਗੀ ਵੀ ਹਾਜ਼ਰ ਸੀ।

ਓਹਨਾਂ ਜਦ ਦੱਸਿਆ ਕਿ ਗੰਗਾ ਕਿਨਾਰੇ ਜਿੰਨੇ ਵੀ ਮੱਠ-ਮੰਦਿਰ ਨੇ, ਓਹਨਾਂ ਦੀ ਵਿਸ਼ਟਾ/ਗੰਦਪਿੱਲ ਸਭ ਗੰਗਾ ਵਿੱਚ ਹੀ ਘੁਲਦੇ ਹਨ ਤਾਂ ਮੈਂ , ਜੋ ਖੁਦ ਗੰਗਾ ਗੀਤਾ ਗਾਇੱਤਰੀ ਦੇ ਉਪਾਸਕ ਬ੍ਰਾਹਮਣ ਪਰਿਵਾਰ ਦਾ ਜੰਮ-ਪਲ ਹਾਂ, ਉਹਨਾਂ ਦੀ ਗੱਲ ਸੁਣ ਕੇ ਘਿਰਣਾ ਨਾਲ ਭਰ ਗਿਆ। ਪਾਣੀ ਮੁਫ਼ਤ ਨਹੀਂ ਮਿੱਤਰੋ! ਅਣਮੋਲ ਹੈ। ਇਸ ਦੀ ਹਾਲਤ ਇਸ ਵੇਲੇ ਵੱਡੇ ਟੱਬਰ ਦੇ ਕਿਸੇ ਸਭ ਤੋਂ ਬਜ਼ੁਰਗ ਜੀਅ ਜਿਹੀ ਹੋਈ ਪਈ ਹੈ।

ਪਾਣੀ,ਆਬ,ਜਲ, ਦੀ ਦੁਰਦਸ਼ਾ ਬਾਰੇ ਲਿਖਣ ਵਾਲੇ(ਮੇਰੇ ਵਰਗੇ)ਅਨੇਕ ਨੇ।ਪਾਣੀਆਂ ਬਾਰੇ ਚਰਚਾਵਾਂ ਤੇ ਪਰਿਚਰਚਾਵਾਂ ਵੀ ਹੁੰਦੀਆਂ ਨੇ,ਪਰ ਇਹਨਾਂ ਚਰਚਾਵਾਂ ਤੇ ਪਰਿਚਰਚਾਵਾਂ ਦਾ ਕੋਈ ਬਹੁਤਾ ਅਸਰ ਵੇਖਣ ਨੂੰ ਲੱਭਦਾ ਨਹੀਂ।

ਚਰਚਾਵਾਂ ਤੇ ਪਰਿਚਰਚਾਵਾਂ ਤਾਂ ਦਾਜ ਦਹੇਜ ਤੇ ਵੀ ਹੁੰਦੀਆਂ ਨੇ,ਮਾਦਾ ਭਰੂਣ ਹੱਤਿਆ ਤੇ ਵੀ ਹੁੰਦੀਆਂ ਨੇ, ਧਰਮ ਅਤੇ ਅਧਰਮ ਵਿਸ਼ੇ ਤੇ ਵੀ ਹੁੰਦੀਆਂ ਨੇ ਪਰ ਮਾਫ ਕਰਨਾ ਇਹਨਾਂ ਚਰਚਾਵਾਂ ਤੇ ਪਰਿਚਰਚਾਵਾਂ ਵਿੱਚ ਦਰਸ਼ਨ ਦੇਣ ਵਾਲੇ ,ਵਧੇਰੇ ਕਰ ਕੇ 'ਫੋਟੋਚੀਏ' ਕਿਸਮ ਦੇ ਲੋਕ ਹੀ ਦਿੱਸਦੇ ਨੇ ।ਜੇ ਇਹਨਾਂ ਚਰਚਾਵਾਂ ਤੇ ਪਰਿਚਰਚਾਵਾਂ ਵਿੱਚ ਭਾਗ ਲੈਣ ਵਾਲੇ ਕਰਮਯੋਗੀ ਹੋਵਣ ਤਾਂ ਮੇਰੇ ਦੇਸ਼ ਦੀ ਦਸ਼ਾ ਆਹ ਨਾਂ ਹੋਵੇ ਜੋ ਹੈ।

ਮਾਦਾ ਭਰੂਣ ਹੱਤਿਆ ਵਧੀ , ਦਹੇਜ ਰੁਕਿਆ ਨਹੀ, ਧਰਮ ਅਧਰਮ ਵਿੱਚ ਬਹੁਤਾ ਵਿੱਥ-ਵੇਰਵਾ ਰਿਹਾ ਨਹੀਂ,ਤੇ ਪਾਣੀ-?!

-ਅੰਕੜੇ ਦੱਸਦੇ ਨੇ ਕਿ ਪਾਣੀ ਦੀ ਮੌਜੂਦਗੀ ਦੇ ਆਧਾਰ ਤੇ ਪੰਜਾਬ ਨੂੰ 138 ਜੋਨ ਵਿੱਚ ਵੰਡਿਆ ਗਿਆ।ਇਹਨਾਂ 138 ਜੋਨਾਂ ਵਿੱਚੋਂ 104 ਤੋਂ ਵਧੇਰੇ ਇਲਾਕੇ ਡਾਰਕ ਜੋਨ ਬਣ ਗਏ ਨੇ ਭਾਵ ਕਿ ਏਥੋਂ ਦਾ ਪਾਣੀ ਜਾਂ ਤਾਂ ਪੀਣ ਯੋਗ ਨਹੀਂ ਰਿਹਾ ਜ਼ਹਿਰੀ ਹੋ ਗਿਆ ਜਾਂ ਡੂੰਘਾ ਹੋ ਗਿਆ ਹੈ। 8 ਜੋਨ ਗਰੇ ਜੋਨ, ਬਚੇ ਜੋਨ 26,ਇਹ 26 ਜੋਨ ਹੀ ਵ੍ਹਾਈਟ ਜੋਨ ਬਚੇ ਨਾ? ਹੁਣ ਸੋਚੋ, ਪੰਜਾ ਦਰਿਆਵਾਂ ਦੀ ਧਰਤੀ ,ਕੀ ਸਿਰਫ '6ਵੇਂ' ਦਰਿਆ ਚ ਹੜ੍ਹ ਕੇ ਰਹਿ ਜਾਊ?

-ਆਹ ਨੌਬਤ ਆਵੇ ਇਸ ਤੋਂ ਪਹਿਲਾਂ ਹੀ ਆਪਾਂ ਸੋਚੀਏ ਕਿ ਆਪਾਂ ਪਾਣੀ ਨੂੰ ਸਮਝਦੇ ਕੀ ਹਾਂ??????

*

# ਆਮ ਆਦਮੀ...

ਧਰਮ ਕਹਿੰਦਾ ਹੈ ਕਰਮ ਕਰ ਤੇ ਕਰਮ ਵੀ ਕਹਿੰਦੇ ਨੇ ਨਿਸ਼ਕਾਮ ਕਰ। ਨਿਸ਼ਕਾਮ ਕਰਮ ਦਾ ਉਪਦੇਸ਼ ਸੁਣਦਿਆਂ ਜੂਨ ਗੁਜ਼ਾਰਾ ਕਰਨ ਵਾਲੀ ਜੂਨ ਹੈ ਇੱਕ ਆਮ ਆਦਮੀ।

ਇੱਕੋ ਧਰਮ ਹੈ ਜਿਸ ਦਾ; ਆਮ ਜਿਓਣਾ ਤੇ ਆਮ ਮਰ ਜਾਣਾ।

ਇਸ ਦੀ ਖਾਸੀਅਤ ਇਹੀ ਹੈ ਕਿ ਇਹ ਆਮ ਹੈ। ਚਾਰੇ ਵਰਣਾਂ ਵਿਚ ਇਹੀ ਵੰਡਿਆ ਹੋਇਆ ਹੈ ਸ਼ਾਇਦ ਏਸੇ ਲਈ ਵੰਡਿਆ ਹੋਇਆ ਹੈ ਕਿਉਂਕਿ ਇਹ ਆਮ ਹੈ।

ਵਲਗਣਾਂ ਵੀ ਇਸੇ ਦੇ ਹਿੱਸੇ ਆਈਆਂ ਨੇ ਤੇ ਗਲਾਵੇਂ ਵੀ ਏਸੇ ਦੇ ਗਲੀਂ ਪਏ ਨੇ।

ਏਸੇ ਦੇ ਸਿਰ ਗਿਣਵਾ ਕੇ ਵਾਹ ਲੱਗੇ ਤਾਂ ਚਿਣਵਾ ਕੇ ਵੀ 'ਖਾਸ' ਲੋਕ ਖਾਸ ਬਣਦੇ ਨੇ ਖਾਸ ਅਹੁਦਿਆਂ ਤੇ ਪੁੱਜਦੇ ਨੇ ਖ਼ਾਸ ਮੁਕਾਮ ਹਾਸਿਲ ਕਰਦੇ ਨੇ 'ਖਾਸ' ਕੁਰਸੀਆਂ ਦੇ ਪਾਵੇ ਇਨ੍ਹਾਂ ਚਹੁੰਵਰਣਾਂ ਦੇ ਆਮ ਆਦਮੀ ਹੀ ਬਣਦੇ ਹਨ।

ਇਹ ਨੂੰ ਆਪਸ ਵਿਚ ਲੜਵਾਉਣ ਵਾਲੇ 'ਖਾਸ' ਆਪਸ ਵਿਚ ਕੁੜਮਾਚਾਰੀ ਨਿਭਾਉਂਦੇ ਵੀ ਤੱਕੇ ਜਾ ਸਕਦੇ ਹਨ।

ਪਹਿਲਾਂ ਮੁਲਕ ਵੰਡੇ, ਪਾਣੀ ਵੰਡੇ ,ਜ਼ਮੀਨ ਵੰਡੀ ਇਨ੍ਹਾਂ 'ਖਾਸ'ਲੋਕਾਂ ਦੀ 'ਖਾਸ' ਮਿਹਰਬਾਨੀ !?ਹੁਣ ,ਇਹ 'ਖਾਸ ਲੋਕ' ਆਮ ਲੋਕਾਂ ਦੇ ਵਿਰਸੇ ਨੂੰ ਵੰਡਣ ਦਾ ਉਪਰਾਲਾ ਕੀਤੀ ਬੈਠੇ ਜਾਪਦੇ ਹਨ ।ਲੋਕਾਂ ਦੇ ਸਾਂਝੇ ਆਦਰਸ਼ ਪੁਰਖਾਂ ਨੂੰ ਵੰਡਣ ਦਾ ,ਸ਼ਹੀਦਾਂ ਨੂੰ ਵੰਡਣ ਦਾ ਉਪਰਾਲਾ ਹੋ ਰਿਹਾ ਹੈ।

ਸ਼ਹੀਦ ਊਧਮ ਸਿੰਘ ਇੱਕ ਆਮ ਆਦਮੀ ਦਾ ਆਦਰਸ਼ ਵੀ ਹੋ ਸਕਦਾ ਹੈ ਤੇ ਪੂਜਣਯੋਗ ਸ਼ਹੀਦ ਵੀ ਪਰ ਖਾਸ ਲੋਕਾਂ ਦੀ ਖਾਸ ਮਿਹਰਬਾਨੀ ਕਿ ਇਨ੍ਹਾਂ ਦੇ ਚਿੱਤਰ ਹੇਠ 'ਊਧਮ ਸਿੰਘ ਕੰਬੋਜ' ਲਿਖਣ ਦੀ ਪਿਰਤ ਪਾਈ ਕੀ ਇਹ ਸ਼ਹੀਦੀ ਵਿਰਸੇ ਨੂੰ ਵੰਡੀਆਂ ਵੱਲ ਤੋਰਨ ਦਾ ਇਸ਼ਾਰਾ ਨਹੀਂ?

ਅਸੀਂ ਆਮ ਸਮਾਜ ਵਿਚ ਬਰਾਬਰਤਾ ਲਿਆਉਣ ਦਾ ਯਤਨ ਕਿਵੇਂ ਕਰੀਏ ਜਦ ਕਿ 'ਖਾਸ ਸਮਾਜ' ਸਾਡੇ ਆਮ ਆਦਮੀ ਨੂੰ ਸੌੜੀਆਂ ਵਲਗਣਾਂ ਵਿਚ ਵਲਣ ਦਾ ਉਪਰਾਲਾ ਜਾਰੀ ਰੱਖੀ ਬੈਠੇ ਦਿਸਦੇ ਨੇ।

ਇਹ 15% ਖਾਸ ਸਮਾਜ 85% ਆਮ ਸਮਾਜ ਦੀ ਹੋਣੀ ਦਾ ਵਿਧਾਤਾ ਬਣੀ ਬੈਠਾ ਹੈ ਸ਼ਾਇਦ ਆਮ ਆਦਮੀ ਨੂੰ ਵੰਡਣ ਵਾਲੀਆਂ ਕੰਧਾਂ ਆਸਰੇ ਹੀ ਇਨ੍ਹਾਂ ਆਮ ਲੋਕਾਂ ਦੇ ਸਿਰ ਤੇ 'ਅੰਬਰਵੇਲ ਨਾਲੋਂ ਮਾਰੂ ਛੱਤ' ਬਣਿਆ ਰਹਿ ਸਕਦਾ ਹੈ ਇਹ 'ਖਾਸ-ਸਮਾਜ'।

ਆਮ ਆਦਮੀ ਕੋਲ ਸਭ ਕੁਝ ਹੈ; ਸਰਕਾਰ ਬਣਾਉਣ ਲਈ ਵੋਟ ,ਵਿਦੇਸ਼ੀ ਦੇਸੀ ਡਾਕੂਆਂ ਦੀ ਅਦਿੱਖ ਪਿਸਤੌਲ ਸਾਹਮਣੇ ਮਜ਼ਬੂਰਨ ਸਮਰਪਤ ਕਰਨ ਜੋਗੇ ਮਿਹਨਤ ਦੀ ਕਮਾਈ ਦੇ ਨੋਟ।

'ਖਾਸ ਲੋਕ' ਖਾਸ ਮੌਕਿਆਂ 'ਤੇ ਚੋਣਾਂ ਆਦਿ ਵੇਲੇ ਇਸ ਆਮ ਆਦਮੀ ਤੇ ਖਾਸ ਮਿਹਰਬਾਨ ਹੁੰਦੇ ਹਨ ਫਿਰ ਚਾਰ ਦਿਨ ਦੀ ਚਾਂਦਨੀ.....ਵਾਲੀ ਕਹਾਵਤ ਨੂੰ ਝੂਠਿਆਂ ਨਹੀਂ ਹੋਣ ਦੇਂਦੇ। ਖਾਸ ਲੋਕਾਂ ਦੇ ਮਛਰਾਇਆਂ, ਭਰਮਾਇਆਂ ਇਹ ਆਮ ਲੋਕ ਹੀ ਵੱਟਿਆਂ

ਤੋਂ ਚਿੜ ਕੇ ਵੱਟਿਓ ਵੱਟੀ ਹੁੰਦੇ ਫਿਰਦੇ ਨੇ। ਡਾਂਗੋ ਸੋਟੀ ਹੁੰਦੇ ਨੇ। ਇਹੀ ਲੜਦੇ ਮਰਦੇ ਨੇ ਜੇ ਕਿਤੇ ਹੜ੍ਹ ਆਵੇ ਤਾਂ ਇਹੀ ਹੜ੍ਹਦੇ ਨੇ ਤੇ ਜੇ ਕਿਤੇ ਸੋਕਾ ਪੈ ਜਾਵੇ ਇਹੀ ਸੜਦੇ ਨੇ।

'ਵੰਡ ਕੇ ਛਕੋ' ਦਾ ਸਿਧਾਂਤ 'ਖਾਸ ਲੋਕਾਂ' ਨੇ ਆਪਣੇ ਮਤਲਬ ਅਨੁਸਾਰ ਢਾਲ ਲਿਆ ਹੈ ;ਆਮ ਲੋਕਾਂ ਦਾ ਹੱਕ ਆਮ ਲੋਕਾਂ ਵਿਚ ਵੰਡੀਆਂ ਪਵਾ ਕੇ ਆਪ ਛਕ ਜਾਣਾ ਤੇ ਡਕਾਰ ਵੀ ਨਹੀਂ ਲੈਣਾ।

ਇਹ ਖਾਸ ਲੋਕ 'ਆਮ ਆਦਮੀ' ਦੀ ਗੱਲ ਕਰਦੇ ਨੇ ਪਰ ਆਮ ਆਦਮੀ ਦਾ ਹੀ ਗਲ ਵੱਢਦੇ ਨੇ।

ਖਾਸ ਲੋਕ ਆਮ ਆਦਮੀ ਨੂੰ ਓਨਾਂ ਰਾਸ਼ਨ ਦੇਣ ਦੇ ਹੱਕਦਾਰ ਜਾਪਦੇ ਨੇ ਕਿ ਇਸ ਦਾ ਸਾਹ ਚੱਲਦਾ ਰਹੇ ਬੱਸ, ਕਿਉਂਕਿ ਰੱਜੇ ਨੂੰ ਤਾਂ ਰੱਬ ਚੇਤੇ ਨਹੀਂ ਰਹਿੰਦਾ... ਸੀਤਲ ਚੁੱਲਿਆਂ ਦੀ ਅਗਨ ਦੇ ਤੇਜ਼ ਤੋਂ ਕਈ ਵਾਰ ਵਾਕਫ਼ ਹੋ ਚੁੱਕੇ ਨੇ 'ਖਾਸ-ਲੋਕ' ਪਰ ਸਮਝਦੇ ਅਜੇ ਨਹੀਂ, ਕਿਉਂਕਿ ਇਨ੍ਹਾਂ ਨੂੰ ਵੰਡੀਆਂ ਪਾਉਣ ਦੀ ਜਾਂਚ ਹੈ ।ਹੁਣ ਇਹ ਖਾਸ ਲੋਕ ਇਸ ਖਾਸ ਗੱਲ ਨੂੰ ਤਾਂ ਸਮਝਦੇ ਨੇ ਕਿ ਸੀਤਲ ਚੁੱਲੇ ਜੇ ਵੰਡ ਦੇਈਏ ਤਾਂ ਉਨ੍ਹਾਂ ਦਾ ਤਾਪ ਲਾਟ ਬਣਨ ਜੋਕਰਾ ਵੀ ਨਹੀਂ ਰਹਿੰਦਾ; ਮਸ਼ਾਲ ਜਾਂ ਭਾਂਬੜ ਤਾਂ ਉਸ ਕੀ ਬਣਨਾ ਹੈ।

ਤੀਲਾ-ਤੀਲਾ ਹੋ ਕੇ ਵਿਚਰਦਾ ਆਮ ਆਦਮੀ ਇਨ੍ਹਾਂ ਲਈ ਜਨੌਰਾਂ ਤੋਂ ਵੀ ਘੱਟ ਵੁੱਕਤ ਦਾ ਹੈ। ਸਿਰਫ਼ 'ਵੋਟ ਪਰਚੀ' ਜਾਂ 'ਜੇਬ' ਇਸ ਤੋਂ ਵੱਧ ਕੁਝ ਨਹੀਂ ਇਹ ਆਮ ਆਦਮੀ!?

ਜੇ ਹੈ, ਤਾਂ ਪ੍ਰਮਾਣ ਦੇਵੇ! ਤੀਲਾ-ਤੀਲਾ ਨਾ ਰਹਿ ਕੇ ਸਿਰ ਜੋੜੇ ਅਤੇ ਆਪਣੀਆਂ ਸੋਚਾਂ ਦੀਆਂ ਖੂੰਜਾਂ ਖਰਲਾਂ 'ਚੋਂ ਖਾਸ ਲੋਕਾਂ ਦਾ ਭਰਿਆ, ਵੰਡ-ਵੰਡਾਈ ਭਰਮ-ਭੇਦ ਦਾ ਸਾਰਾ ਕਚਰਾ ਹੂੰਝ ਸੁੱਟੇ ਬੱਸ; ਇਹ ਆਮ ਆਦਮੀ ਆਪਣੀ ਵਿਧਨਾ ਦਾ ਆਪ ਵਿਧਾਤਾ ਹੋ ਜਾਵੇਗਾ।

*

# ਮੇਰਾ ਦੇਸ਼

ਦੁਨੀਆਂ ਵਿੱਚ ਅਨੇਕਾਂ ਦੇਸ਼ ਹਨ ਇਹਨਾਂ ਅਨੇਕਾਂ ਦੇਸ਼ਾਂ ਵਿਚ ਇੱਕ ਦੇਸ਼ ਹੈ ਜੋ ਤਿੰਨ ਤਰਫੋਂ ਸਾਗਰਾਂ ਨਾਲ ਪਾਣੀਆਂ ਨਾਲ ਘਿਰਿਆ ਹੈ ਇੱਕ ਤਰਫ਼ ਬਰਫ਼ਾਨੀ ਪਰਬਤ ਵਾਲੇ ਇਸ ਦੇਸ਼ ਨੇ ਦੁਨੀਆ ਨੂੰ ''ਜ਼ੀਰੋ'' ਦਿੱਤੀ, ਦੁਨੀਆ ਨੂੰ ''ਗਣਿਤ'' ਦਿੱਤਾ ਹਿਸਾਬ ਦਾਨ ਦਿੱਤੇ, ਸਾਇੰਸ ਦਿੱਤੀ ਸਾਇੰਸਦਾਨ ਦਿੱਤੇ ਗਿਆਨ ਦਿੱਤਾ, ਵਿਗਿਆਨ ਦਿੱਤਾ, ਸੱਭਿਅਤਾ ਦਿੱਤੀ। ਮਹਾਨ ਵਿਚਾਰਕ ਦਿੱਤੇ, ਮਹਾਨ ਕਵੀ ਦਿੱਤੇ, ਮਹਾਨ ਨੇਤਾ ਦਿੱਤੇ, ਤਾਂ ਹੀ ਤੇ ਇਹ ਦੇਸ਼ ਸਦੀਆਂ ਤੱਕ ਵਿਸ਼ਵਗੁਰੂ ਦੇ ਪਦ ਤੇ ਆਸੀਨ ਰਿਹਾ ਹੈ।

ਕਿਸੇ ਇਸ ਨੂੰ ਸੋਨੇ ਦੀ ਚਿੜੀ ਕਿਹਾ, ਕਿਸੇ ਦੁੱਧ ਦੀਆਂ ਨਦੀਆਂ ਦਾ ਦੇਸ਼, ਇਸ ਦੀ ਅਥਾਹ ਬੇਸ਼ੁਮਾਰ ਧਨ-ਦੌਲਤ ਨੇ ਵਿਦੇਸ਼ੀ ਹਮਲਾਵਰਾਂ ਦੇ ਮੂੰਹ 'ਚ ਪਾਣੀ ਭਰ ਛੱਡਿਆ।ਸਿਕੰਦਰ ਵਰਗੇ ਹਮਲਾਵਰ ਵੀ ਏਥੋਂ ਦੇ ਫ਼ਕੀਰਾਂ ਦੀ ਨਿਡਰਤਾ ਦੇ ਕਾਇਲ ਹੋ ਗਏ।ਏਥੋਂ ਦੀ ਪੌਣ ਪਾਣੀ ਵਿਚ ਮੋਹ ਹੈ,ਮਮਤਾ ਹੈ ਆਪਣਾਪਨ ਹੈ। ਮਹਿਮਾਨਨਿਵਾਜ਼ੀ ਜਿੱਥੋਂ ਦੀ ਰਿਵਾਇਤ ਹੈ ।ਦਇਆ ਧਰਮ ਤੇ ਸ਼ਾਂਤੀ ਜਿੱਥੋਂ ਦੇ ਲੋਕਾਂ ਦੇ ਲਹੂ ਵਿਚ ਵੱਸੀ

ਹੋਈ ਹੈ। ਸ਼ਾਂਤ ਹੋਣ ਦੇ ਬਾਵਜਦ ਜਿੱਥੋਂ ਦੇ ਲੋਕ ਬੁਜ਼ਦਿਲ ਨਹੀਂ ਹਨ, ਇੱਟ ਦਾ ਜਵਾਬ ਪੱਥਰ ਨਾਲ ਦੇਣਾ ਜਾਣਦੇ ਹਨ।

ਅੱਜ ਤੋਂ ਕੁਝ ਸਾਲ ਪਹਿਲਾਂ ਬੁਜ਼ਦਿਲ ਪਰ ਚਾਲਬਾਜ਼ ਗੁਆਂਢੀ ਨੇ ਇਸ ਦੇ ਸ਼ਾਂਤੀ-ਪਾਠ ਨੂੰ ਇਸਦੇ ਵਧੇ ਦੋਸਤੀ ਦੇ ਹੱਥ ਨੂੰ ਦੰਦੀ ਵੱਢਣ ਦੀ ਕੋਸ਼ਿਸ਼ ਕੀਤੀ ਸੀ ਇਸ ਦੇਸ਼ ਦੇ ਸਪੂਤਾਂ ਨੇ ਜਾਨ ਹੂਲ ਕੇ ਵੀ ਦੰਦੀ ਵੱਢਣ ਵਾਲੇ ਦੰਦਾਂ ਨੂੰ ਭੰਨ ਸੁੱਟਿਆ ਤੇ ਦਿਖਾ ਦਿੱਤਾ ਕਿ ਅਸੀਂ ਸ਼ਾਂਤੀ ਦੇ ਖਵਾਹਿਸ਼ ਮੰਦ ਵੀ ਹਾਂ ਪਰ ਬੁਜ਼ਦਿਲ ਨਹੀਂ ਹਾਂ ਉਹਨਾਂ ਦੱਸ ਦਿੱਤਾ:

ਮਿੱਠਤ ਨੀਵੀਂ...ਵਾਲੀ ਬਾਣੀ ਕੰਠ ਅਸਾਂ ਜੇ ਕੀਤੀ ਏ,
ਪਾਹੁਲ-ਪਾਣ ਓਹ ''ਖੰਡੇ ਵਾਲੀ'' ਵੀ ਅਸਾਂ ਨੇ ਪੀਤੀ ਏ।

ਅੱਜ ਵੀ ਇਹ ਦੇਸ਼ ਦੁਨੀਆ ਭਰ ਵਾਸਤੇ ਗਿਆਨ ਦਾ ਸੋਮਾ ਬਣਿਆ ਹੋਇਆ ਹੈ।ਇਸ ਦੇਸ਼ ਵਿਚ ਹਰ ਧਰਮ ਨੂੰ ਬਰਾਬਰ ਮਾਣ ਮਿਲਦਾ ਹੈ। ਵੱਖ-ਵੱਖ ਪੂਜਾ ਢੰਗ ਅਪਣਾਉਣ ਦੀ ਖੁੱਲ੍ਹ ਹੈ। ਏਥੇ, ਹਰ ਵਰਗ ਦੇ ਲੋਕ ਖੁਸ਼ਹਾਲ ਹਨ ਏਥੇ ਦੇ ਲੋਕ ਰੋਟੀ ਦੇ ਨਾਲ ਰੱਬ ਨੂੰ ਵੀ ਮੰਨਦੇ ਹਨ; ਏਥੇ ਆਸਤਕ ਵੀ ਹਨ, ਏਥੇ ਨਾਸਤਕ ਵੀ ਹਨ। ਸਾਕਾਰ ਪੂਜਾ ਕਰਨ ਵਾਲੇ ਵੀ ਹਨ ਨਿਰਾਕਾਰ ਦੀ ਇਬਾਦਤ ਕਰਨ ਵਾਲੇ ਵੀ ਹਨ। ਅਖੁੱਟ ਤੇ ਅਤੁੱਟ ਖਣਿਜ ਪਦਾਰਥਾਂ ਦੇ ਭੰਡਾਰ ਹਨ ਇਸ ਦੇਸ਼ ਕੋਲ ਮਿਹਨਤੀ ਕਿਸਾਨ ਹਨ ਉਪਜਾਊ ਜ਼ਮੀਨਾਂ ਹਨ, ਤੇ ਜਿੰਦ ਲੇਖੇ ਲਾਉਣ ਤੋਂ ਗੁਰੇਜ ਨਾ ਕਰਨ ਵਾਲੇ ਫੌਜੀ ਜਵਾਨ ਹਨ। 'ਧਰਤੀ ਦੀ ਧੀ ਮਾਤਾ ਗੁੱਜਰੀ' ਵਰਗੀਆਂ ਮਾਵਾਂ ਏਥੇ ਹੀ ਜਨਮੀਆਂ ਹਨ। ਧਰਮ ਹੇਤ ਸਾਕਾ ਕਰਨ ਵਾਲੇ ਸੂਰਬੀਰ ਸਿਰਲੱਥ ਯੋਧੇ ਏਸੇ ਧਰਤੀ ਨੇ ਜਾਏ ਹਨ ।'ਜੋੜਾ ਕਿਸੇ ਪਾਸੇ ਤੇ ਜੋੜਾ ਕਿਸੇ ਪਾਸੇ ਲਾਲ ਸ਼ਹੀਦ ਕਰਵਾਉਣ ਵਾਲੇ, ਤੇਗ ਦੇ ਜਾਏ ਤੇਗ ਧਨੀ ਯੁਗ ਪਲਟਾਊ ਦਸਮ ਪਿਤਾ' ਦੇ ਕੌਤੁਕ ਏਸੇ ਧਰਤ ਤੇ ਹੋਏ।

ਏਸੇ ਧਰਤ ਦੀਆਂ ਜਾਈਆਂ ਨੇ ਆਪਣੇ ਜਾਇਆਂ ਦੇ ਟੋਟਿਆਂ ਦੇ ਹਾਰ ਗਲ ਵਿਚ ਪਵਾਏ ਪਰ ਫਿਰ ਵੀ ਧਰਮ ਤੇ ਸਿਦਕ ਤੇ ਕਾਇਮ ਰਹੀਆਂ। ਹਾਲੇ ਵੀ ਦੱਸਣ ਦੀ ਲੋੜ ਹੈ ਇਸ ਦੇਸ਼ ਦਾ ਨਾਮ ?

ਮੇਰਾ ਦੇਸ਼, ਮੇਰਾ ਸੁਹਣਾ ਦੇਸ਼ ਜਿਸ ਦਾ ਨਾਂ ਹੈ ਹਿੰਦੁਸਤਾਨ।
ਜੀਵੇ, ਜੀਵੇ, ਜੀਵੇ ਹਿੰਦੁਸਤਾਨ ;ਹਿੰਦੁਸਤਾਨ ,ਹਿੰਦੁਸਤਾਨ ਜੀਵੇ ਹਿੰਦੁਸਤਾਨ

ਮੇਰਾ ਹਿੰਦੁਸਤਾਨ ਜੋ ਹਰ ਹਿੰਦੁਸਤਾਨੀ ਦੀ ਜਾਨ ਹੈ, ਹਰ ਹਿੰਦੁਸਤਾਨੀ ਦੀ ਪਛਾਣ ਹੈ ਹਰ ਹਿੰਦੁਸਤਾਨੀ ਦੀ ਹੋਂਦ ਦਾ ਨਿਸ਼ਾਨ ਹੈ ।ਇਹ ਹੀ ਤਾਂ ਹੈ ਮੇਰਾ ਦੇਸ਼, ਏਹ ਹੀ ਮੇਰਾ ਪਿਆਰਾ ਹਿੰਦੁਸਤਾਨ ਹੈ ।ਸਾਡਾ ਸਭਦਾ ਆਪਣਾ ਭਾਰਤ । ਇਸ ਦੀ ਖੁਸ਼ਹਾਲੀ ਕੁਝ ਬੇਈਮਾਨਾਂ ਨੂੰ ਰੜਕਦੀ ਹੈ ।ਉਹ ਇਸ ਹਰੀ ਭਰੀ ਬਗੀਚੀ ਵਿਚ ਫੁੱਟ ਦੇ ਬੀਜ ਖਿਲਾਰਦੇ ਹਨ। ਭਰਾ ਨੂੰ ਭਰਾ ਦੇ ਖਿਲਾਫ਼ ਭੜਕਾ ਰਹੇ ਹਨ। ਨਹੁੰਆਂ ਨਾਲੋਂ ਮਾਸ ਨੂੰ ਵੱਖਰਾ ਕਰਨ ਦੇ ਉਪਰਾਲੇ ਕਰ ਰਹੇ ਹਨ। ਸਾਨੂੰ ਇਹਨਾਂ ਕੋਹਝੇ ਉਪਰਾਲਿਆਂ ਨੂੰ ਵੇਲਾ ਰਹਿੰਦਿਆਂ ਸਮਝ ਲੈਣਾ ਚਾਹੀਦਾ ਹੈ ਤਾਂ ਕਿ ਸਮਾਂ ਰਹਿੰਦਿਆਂ ਬੁਰੀ ਨਜ਼ਰ ਤੋਂ ਬਚਿਆ ਜਾ ਸਕੇ।

ਸ਼ਾਲਾ! ਸਾਡਾ ਗੁਲਜ਼ਾਰ ਏਦਾਂ ਖਿੜਿਆ ਰਹੇ ।ਇਸ ਗੁਲਜ਼ਾਰ ਵਿਚ ਬਹਾਰ ਰਹੇ। ਇਸ ਦੀ ਖੁਸ਼ਕੀਰਤ ਦੂਰ-ਦੂਰ ਤੱਕ ਫੈਲੇ ਇਹ ਰਣਜੀਤ ਸਿੱਧ ਹੋਵੇ ।ਸ਼ਾਲਾ! ਸ਼ਿਵ -ਮੰਦਿਰ ਵਿਚ ਦੀਪ ਬਲਦੇ ਰਹਿਣ। ਪ੍ਰੀਤ ਦੀ ਰੀਤ ਏਸੇ ਤਰ੍ਹਾਂ ਤੁਰੀ ਰਹੇ। ਲੋਕ ਇੱਕ ਦੂਜੇ ਦੇ ਦਰਦੀ ਬਣੇ ਰਹਿਣ। ਨਿਮਾਣੇ ਜਿਹੇ ਹਿੰਦੁਸਤਾਨ ਦੇ ਵੀਰ ਜਵਾਨ 'ਕਮਲ' ਵਰਗੇ ਨਿਰਲੇਪ ਭਾਰਤ ਦੀਆਂ ਸਰਹੱਦਾਂ ਤੇ ਸਾਡੇ ਨਿਗਾਹਬਾਨ ਬਣੇ ਰਹਿਣ।ਕੋਈ 'ਤਨਹਾ'

ਨਾ ਰਹੇ। ਗੀਤਾ ਦਾ ਗਿਆਨ,ਮਸਜਿਦਾਂ ਦੀ ਅਜ਼ਾਨ, ਚਰਚ ਦੇ ਘੜਿਆਲ, ਗੁਰਬਾਣੀ ਦਾ ਪਾਠ ਸੁਣਦੀ ਰਹੇ ਮੇਰੇ ਪਿਆਰੇ ਹਿੰਦੁਸਤਾਨ ਦੀ ਆਜ਼ਾਦ ਫ਼ਿਜ਼ਾ।

*

# ਹੋਰ ਵੀ ਗਮ ਨੇ

ਅੱਜ ਮੇਰੀ ਸੋਚ ਦਾ ਤਾਣਾ ਬਾਣਾ ਜਿਸ ਮੌਜੂ ਦੇ ਗਿਰਦ ਬਣਿਆ ਜਾ ਰਿਹਾ ਹੈ ਓਹ ਹੈ ''ਔਰ ਭੀ ਗ਼ਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ''। ਅੱਜ ਜਿੱਧਰ ਨਿਗਾਹ ਦੌੜਾਈਏ ਮੁਸੀਬਤਾਂ ਹੀ ਮੁਸੀਬਤਾਂ ਹਨ ਔਕੜਾਂ ਹੀ ਔਕੜਾਂ ਹਨ। ਕਿਧਰੇ 'ਵਿਹਲੇ-ਵੀਰ' ਝੁਰਦੇ ਦਿੱਸਦੇ ਹਨ। ਬੇਰੁਜ਼ਗਾਰੀ ਦੇ ਡੰਗੇ, ਨਸ਼ਿਆਂ ਨੂੰ ਧਾਹ-ਗਲਵੱਕੜੀ ਪਾਉਂਦੇ ਨੇ ਜਾਂ ਆਤਮ ਹੱਤਿਆ ਕਰ ਲੈਣ ਵਾਲਿਆਂ ਵਿਚ ਆਪਣਾ ਨਾਂ ਲਿਖਾਉਂਦੇ ਨੇ। ਨਫ਼ਰਤ, ਜੱਗ ਵਿਚ ਆਮ ਹੋ ਗਈ ਹੈ।

ਕੱਲ ਦੀ ਗੱਲ, ਕਿ ਲੱਗਦਾ ਸੀ ਹਰ ਜੀਅ ਘਰ ਦਾ ਜੀਅ।
ਘਰ ਦੇ ਜੀਅ ਅੱਜ ਪੁੱਛਦੇ ਕੌਣ ਕਿਸੇ ਦਾ ਕੀ??

''ਚਕਲਾ ਘਰ'' ਆਬਾਦ ਕਰਨ ਵਾਲੇ ਕਾਰਕ ਅਜੇ ਵੀ ਸਮਾਜ ਵਿਚ ਮੌਜੂਦ ਹਨ। ਮਿਹਨਤ ਦੇ ਬਾਵਜੂਦ ਅੱਜ ਵੀ ਕਈਆਂ ਨੂੰ ਭੁੱਖ ਮੇਟਣ ਲਈ ਪੂਰਾ ਅੰਨ ਨਹੀਂ ਜੁੜਦਾ ਦੁਨੀਆਂ ਭਰ ਵਿੱਚ ਪ੍ਰਮਾਣੂ ਜੰਗ ਦਾ ਖਤਰਾ ਮੰਡਰਾ ਰਿਹਾ ਹੈ।ਅਮਨ ਦੀ ਘੁੱਗੀ ਜਿਹੜੇ ਕਟੋਰੇ ਵਿਚ ਪਾਣੀ ਪੀਂਦੀ ਸੀ ਓਸ ਵਿਚ ਬਾਰੂਦ ਭਰ ਦਿੱਤਾ ਗਿਆ ਹੈ। ਅਜਿਹੇ ਮਾਹੌਲ ਵਿਚ ਸਿਰਫ਼ ਮੁਹੱਬਤ ਦੇ ਇਸ਼ਤਿਹਾਰ ਛਾਪਣੇ ਬੇ ਮਾਇਨਾ ਹੈ।

ਅੱਜ ਦੇ ਨਵੇਂ ਲਿਖੰਤਰ ਨਵੇਂ ਗਵੰਤਰ (90%) ਅਜਿਹੇ ਹਨ ਜੋ ਮੁਹੱਬਤ ਦੇ ਇਸ਼ਤਿਹਾਰ ਛਾਪਦੇ ਹੀ ਦਿੱਸਦੇ ਹਨ। ਅਕਾਸ਼ਵਾਣੀ ਜਲੰਧਰ ਤੋਂ ਪਰਸਾਰਿਤ ਹੁੰਦੇ 'ਦੇਸ਼-ਪੰਜਾਬ ਪਰੋਗਰਾਮ' ਦੇ ਵਿੱਚ ਵੀ ਅਕਸਰ ਵਿਸ਼ਾ ਪਿਆਰ ਮੁਹੱਬਤ ਬੇਵਫ਼ਾਈ ਹੁੰਦਾ ਹੈ। ਹਾਂ ਸੱਚ ਬੇਵਫ਼ਾਈ ਤੋਂ ਯਾਦ ਆਇਆ ਦੋਸਤ ਅਕਸਰ ਬੇਵਫ਼ਾ ਹੋ ਗਏ ਦੋਸਤਾਂ ਦਾ ਗਿਲਾ ਸੁਣਾਉਂਦੇ ਹਨ ਤਾਂ ਅਜਿਹੇ ਦੋਸਤਾਂ ਨੂੰ ਕਹਾਂਗਾ ਕਿ ਦੋਸਤੋ! ਤੁਸੀਂ ਪਿਆਰ ਨਾਂ ਦੇ ਜਜ਼ਬੇ ਨੂੰ ਕਬਜ਼ਾ ਸਮਝ ਬੈਠੇ ਹੋਵੋਗੇ ਏਸੇ ਲਈ ਤੁਹਾਨੂੰ ਤੁਹਾਡਾ ਸਾਥੀ ਬੇਵਫ਼ਾ ਲੱਗਦੈ।

ਮੁਹੱਬਤ ਨੂੰ ਅੱਜ ਇੱਕ ਇਸ਼ਤਿਹਾਰ ਬਣਾਇਆ ਜਾ ਰਿਹਾ ਹੈ। ਹੋਰ ਸਾਰੀਆਂ ਔਕੜਾਂ ਜਿਵੇਂ ਛਿਪਣ ਹੋ ਗਈਆਂ ਹੋਣ ਆਸ ਹੈ ਪੜ੍ਹਦੀਆਂ ਅੱਖਾ ਮੇਰੇ ਨਾਲ ਸਹਿਮਤ ਹੋਣਗੀਆਂ ਕਿ ਮੁਹੱਬਤ ,ਖਾਸ ਕਰਕੇ 'ਪਾਕ ਮੁਹੱਬਤ' ਗੂੰਗੇ ਦਾ ਗੁੜ ਹੁੰਦੀ ਹੈ ਇਸ ਦੇ ਇਸ਼ਤਿਹਾਰ ਛਾਪਣੇ ਗੁਨਾਹ ਹੈ। ਪ੍ਰੰਤੂ ਆਮ ਕਰਕੇ ਮੁਹੱਬਤ ਦੀ ਕਸੀਦਾਕਾਰੀ ਕਰਨ ਵਾਲੇ ਮੁਹੱਬਤ ਦੇ ਮਾਇਨੇ ਬਿਆਨਦੇ ਤਾਂ ਹਨ ਪਰ ਆਪ ਸਿਆਣਦੇ ਨਹੀਂ। ਮੁਹੱਬਤ ਦੇ ਗੀਤ ਓਹ ਪੰਛੀ ਭਾਵੇਂ ਗਾ ਲਵੇ ਜੋ ਪੂਰੀ ਖਿੜੀ ਬਹਾਰ ਵਿਚ ਵਿਚਰਦਾ ਹੈ ਜਿਸ ਨੂੰ ਔਕੜਾਂ ਦੀ ਲੂ ਵੀ ਨਾ ਲੱਗੀ ਹੋਵੇ। ਪ੍ਰੰਤੂ ਇੱਕ ਆਮ ਜਨ ,ਜਿਸ ਦੇ ਹੱਥਾਂ ਵਿਚ ਕਾਸਾ ਹੋਵੇ, ਨਜ਼ਰਾਂ ਵਿਚ ਰੋਟੀ ਕੱਪੜਾ ਅਤੇ ਮਕਾਨ ਲਈ ਤਲਾਸ਼ ਤੇ ਪੈਰਾਂ ਨਾਲ ਬੱਧੇ ਹੋਣ ਮਜ਼ਬੂਰੀਆਂ ਦੇ ਪੱਥਰ ਤਾਂ ਓਸ ਲਈ ਦੋ ਤੇ ਦੋ ਚਾਰ ਨੈਣ ਨਹੀਂ ਹੁੰਦੇ ਬਲਕਿ ਚਾਰ ਰੋਟੀਆਂ ਹੁੰਦੀਆਂ ਹਨ।

*

# ਮੁਸਕੁਰਾਹਟ

ਉਹ ਸਬੰਧ ਹੈ ਵਿਅਕਤੀਤਵ ਦਾ ਕਿਸੇ ਵੀ ਵਿਅਕਤੀ ਦੀ ਮੁਸਕੁਰਾਹਟ ਦੇ ਨਾਲ ਜੋ ਕਿਸੇ ਸਿੱਪੀ ਦਾ ਮੋਤੀ ਦੇ ਨਾਲ; ਕਿਸੇ ਦੀਪ ਦਾ ਜੋਤੀ ਦੇ ਨਾਲ; ਕਿਸੇ ਭੁੱਖੇ ਦਾ ਰੋਟੀ ਦੇ ਨਾਲ ਹੁੰਦਾ ਹੈ। ਖੁਸ਼ਗਵਾਰ ਵਿਅਕਤੀਤਵ ਲਈ ਜਿਸ ਗਹਿਣੇ ਦੀ ਲੋੜ ਹੁੰਦੀ ਹੈ ਉਸ ਗਹਿਣੇ ਦਾ ਨਾਂ ਹੈ ''ਮੁਸਕੁਰਾਹਟ''।

ਕਿਸੇ ਵੀ ਵਿਅਕਤੀਤਵ ਨੂੰ ਸ਼ਿੰਗਾਰਣ ਲਈ ਸਭ ਤੋਂ ਟਿਕਾਊ ਗਹਿਣੇ ਦਾ ਨਾਂ ਹੈ ਮੁਸਕੁਰਾਹਟ, ਮੁਸਕੁਰਾਹਟ ਦੇ ਨਾਲ ਦਾ ਜ਼ੇਵਰ ਹੋਰ ਕੋਈ ਨਹੀਂ ਹੈ। ਇਹ ਬਿਨਾਂ ਮੁੱਲ ਦੇ ਮਿਲਦਾ ਹੈ ਪ੍ਰੰਤੂ ਇਸ ਦੀ ਮਦਦ ਨਾਲ ਕਿਸੇ ਨੂੰ ਵੀ ਜਿੱਤਿਆ ਜਾ ਸਕਦਾ ਹੈ। ਆਪਣਾ ਬਣਾਇਆ ਜਾ ਸਕਦਾ ਹੈ।

''ਮੁਸਕੁਰਾਹਟ ਬਾਰੇ ਕੀ ਕਹਾਂ ਕੀ ਨਾਂ ਕਹਾਂ। ਮੁਸਕੁਰਾਹਟ ਖੁਸ਼ਬੋ ਹੈ ਤੇ ਜੀਵਨ ਫੁੱਲ ਹੈ। ਜਿੱਦਾਂ ਫੁੱਲ, ਬੇਸ਼ੱਕ ਕਿੰਨੇ ਵੀ ਵੱਡੇ ਕਿੰਨੇ ਵੀ ਸੋਹਣੇ ਕਿਓਂ ਨਾ ਹੋਵਣ ,ਖੁਸ਼ਬੋਈ ਤੋਂ ਬਿਨਾਂ ਉਹਨਾਂ ਦੀ ਕਾਣੀ ਕੌਡੀ ਜਿੰਨੀ ਵੀ ਕਦਰ ਨਹੀਂ ਪੈਂਦੀ ।ਏਦਾਂ ਹੀ ਜੀਵਨ ਦਾ ਅਸਲ ਸੁਆਦ ਉਹ ਹੀ ਲੈ ਸਕਦੇ ਨੇ ਜਿਹਨਾਂ ਨੇ ਮੁਸਕੁਰਾਹਟ ਦਾ ਭੇਦ ਪਾ ਲਿਆ, ਮੁਸਕੁਰਾਂਉਂਦੇ ਰਹਿਣ ਦਾ ਭੇਦ ਪਾ ਲਿਆ ਹੈ।

ਹਰ ਹਾਲ ਮੁਸਕੁਰਾਂਉਂਦੇ ਰਹਿ ਕੇ ਜ਼ਿੰਦਗੀ ਗੁਜ਼ਰਾਨ ਕਰਨੀ ਹੀ ਤਾਂ ਜ਼ਿੰਦਾ ਦਿਲੀ ਹੈ ਤੇ ਸੱਚ ਹੀ ਤਾਂ ਕਿ ਹੈ ਕਿਸੇ ਸ਼ਾਇਰ ਨੇ ਕਿ-

''ਜ਼ਿੰਦਗੀ, ਜ਼ਿੰਦਾ ਦਿਲੀ ਕਾ ਨਾਮ ਹੈ।
ਮੁਰਦਾਦਿਲ ਕਿਆ ਖਾਕ ਜੀਆ ਕਰਤੇ ਹੈ।''
ਏਸੇ ਮੁਸਕੁਰਾਹਟ ਬਾਰੇ ਇੱਕ ਸ਼ਾਇਰ ਨੇ ਏਹ ਵੀ ਕਿਹਾ ਹੈ
ਯਾ ਤੋ ਦੀਵਾਨਾ ਹੰਸੇ, ਯਾ ਤੂ ਜਿਸੇ ਤੌਫ਼ੀਕ ਦੇ
ਵਰਨਾ ਤੇਰੇ ਇਸ ਜਹਾਂ ਮੇਂ, ਮੁਸਕੁਰਾ ਸਕਤਾ ਹੈ ਕੌਣ!!''

''ਮੁਸਕੁਰਾਹਟ ਦਾ ਜ਼ੇਵਰ ਪਹਿਨਣ ਵਾਲੇ ਨੂੰ ਕਿਸੇ ਵੀ ਹੋਰ ਜ਼ੇਵਰ ਦੀ ਲੋੜ ਨਹੀਂ ਰਹਿੰਦੀ। ਇਹ ਗੱਲ ਓਨੀ ਹੀ ਸੱਚ ਹੈ; ਜਿੰਨਾ ਕਿ ਸੂਰਜ ਦਾ ਚੜ੍ਹਣਾ, ਦੁੱਧ ਦਾ ਚਿੱਟਾ ਹੋਣਾ, ਲਹੂ ਦਾ ਲਾਲ ਹੋਣਾ ਸੱਚ ਹੈ। ਏਹਦੇ ਨਾਲ ਏਹ ਵੀ ਸੱਚ ਹੈ ਕਿ ਇਹ ਜ਼ੇਵਰ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੋਇਆ ਕਰਦਾ ਹੈ। ਵਧੇਰੇ ਲੋਕਾਂ ਦੇ ਮੱਥਿਆਂ ਤੇ ਤਾਂ ਚਿੰਤਾ ਤੇ ਫ਼ਿਕਰ ਦੀਆਂ ਲਕੀਰਾਂ ਹੀ ਝੁਰੜੀਆਂ ਬਣ ਕੇ ਰਾਜ ਕਰਦੀਆਂ ਦਿੱਸਦੀਆਂ ਹਨ। ਵਿਰਲੇ ਤੇ ਭਾਗਾਂ ਵਾਲੇ ਮੱਥੇ ਹੁੰਦੇ ਜਿਹੜੇ ਮੁਸਕੁਰਾਹਟ ਦੇ ਵਰਦਾਨ ਸਦਕਾ ਖਿੜੇ-ਖਿੜੇ ਦਿੱਸਦੇ ਹਨ ਮੁਸਕੁਰਾਹਟ ਦੇ ਗਹਿਣੇ ਵਾਲੇ ਸ਼ਖਸਾਂ ਨੂੰ ਦਿਲ ਦੇ ਰੋਗ ਬਹੁਤ ਘੱਟ ਸਤਾਂਉਂਦੇ ਹਨ। ਚੁੱਪ ਚੁਪੀਤੇ ਦੱਬੇਂ ਪੈਰੀਂ ਆ ਕੇ ਬੰਦੇ ਖਾਣਾ ''ਹਾਰਟ-ਅਟੈਕ'' ਉਸ ਸ਼ਖਸ ਦੀ ਵਾ' ਵੱਲੇ ਵੀ ਨਹੀਂ ਵੇਖ ਸਕਦਾ ਜਿਹੜਾ ਸੰਤੁਲਿਤ ਆਹਾਰ, ਪੂਰੀ ਨੀਂਦ ਤੇ ਬੇਫ਼ਿਕਰ ਮੁਸਕੁਰਾਹਟ ਦਾ ਵਰਦਾਨ ਲੈ ਬੈਠਾ ਹੋਵੇ।

*

# ਜੜ੍ਹਾਂ

ਜੜ ਆਮ ਕਰਕੇ ਪੌਦੇ ਦਾ ਆਧਾਰ ਹੁੰਦੀ ਹੈ ਪਰ ਅੰਬਰ ਵੇਲ ਵਿਚ ਇਹ ਮੌਜੂਦ ਨਹੀਂ ਹੁੰਦੀ। ਵਿੱਦਿਆ ਮਨੁੱਖੀ ਸੋਚ ਦੀ ਜੜ੍ਹ ਡੂੰਘੀ ਲਾਉਂਦੀ ਹੈ। ਜੜ੍ਹੋਂ ਹੀਣ

ਪੌਣੇ ਦੀ ਅਉਧ ਕੀ ਹੋ ਸਕਦੀ ਹੈ!?

ਜੜ੍ਹਾਂ ਨਾਲ ਕਈ ਮੁਹਾਵਰੇ ਵੀ ਜੁੜੇ ਹੋਏ ਨੇ ਜਿਵੇਂ ਜੜੀਂ ਬੈਠਣਾ, ਜੜ੍ਹ ਪੁੱਟਣੀ, ਜੜ੍ਹੀਂ ਤੇਲ ਦੇਣਾ ਵਗੈਰਾ ਵਗੈਰਾ।

ਕਈ ਆਪਣੀਆਂ ਜੜ੍ਹਾਂ ਨੂੰ ਓਪਰੀ ਜ਼ਮੀਨ ਵਿਚ ਗੱਡਣ ਦਾ ਉਪਰਾਲਾ ਕਰਦੇ ਨਹੀਂ ਥੱਕਦੇ। ਕਈ ਆਪਣੇ ਤਣੇ ਪੱਤੇ ਤੇ ਕੰਡੇ ਕਿਸੇ ਹੋਰ ਵਿਹੜੇ ਖਿਲਾਰਦੇ ਨੇ ਤੇ ਜੜ੍ਹਾਂ ਕਿਸੇ ਹੋਰ ਵਿਹੜੇ ਰੱਖਦੇ ਨੇ। ਕਈ ਪਰਜੀਵੀ ਅੰਬਰ-ਵੇਲ ਵਾਂਗ ਬਿਨਾਂ ਜੜੋਂ ਹੀ ਤੁਰੇ ਫਿਰਦੇ ਨੇ।

ਆਦਮੀਆਂ ਤੇ ਪੌਦਿਆਂ ਵਾਂਗ ਹੀ ਸੱਭਿਅਤਾ ਦੀਆਂ ਵੀ ਜੜ੍ਹਾਂ ਹੋਣੀਆਂ ਜ਼ਰੂਰੀ ਨੇ ਹਰ ਸੱਭਿਅਤਾ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਹੀ ਸਾਹ ਲੈਂਦੀ ਰਹਿ ਸਦੀ ਹੈ ਹਰ ਸੱਭਿਅਤਾ ਦੀਆਂ ਜੜ੍ਹਾਂ ਓਸ ਦੀ ਵਿਰਾਟ ਵਿਰਾਸਤ ਦੀ ਜ਼ਰ ਖੇਜ਼ ਭੋਇੰ ਵਿਚ ਹੀ ਫੈਲਦੀਆਂ ਹਨ। ਹਰ ਸੱਭਿਅਤਾ ਪੁੰਗਰ ਪੱਲਰ ਨਿਸਰ ਸਕਦੀ ਹੈ ਬਸ਼ਰਤੇ ਕਿ ਓਸ ਦੀ ਭੋਇੰ ਵਿਚ ਲਾਪਰਵਾਹੀ ਦੇ ਕੱਲਰ ਦੀ ਮਾਤਰਾ ਵਧੇਰੇ ਨਾ ਹੋਵੇ।

ਉਹ ਬਗੀਚਾ ਤੰਦਰੁਸ਼ਤ ਤੇ ਹਰਿਆ ਭਰਿਆ ਰਹਿ ਸਕਦਾ ਹੈ ਜਿਹਦੇ ਮਾਲੀ ਬਗੀਚੀ ਦੀਆਂ ਜੜ੍ਹਾਂ ਵਿਚ ਸਹੀ ਸਮੇਂ ਸਹੀ ਮਿਕਦਾਰ ਵਿਚ ਖਾਦ ਪਾਣੀ ਪਾਉਂਦੇ ਰਹਿੰਦੇ ਨੇ।

ਜਦੋਂ ਮਾਲੀ ਹੀ ਖਾਦ ਪਾਣੀ ਦੀ ਥਾਂ ਤੇ ਬਗੀਚੇ ਨੂੰ ਲੱਸੀ ਨਾਲ ਸਿੰਞਣ ਲੱਗ ਜਾਣ ਤਾਂ ਬਗੀਚੇ ਦੀ ਹਰਿਆਵਲ ਦਾ ਤਾਂ ਰਾਮ ਹੀ ਰਾਖਾ ਹੋਇਆ ਨਾ!?

ਜੜ੍ਹ ਕੱਢਣ ਲਈ ਬੇਗਾਨੇ ਤਾਂ ਅਕਸਰ ਦੇਰ ਵੀ ਲਗਾ ਸਕਦੇ ਹਨ ਐਪਰ ''ਆਪਣੇ'' ਝੱਟ ਨਹੀਂ ਲਾਉਂਦੇ।

ਜੜ੍ਹ ਦੇ ਨਾਲ ਰੁੱਖ ਦਾ ਮੋਹ ਹੋਣਾ ਰੁੱਖ ਦੀ ਲੰਮੀ ਉਮਰ ਲਈ ਜ਼ਰੂਰੀ ਵੀ ਹੈ ਤੇ ਵਿਸ਼ੇਸ਼ ਵੀ ਹੈ। ਜੜ੍ਹੋਂ ਹੀਣ ਰੁੱਖ ਸੁੱਕ ਜਾਂਦੇ ਹਨ। ਜੜ੍ਹੋ ਹੀਣ ਵਿਅਕਤੀ ਦਾ ਨਾਂ ਦੂਰ ਤੱਕ ਦੇਰ ਤੱਕ ਜਿਓਂਦਾ ਨਹੀਂ ਰਿਹਾ ਕਰਦਾ ਅਤੇ ਜੜ੍ਹੋਂ ਰਹਿਤ ਸੱਭਿਅਤਾ ਛੇਤੀ ਹੀ ਚੇਤਿਆਂ ਦੀ ਸਲੇਟ ਤੋਂ ਜੁਦਾ ਹੋ ਜਾਂਦੀ ਹੈ।

ਜੜ੍ਹ ਤਾਂ ਹੀ ਹਰੀ ਰਹਿ ਸਕਦੀ ਹੈ ਜੇਕਰ ਜੜ੍ਹ ਨੂੰ ਕੋਈ ਲਾਹਣਤ ਨਾ ਲੱਗੇ।

❋

# ਜੇ ਮੈਂ ਕਰੋੜਪਤੀ ਹੋਵਾਂ

ਵੈਸੇ ਤਾਂ ਹਰ ਇੱਕ ਮਨ ਵਿਚ ਕਈ 'ਜੇ' ਮੇਲਾ ਲਾਈ ਰੱਖਦੇ ਹਨ। ਮੇਰੇ ਮਨ ਵਿਚ ਵੀ ਅਨੇਕਾਂ 'ਜੇ' ਉੱਧੜ ਧੁੰਮੀ ਪਾਈ ਰੱਖਦੇ ਹਨ-

- ਜੇ ਮੈਂ ਅੱਜ ਤੋਂ ਛੇ-ਸੱਤ ਸਾਲ ਪਹਿਲਾਂ ਰੇਡੀਓ ਨਾਲ ਜੁੜਿਆ ਹੁੰਦਾ ਤਾਂ!
- ਜੇ ਮੈਂ ਜਾਗਦੀ ਅੱਖ ਦਾ ਸੁਫ਼ਨਾ ਨਾ ਸਿਰਜਿਆ ਹੁੰਦਾ ਤਾਂ!
- ਜੇ ਮੈਂ ਸੱਚ ਬੋਲਣ ਦਾ ਨਿਯਮ ਨਾ ਲਿਆ ਹੁੰਦਾ ਤਾਂ!
- ਜੇ ਮੈਂ ਜ਼ਮਾਨੇ ਸਾਜ਼ ਹੁੰਦਾ ਤਾਂ!
- ਜੇ ਮੈਨੂੰ ਕਿਸੇ ਨੇ ਮੇਰੇ ਜਾਗਦੀ ਅੱਖ ਦੇ ਸੁਫ਼ਨੇ ਦੀ ਆਪਣੇ ਕੋਲ ਹੋਣ ਦੀ ਖ਼ਬਰ ਨਾ ਦਿੱਤੀ ਹੁੰਦੀ ਤਾਂ!
- ਜੇ ਮੈਂ ਅੰਤਰ ਮੁਖੀ ਨਾ ਹੁੰਦਾ ਤਾਂ!
- ਜੇ ਮੈਂ ਕਰੋੜ ਪਤੀ ਹੁੰਦਾ ਤਾਂ!

ਬਾਕੀ ਸਾਰੇ ਖਿਲਾਰੇ ਨੂੰ ਲਾਂਭੇ ਰੱਖ ਕੇ ਇਸ ਅੰਤਲੇ ਜੇ ਦੀ ਜਾਮਾ ਤਲਾਸ਼ੀ ਕਰਕੇ ਤੱਕਦੇ ਹਾਂ।

ਜੇ ਮੈਂ ਕਰੋੜਪਤੀ ਹੁੰਦਾ ਤਾਂ ਸਭ ਤੋਂ ਪਹਿਲਾ ਕਾਰਜ ਇਹ ਕਰਦਾ ਕਿ ਰੱਜਵੀਂ ਛਾਂ ਲਿਆ ਕੇ ਆਪਣੇ ਮਾਤਾ ਜੀ ਦੇ ਕਦਮਾਂ 'ਚ ਢੇਰੀ ਕਰ ਦੇਂਦਾ ਜਿਹਨਾਂ ਨੇ ਸਾਰੀ ਉਮਰ ਸੜਦੀ ਬਲਦੀ ਧੁੱਪ ਹੰਡਾਈ ਹੈ ਪਰ ਆਪਣੀ ਛਾਂ ਸਦਕਾ ਸਾਨੂੰ ਤੱਤੀ ਹਵਾ ਵੀ ਨਹੀਂ ਲੱਗਣ ਦਿੱਤੀ। ਮੈਂ ਕੋਸ਼ਿਸ਼ ਕਰਦਾ ਕਿ ਦੁਨੀਆਂ ਦੀ ਹਰ ਮਾਂ ਤੱਕ ਛਾਂ ਅੱਪੜ ਸਕੇ।

ਜੇ ਮੈਂ ਕਰੋੜਪਤੀ ਹੁੰਦਾ ਤਾਂ ਆਪਣੇ ਮਿੱਤਰ ਪਰੀਤ ਸਿੱਧੂ ਵਰਗਾ ਆਪਣਾ ਵੀ ਕਿਤਾਬਘਰ ਤਿਆਰ ਕਰਦਾ, ਜਿੱਥੇ ਦੁਨੀਆਂ ਪਰ 'ਚੋਂ ਚੁਣੇ ਗਰੰਥ, ਖਾਸ ਕਰਕੇ ਪੰਜਾਬੀ ਭਾਸ਼ਾ ਦੇ ਅਮੀਰ ਖ਼ਜ਼ਾਨੇ ਦੇ ਹੀਰੇ ਗਰੰਥ ਇਕੱਠ ਕਰਦਾ ਅਤੇ ਇਸ ਖ਼ਜ਼ਾਨੇ ਨੂੰ ਪੜ੍ਹਣ ਦੇ ਭੁੱਖੇ ਰਸੀਆਂ ਵਾਸਤੇ ਚੌਵੀ ਘੰਟੇ ਖੁੱਲ੍ਹਾ ਰੱਖਦਾ ਕਿਸੇ ਨੂੰ ਵੀ ਕਿਤਾਬਾਂ ਦੀ ਥੋੜ ਨਾ ਰਹਿਣ ਦੇਂਦਾ।

'ਪੀਣ ਵਾਲਾ ਪਾਣੀ' ਬੰਦੇ ਦੀ ਮੁੱਢਲੀ ਲੋੜ ਹੈ ਅੱਜ ਵੀ ਕਈ ਇਲਾਕੇ ਅਜਿਹੇ ਹਨ ਜਿੱਥੇ ਪੀਣ ਵਾਲੇ ਪਾਣੀ ਦੀ ਕਿੱਲਤ ਹੈ ਜੇ ਮੈਂ ਕਰੋੜਪਤੀ ਹੋਵਾਂ ਤਾਂ ਲੱਗਦੀ ਵਾਹ ਕਿੱਧਰੇ ਵੀ ਪਾਣੀ ਦੀ ਕਿੱਲਤ ਨਾ ਰਹਿਣ ਦੇਵਾਂ।

ਦੁਨੀਆਂ ਭਰ ਵਿਚ ਅਨੇਕਾ ਧਰਮ ਹਨ ਤੇ ਅਨੇਕਾਂ ਧਰਮ ਸਥਾਨ ਹਨ ਪ੍ਰੰਤੂ ਕੋਈ ਥਾਂ ਕਿਸੇ ਲਈ ਤੇ ਕੋਈ ਕਿਸੇ ਲਈ ਕਿਸੇ ਨਾ ਕਿਸੇ ਕਾਰਨ ਨਿਖਿੱਧ ਹੈ ਜੇ ਮੈਂ ਕਰੋੜਪਤੀ ਹੋਵਾਂ ਤਾਂ ਮੈਂ ਅਜਿਹੇ ਥਾਵਾਂ ਦਾ ਨਿਰਮਾਣ ਕਰਾਂ ਜਿਹੜੇ ਕਿਸੇ ਲਈ ਵੀ ਨਿਖਿੱਧ ਨਾ ਹੋਵਣ।

ਬੇਸਹਾਰਾ ਬੱਚਿਆਂ ਲਈ ਬੋਰਡਿੰਗ ਸਕੂਲ, ਬੇਸਹਾਰਾ ਬਜ਼ੁਰਗਾਂ ਲਈ ''ਆਪਣਾ ਘਰ'', ਵਿਹਲਿਆਂ ਨੌਜਵਾਨਾਂ ਲਈ ਵਾਜਿਬ ਟਰੇਨਿੰਗ ਤੇ ਰੁਜ਼ਗਾਰ ਦਾ ਇੰਤਜ਼ਾਮ ਇਹ ਸਾਰੇ ਕਾਰਜ ਵੀ ਮੂਰਤ ਮਾਨ ਹੋ ਸਕਦੇ ਹਨ ਪਰ ਤਾਂ ਹੀ ਜੇਕਰ ਮੈਂ ਕਰੋੜਪਤੀ ਹੋਵਾਂ ਤਾਂ।

ਸ਼ਾਇਦ ਫਿਰ ਮੈਂ ਆਪਣੇ ਆਪ ਦਾ ਹੋਣਾ ਸਾਰਥਕ ਮੰਨ ਸਕਦਾ। ਅੱਜ ਬੇਸ਼ੱਕ ਮੈਂ ਕਰੋੜਪਤੀ ਨਹੀਂ ਹਾਂ ਪ੍ਰੰਤੂ ਫਿਰ ਵੀ ਸੁਫ਼ਨੇ ਬੀਜਦਾ ਹਾਂ ਅਤੇ ਸੁਫ਼ਨੇ ਸਿੰਜਦਾ ਹਾਂ ਸ਼ਾਇਦ ਕਦੇ ਇਨ੍ਹਾਂ ਸੁਫ਼ਨਿਆਂ ਨੂੰ ਬੂਰ ਪੈ ਹੀ ਜਾਵਣ।ਸੁਫ਼ਨੇ ਵੇਖਣੇ ਤਾਂ ਹਰ ਇੱਕ ਦਾ ਜਮਾਂਦਰੂ ਹੱਕ ਹੈ ਨਾ ਸੋ ਮੈਂ ਵੀ ਸੁਫ਼ਨੇ ਹੀ ਵੇਖ ਸਕਦਾ ਹਾਂ ਹੋਰ ਕੁਝ ਵੱਸ ਵਿਚ ਵੀ ਨਹੀਂ ਹੈ।

ਅੱਜ, ਮੈਂ ਬੇਰੁਜ਼ਗਾਰ ਹਾਂ ਕਰੋੜਾਂ ਹੋਰ ਬੇਰੁਜ਼ਗਾਰਾਂ ਲਈ ਸਿਰਫ਼ ਪ੍ਰਾਰਥਨਾ ਹੀ ਕਰ ਸਕਦਾ ਹਾਂ- ਅਜੇ ਮੈਂ ਬੇਵੱਸ ਹਾਂ, ਆਪਣੀ ਜਨਮ-ਦਾਤੀ ਦਾ ਕਰਜ਼ਦਾਰ ਹਾਂ ਤੇ ਪਿਆਰ ਲਈ ਸਿਰਫ਼ ਤਲਬਗਾਰ ਹਾਂ ਅਜੇ ਤੱਕ ਤਾਂ ਕੁਝ ਮਿੱਤਰਾਂ ਨੇ ਮਿੱਤਰਤਾ ਦਾ ਝਾਉਲਾ ਜਿਹਾ ਪਾਇਆ ਹੈ। ਦੁਨੀਆਂ ਦੀ ਰੀਤ ਹੈ ਕਿ ਇਹ ਉਸ ਨੂੰ ਪੁੱਛਦੀ ਹੈ ਕਦਰ ਕਰਦੀ ਹੈ ਜੋ ਜਾਂ ਤੇ ਇਸ ਦਾ ਕੁਝ ਸਵਾਰ ਸਕਦਾ ਹੋਵੇ ਜਾਂ ਫੇਰ ਕੁਝ ਵਿਗਾੜ ਸਕਦਾ ਹੋਵੇ।

ਅਜੇ ਮੈਂ ਨਾ ਤਾਂ ਕਿਸੇ ਦਾ ਕੁਝ ਸਵਾਰ ਸਕਦਾ ਹਾਂ ਨਾ ਹੀ ਕੁਝ ਵਿਗਾੜ ਸਕਦਾ ਹਾਂ।

ਕਾਸ਼! ਮੇਰਾ ਸੁਫ਼ਨਾ ਸੱਚੋ ਹੋ ਜਾਵੇ ਤਾਂ ਮੈਂ ਹਰ ਅੱਖ ਦਾ ਅੱਥਰੂ ਪੂੰਝਣ ਦੀ ਕੋਸ਼ਿਸ਼ ਕਰਾਂਗਾ।

(ਮੇਰੀ ਇੱਕ ਪੁਰਾਣੀ ਰਚਨਾ ਜੋ ਮੈ ਆਪਣੇ ਬੇਕਾਰੀ ਦੇ ਦੌਰ ਵਿੱਚ ਲਿਖੀ ਸੀ )
*

# ਜੇ ਮਰਨਾ ਸੱਚ ਹੈ ਤਾਂ ਜੀਣਾ ਵੀ ਝੂਠ ਨਹੀਂ

ਦੋਸਤੋ ਮਿੱਤਰੋ ਪਿਆਰਿਓ! ਅਕਸਰ ਆਪਾਂ ਸਭ ਨੇ ਇਹ ਸੁਣਿਆਂ ਹੈ ਕਿ ਜੀਣਾ ਝੂਠ ਹੈ ਮਰਣਾ ਸੱਚ ਹੈ।ਏਸੇ ਵਿੱਘ ਵਿੱਚ ਕਈ ਡੇਰੇਦਾਰਾਂ ਦੇ ਸਤਸੰਗ ਏਸੇ ਦੁਆਲੇ ਘੁੰਮਦੇ ਰਹਿੰਦੇ ਨੇ ਕਿ ਜੀਣਾ ਝੂਠ ਹੈ ਮਰਣਾ ਸੱਚ ਹੈ। ਅਜਿਹੇ ਸਤਸੰਗਾਂ ਵਿੱਚ ਸ਼ਰਧਾਲੂਆਂ ਨੂੰ ਇਹੀ ਮੱਤ ਦਿੱਤੀ ਜਾਂਦੀ ਹੈ ਕਿ ਜੀਵਣਾ ਇੱਕ ਸੁਫ਼ਨੇ ਦੀ ਨਿਆਈਂ ਹੈ ਇਸ ਲੋਕ ਦੀ ਚਿੰਤਾ ਛੱਡਕੇ ਅਣਵੇਖੇ ਅਗਲੇ ਜਹਾਨ ਦੀ ਤਿਆਰੀ ਕਰਣ ਦੀ ਮੱਤ ਦਿੱਤੀ ਜਾਂਦੀ ਹੈ।

ਜਦੋਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਅਗਲੇ ਜਹਾਨ ਨਾਲੋਂ ਇਸ ਜਹਾਨ ਵਿੱਚ ਵਿਚਰਨਾ ਵਧੇਰੇ ਔਖਾ ਹੈ । ਇੱਕ ਨਿਯਮ ਅਧੀਨ ਇਹ ਸੰਸਾਰ ਚੱਕਰ ਚੱਲਦਾ ਹੈ, ਰਜ ਵੀਰਜ ਦੇ ਸੰਯੋਗ ਤੋਂ ਆਰੰਭ ਹੋਇਆ ਜੀਵਨ ਇੱਕ ਮਿਆਦ ਪੁਗਾ ਕੇ ਆਪਣੇ ਅੰਤ ਨੂੰ ਪ੍ਰਾਪਤ ਹੁੰਦਾ ਹੈ।

ਕਈ ਵਾਰ ਬੀਮਾਰ ਰਹਿਣ ਸਹਿਣ ਕਰਕੇ ਜਾਂ ਕਿਸੇ ਦੁਰਘਟਨਾ ਕਰਕੇ ਅਕਾਲ ਮੌਤ ਵੀ ਹੋ ਜਾਂਦੀ ਹੈ ਲੇਕਿਨ ਇਸ ਮੌਤ ਲਈ ਅਣਗਹਿਲੀ ਜ਼ੁੰਮੇਦਾਰ ਹੁੰਦੀ ਹੈ ਕੋਈ ਹੋਰ ਨਹੀਂ।

ਇਸ ਜਹਾਨ ਦੀ ਚਿੰਤਾ ਛੱਡ ਕੇ ਅਗਲੇ ਜਹਾਨ ਦੀ ਫਿਕਰ ਪਾਉਣ ਵਾਲਿਆਂ ਨੂੰ ਆਪ ਨੂੰ ਇਸ ਜਹਾਨ ਦੇ ਕਿਸੇ ਵੀ ਝੰਜਟ ਦੀ ਕੋਈ ਫ਼ਿਕਰ ਜੁ ਨਹੀਂ ਹੁੰਦਾ।

ਵੱਡੀਆਂ 2 ਜਗੀਰਾਂ ਜਿਹੇ ਡੇਰਿਆਂ , ਸੇਵਾਦਾਰਾਂ ,ਸੇਵਾਦਾਰਣੀਆਂ ਦੇ ਹੁੰਦਿਆਂ ਇਹਨਾਂ ਡੇਰੇਦਾਰਾਂ ਨੂੰ ਆਮ ਲੋਕਾਂ ਵਾਲੀਆਂ ਆਮ ਚਿੰਤਾਵਾਂ ਨਹੀਂ ਵਿਆਪਦੀਆਂ ਨਾ ਤੇ ਇਹਨਾਂ ਨੂੰ ਕਿਸੇ ਕਾਲਜ ਵਿੱਚ ਆਪ ਦਾਖ਼ਲਾ ਲੈਣ ਦੀ ਚਿੰਤਾ ਹੁੰਦੀ ਹੈ , ਨਾ ਇਹਨਾਂ ਨੂੰ ਇਹਨਾਂ ਦੇ ਬੱਚਿਆਂ ਬਾਰੇ ਕੋਈ ਫਿਕਰ ਹੁੰਦੀ ਹੈ।

ਇਹੰਨਾਂ ਨੇ ਕਿਸੇ ਲਈ ਨਾਨਕੀ ਛੱਕ ਵੀ ਨਹੀਂ ਬਨਾਉਣੀ ਹੁੰਦੀ ,ਨਾਂ ਇਹਨਾਂ ਨੂੰ ਕਰਜ਼ੇ ਦੀ ਕਿਸ਼ਤ ਟੁੱਟਣ ਦੇ ਹੌਲ਼ ਪੈਣ ,ਨਾ ਡੀਜ਼ਲ਼ ਪਟਰੌਲ ਦੇ ਵਧੇ ਭਾਅ ਇਹਨਾਂ ਦੇ ਬਜਟ ਡਾਂਵਾਡੋਲ ਕਰਨ। ਹਾੜੀ ਸਾਓਣੀ, ਟੀ ਏ ਡੀ ਏ ਇੰਕਰੀਮੈਂਨਟ ਦਾ ਵੀ ਇਹਨਾ ਨੂੰ ਕੋਈ ਫਿਕਰ ਨਹੀਂ ਹੁੰਦਾ।

ਇਹ ਪਰਜੀਵੀ ਸ਼ਇਦ ਏਸੇ ਲਈ ਇਸ ਲੋਕ ਦੀ ਬਹੁਤੀ ਫਿਕਰ ਨਹੀਂ ਕਰਦੇ ਤੇ ਮਰਣ ਨੂੰ ਹੀ ਸੱਚ ਬਿਆਨਦੇ ਨੇ। ਕਿੰਤੂ ਇਹ ਕੋਈ ਨਹੀ ਦੱਸਦਾ ਕਿ ਜਨਮ ਤੋਂ ਲੈ ਕੇ ਮੌਤ ਤੱਕ ਜਿਹੜੇ ਗੋਰਖਧੰਦੇ ਵਿੱਚੋਂ ਆਂਦਮਜ਼ਾਤ ਨੂੰ ਗੁਜ਼ਰਨਾ ਪੈਂਦਾ ਹੈ ਉਸਦਾ ਕੀ ਹੱਲ ਹੋਵੇ?

ਹੁਣ ਤਾਂ ਵਿਗਿਆਂਨੀਆਂ ਨੇ ਪੁਰਾਣੇ ਦਕਿਆਨੂਸੀ ਵਿਚਾਰਾਂ ਨੂੰ ਵੀ ਛਿੱਥੇ ਪਾ ਦਿੱਤਾ ਹੈ ਜਿਸ ਵਿੱਚ ਇਹ ਕਿਹਾ ਜਾਂਦਾ "ਤੇਰਾ ਚੰਮ ਨਾ ਕਿਸੇ ਕੰਮ ਆਓਣਾ ਪਸ਼ੂਆਂ ਦੇ ਹੱਡ ਵਿਕਦੇ"

ਕਿਸੇ ਵੀ ਜਿਊਣ ਜੋਗੇ ਨੂੰ ਜਿਊਣ ਜੋਗਾ ਹੋਣ ਲਈ ਕਿੰਨੀ ਵੇਰ ਮਰਨਾ ਪੈਂਦਾ ਹੈ ਇਹ ਉਪਦੇਸ਼ਕ ਕੀ ਜਾਨਣ??

ਉਂਜ ਵੇਲੇ ਦੀ ਲੋੜ ਹੈ ਇਹ ਸਪਸ਼ਟ ਕੀਤਾ ਜਾਵੇ ਕਿ ਜ਼ਿੰਦਗੀ ਜਿਉਣ ਲਈ ਹੈ ਬੇਸ਼ੱਕ।

ਸਾਥੀਓ! ਪਰਜੀਵੀਆਂ ਨੇ ਯੁੱਗਾਂ ਤੋਂ ਆਦਮੀਅਤ ਦਾ ਲਹੂ ਪੀਤਾ ਹੈ, ਕਦੇ ਸੇਠ ਸ਼ਾਹੂਕਾਰੀ ਦੇ ਰੂਪ ਵਿੱਚ ਕਦੇ ਪਾਖੰਡੀ ਡੇਰੇਦਾਰਾਂ ਦੇ ਰੂਪ ਧਾਰ ਕੇ ਕਦੇ ਜਨਸੇਵਕ ਦਾ ਰੂਪ ਧਾਰੀ ਨੇਤਾ ਦੇ ਤੌਰ ਤੇ ਇਹ ਪਰਜੀਵੀ ਆਦਮੀਅਤ ਨੂੰ ਚਰੂੰਡਦੇ ਰਹੇ ਨੇ।ਇਹਨਾਂ ਕਦੇ ਵੀ ਆਦਮੀਅਤ ਦੀ ਭੱਲ ਨਹੀਂ ਚਾਹੀ ਇਹ ਕੰਧ ਲੇਖ ਯੁੱਗਾਂ ਤੋਂ ਲਿਖਿਆਂ ਹੋਇਆਂ ਹੈ ਕਿ ਇਹਨਾਂ ਨੇ ਆਦਮੀਅਤ ਦੇ ਨਾਮ ਨੂੰ ਇੱਕ ਹੱਥਠੋਕੇ ਵਜੋਂ ਹੀ ਵਰਤਿਆ ਹੈ।

ਇਹਨਾਂ ਪਰਲੋਕ ਦੇ ਠੇਕੇਦਾਰਾਂ ਨੇ ਇਸ ਜਹਾਨ ਨੂੰ ਸਵਰਗ ਜਿਹਾ ਬਨਾਉਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ, ਜੇ ਇਹਨਾਂ ਉਪਦੇਸ਼ਕਾਂ ਨੇ ਜਿੰਨੀ ਕੋਸ਼ਿਸ਼ ਇਹਨਾਂ ਦੇ ਡੇਰੇਦਾਰੀ ਸਾਮਰਾਜ ਖੜਾ ਕਰਨ ਵਿੱਚ ਕੀਤੀ ਓਸ ਨਾਲੋਂ ਅੱਧੀ ਕੋਸ਼ਿਸ਼ ਇਸ ਦੁਨੀਆਂ ਦੇ ਹਾਲਾਤ ਸੁਖਾਂਵੇਂਕਰਨ ਦੀ ਕੀਤੀ ਹੁੰਦੀ ਤਾਂ ਇਸ ਜਹਾਨ ਦੀ ਦਸ਼ਾ ਕੁਝ ਹੋਰ ਹੋਣੀ ਸੀ।ਇਹਨਾਂ ਏਦਾਂ ਨਹੀ ਕੀਤਾ ਕਿਉਂਕਿ ਏਦਾਂ ਕੀਤਿਆਂ ਇਸ ਦੁਨੀਆਂ ਦੇ ਹਾਲਾਤ ਤਾਂ ਸੁਖਾਵੇਂ ਹੋ ਜਾਂਦੇ ਲੇਕਿਨ ਇਹਨਾਂ ਦੇ ਡੇਰੇ ਨਾ ਉਸਰਦੇ। ਜੇ ਇਹ ਦੁਨੀਆਂ ਹੀ ਅਖੌਤੀ ਸਵਰਗ ਤੋਂ ਸੁਹਣੀ ਹੋ ਜਾਂਦੀ ਤਾਂ ਇਹਨਾਂ ਪਰਜੀਵੀਆਂ ਦਾ ਤੋਰੀ ਫੁਲਕਾ ਬੰਦ ਨਾਂ ਹੋ ਜਾਂਦਾ?!ਫਿਰ ਇਹ ਪਰਜੀਵੇ ਜੀਵ ਧਰਮ ਦੀ ਦੁਕਾਨਦਾਰੀ ਕਿਵੇਂ ਚਲਾਂਓਦੇ!?ਜ਼ਰਾ ਸੋਚ ਵਿਚਾਰੋ ਕਿ ਫੜੀਆਂ ਛੱਡਕੇ ਉਡਦੀਆਂ ਮਗਰ ਦੌੜਣ ਵਾਲੇ ਨੂੰ ਕੀ ਕਿਹਾ ਜਾਂਦਾ ਹੈ? ਇਹ ਦੁਨੀਆਂ ਜੋ ਸਾਡੇ ਨਾਲ ਸੀ ਨਾਲ ਹੈ ਕੋਲ ਹੈ ਜਿਸ ਨੂੰ ਅਸੀਂ ਜਾਣਦੇ ਮਾਣਦੇ ਹਾਂ ਇਸ ਦੇ ਸੁਧਾਰ ਲਈ ਤਾਂ ਅਸੀਂ ਕੁਝ ਨਾਂ ਕਰੀਏ ਪਰ ਇੱਕ ਅਭਾਸੀ ਜਿਹੇ ਸੁਫਨੇ ਪਰਲੋਕ/ਜੰਨਤ ਲਈ ਤਰਲੋਮੱਛੀ ਹੁੰਦੇ ਰਹੀਏ ਇੱਕ ਦੂਜੇ ਦਾ ਲਹੂ ਵਗਾਉਣੋ ਵੀ ਉਜਰ ਨਾਂ ਕਰੀਏ(ਕਿ ਏਦਾਂ ਕੀਤਿਆਂ ਜੇਹਾਦੀ ਨੂੰ ਜੰਨਤ ਮਿਲਦੀ ਹੈ)ਤਾਂ ਅਸੀਂ ਕੀ ਹੋਏ!!??

ਇਹ ਜਿਉਣਾ ਸੱਚ ਵੀ ਹੈ ਤੇ ਖੁਬਸੂਰਤ ਵੀ ਇਸ ਜੀਵਨ ਨੂੰ ਹੋਰ ਖ਼ੂਬਸੂਰਤ ਕੀਤਾ ਜਾ ਸਕਦਾ ਹੈ ਏਨਾ ਖ਼ੂਬਸੂਰਤ ਕਿ ਜੰਨਤ ਦੀ ਮਿੱਥ ਹੀ ਮੁਕ ਜਾਵੇ।

*

# ਪਿਛਲੇ ਅਉਗੁਣ ਬਖਸਿ ਲਏ ਪ੍ਰਭੁ

ਹੇ ਅਕਾਲ ਪੁਰਖ!

ਮੁੱਦਤਾ ਹੋਈਆਂ ਅਸਾਂਨੂੰ, ਅਸੀਂ ਬੰਦਗੀ ਨਹੀਂ ਕਰ ਸਕੇ ਅਸੀਂ ਬੰਦਗੀ ਨਹੀਂ ਸਮਝ ਸਕੇ। ਹੇ ਅਕਾਲ ਪੁਰਖ! ਅਸੀਂ ਤੇਰੇ ਬੰਦੇ ਨਹੀਂ ਬਣ ਸਕੇ, ਅਸੀਂ ਤਾਂ ਹੁਣ ਤੱਕ ਤੇਰੇ ਸਾਹਮਣੇ ਆਪਣੇ ਆਪਣੇ ਮੰਗਪੱਤਰ ਹੀ ਪੜ੍ਹਦੇ ਰਹੇ ਹਾਂ ਅਸੀਂ ਤਾਂ ਅਜੇ ਤੱਕ 'ਅਰਦਾਸ' ਵੀ ਨਹੀਂ ਕਰ ਸਕੇ।

ਜੇ ਅਸੀਂ ਤੁਹਾਡੇ ਹੁੰਦੇ ਤਾਂ ਸਿਰਫ਼ ਤੁਹਾਨੂੰ ਹੀ ਨਾਂ ਮੰਨਦੇ ਬਲਕਿ ਤੁਹਾਡੀ ਵੀ ਮੰਨਦੇ। ਅਕਾਲ ਪੁਰਖ ਆਪ ਦੀ ਜੋਤ ਜੋ ਕਿ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਸਾਡੇ ਬੰਦ ਕਪਾਟ ਖੋਹਲਣ ਲਈ ਯਤਨਸ਼ੀਲ ਰਹੀ ਅਤੇ ਫਿਰ ਜੁਗੋ ਜੁੱਗ ਅਟਲ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਤੋਂ ਵੀ ਅਸੀਂ ਮਨਮਤੀਏ ਕੋਈ ਸੇਧ ਨਹੀਂ ਲੈ ਸਕੇ।

ਜਿਸ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਤੁਲਨਾ ਕਰੋੜਾਂ ਸੂਰਜ ਰਲ ਕੇ ਵੀ ਨਹੀਂ ਕਰ ਸਕਦੇ ਉਸ ਅਦੁੱਤੀ ਰੱਬੀ ਬਾਣੀ ਦੇ ਪ੍ਰਕਾਸ਼ ਕਰਕੇ ਵੀ ਸਾਡੇ ਜ਼ਿਹਨ ਰੌਸ਼ਨ ਨਹੀਂ ਹੋ ਸਕੇ। ਹੇ ਅਕਾਲ ਪੁਰਖ! ਅਸੀਂ ਭੁੱਲਕੜ ਅਤੇ ਨਾਦਾਨ ਤਾਂ ਹਾ ਹੀ ਅਸੀਂ ਅਵੇਸਲੇ ਤੇ ਖੁਦਗਰਜ਼ ਵੀ ਹਾਂ।

ਅਸਾਡੇ ਕੋਲ ਸ਼ਹੀਦਾਂ ਦੇ ਲਹੂ ਨਾਲ ਵਰੋਸਾਈ ਵਿਰਾਸਤ ਹੈ ,ਪੰਜਾਂ-ਪਾਣੀਆ

ਦੀ ਦੌਲਤ ਹੈ ਅਤੇ ਪੰਜਾਂ ਬਾਣੀਆਂ ਦੀ ਰਹਿਮਤ ਹੈ ਪਰ ਜਾਪਦਾ ਹੈ ਕਿ ਜ਼ਿਆਦਾ ਦੇਰ ਤੱਕ ਅਸੀਂ ਇਹ ਸਭ ਸਾਂਭ ਨਹੀਂ ਸਕਾਂਗੇ।

ਕਾਰਣ?! ਕਿ ਅਸਾਡੇ ਚਾਰ ਚੁਫੇਰੇ ਸਭ ਕੁਝ ਦੂਸ਼ਿਤ ਹੋਈ ਜਾਂਦਾ ਹੈ ਜਿਸਦੇ ਅਪਰਾਧੀ ਹੋਰ ਕਿਧਰੇ ਹੋਰ ਕੋਈ ਨਹੀਂ ਅਸੀਂ ਖੁਦ ਹਾਂ ਜਿਹੜੇ ਕਿ ਗੁਰੂ ਬਾਣੀ ਤੋਂ ਨਾਤਾ ਤੋੜ ਕੇ, ਅਲਿਖਿਤ ਬੇਦਾਵਾ ਦੇ ਕੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਵੱਲ ਕੰਡ ਕਰੀ ਜਾ ਰਹੇ ਹਾਂ। ਰਹਿਤ, ਮਰਿਯਾਦਾ ਤੋਂ ਵਿਰਵੇ ਮਨ ਕਮਜ਼ੋਰ ਹੁੰਦੇ ਨੇ ਤੇ ਕਮਜ਼ੋਰ ਮਨਾਂ ਨੂੰ ਦੂਸ਼ਿਤ ਕਰਨਾ ਸਭ ਤੋਂ ਸੁਖਾਲਾ ਕਾਰਜ ਹੈ।

ਅਸੀਂ ਭੁਲਾ ਬੈਠੇ ਆਪਣੇ ਅਤੀਤ ਨੂੰ ਤੇ ਆਪਣੇ ਬੁਨਿਆਦੀ ਧਰਮ 'ਸਰਬੱਤ ਦੇ ਭਲੇ' ਨੂੰ।

ਗਰੀਬ-ਗੁਰਬੇ ਤੱਕ ਦਾ ਪੇਟ ਭਰਨ ਲਈ ਤਾਂ ਗੁਰੂ ਘਰਾਂ ਦੇ ਵਿਚ ਗੁਰੂ ਸਾਹਿਬਾਨ ਦੀ ਪ੍ਰੇਰਣਾ ਸਦਕਾ ਲੰਗਰ ਵੀ ਮੌਜੂਦ ਹੈ ਪ੍ਰੰਤੂ ਜਦੋਂ ਮਸਲਾ ਪੇਟ ਦੀ ਥਾਂਵੇ ਪੇਟੀਆਂ ਭਰਨ ਦਾ ਬਣ ਗਿਆ ਤਾਂ ਸਾਰਾ ਆਵਾ ਊਤ ਗਿਆ।

ਸਗਲ ਬ੍ਰਹਿਮੰਡ ਨੂੰ ਆਰਤੀ ਦੀ ਥਾਲੀ ਗਿਆਤ ਕਰਵਾਉਣ ਵਾਲੇ ਪਹਿਲੇ ਪਾਤਸ਼ਾਹ ਨਾਨਕ ਸਾਂਈ ਫਕੀਰ ਦੀ ਅਲੌਕਿਕ ਰਚਨਾ 'ਆਰਤੀ' ਅੱਜ ਵੀ ਗਾਉਂਦੇ ਹਾਂ, ਪ੍ਰੰਤੂ ਗੁਰੂ ਸਾਹਿਬਾਨ ਦੇ ਅਹਿਸਾਸ ਦਾ ਕਤਲ ਕਰਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੇ ਸੋਮਿਆਂ ਤੇ ਕਿਸੇ ਇੱਕ ਦਾ ਅਧਿਕਾਰ ਮੁਕਾਉਣ ਲਈ ਵਲੀ ਕੰਧਾਰੀ ਦੇ ਕਬਜ਼ੇ ਤੋਂ ਜਲ ਧਾਰਾ ਨੂੰ ਮੁਕਤ ਕਰਵਾ ਕੇ ਜਗਤ ਸਾਹਮਣੇ ਇੱਕ ਅਦੁੱਤੀ ਮਿਸਾਲ ਦਿੱਤੀ।

ਸਾਡੇ ਸਾਹਮਣੇ ਗੁਰੂ ਸਾਹਿਬਾਨ ਨੇ ਜਲ ਨੂੰ ਪ੍ਰਮੇਸ਼ਵਰ ਕਰਕੇ ਗਰਦਾਨਿਆਂ ਵੀ ਹੈ ਤੇ ਖੁਦ ਜਾਣਿਆ ਵੀ ਹੈ ਅਤੇ ਅਸੀਂ ਓਸੇ ਜਲ ਪ੍ਰਮੇਸ਼ਵਰ ਦੀ ਰੱਜਵੀਂ ਬੇ ਹੁਰਮਤੀ ਕੀਤੀ ਹੈ।

ਗੁਰੂ ਸਾਹਿਬਾਨ ਨੇ ਗੁਰਦੁਆਰਾ ਸਾਹਿਬਾਨ ਦਾ ਨਿਰਮਾਣ ਕਰਵਾਇਆ ਐਪਰ ਓਸ ਤੋਂ ਕਿਧਰੇ ਵਧੇਰੇ ਸਰੋਵਰਾਂ ਦਾ ਨਿਰਮਾਣ ਕਰਵਾਇਆ ਬਾਉਲੀਆਂ ਦਾ ਨਿਰਮਾਣ ਕਰਵਾਇਆ। ਉਹਨਾਂ ਨੇ ਆਪ ਵੀ ਕੁਦਰਤ ਦੀ ਗੋਦੀ ਨੂੰ ਭਰਪੂਰ ਮਾਣਿਆਂ ਤੇ ਸਾਨੂੰ ਵੀ ਪ੍ਰੇਰਣਾ ਦਿੱਤੀ ਜਿਸ ਦੀ ਰੌਸ਼ਨੀ ਗੁਰਬਾਣੀ ਵਿਚ ਥਾਂ-ਥਾਂ ਲੱਭ ਪੈਂਦੀ ਹੈ।

ਹੇ ਅਕਾਲ-ਪੁਰਖ! ਸਮੇਂ ਦਾ ਬਲਵਾਨ ਘੋੜਾ ਅਸਾਨੂੰ ਆਹ ਕਿੱਥੇ ਲੈ ਆਇਆ ਹੈ ਜਿੱਥੇ ਪੰਜਾਂ ਬਾਣੀਆਂ ਨਾਲ ਵਰੋਸਾਏ ਪੰਜਾਂ ਪਾਣੀਆਂ ਨੂੰ ਅਸੀਂ ਆਪਣੇ ਹੱਥੀਂ ਲੁੱਟਿਆ ਤੇ ਲੁਟਾਇਆ ਹੈ। ਅੰਮ੍ਰਿਤ ਤੁੱਲ ਪਾਣੀ ਵਿਚ ਮਨਮੁੱਖਤਾ ਦੇ ਮਾਰਿਆਂ ਨੇ ਪ੍ਰਦੂਸ਼ਿਤ ਪ੍ਰਚਾਰ ਦਾ ਸ਼ਿਕਾਰ ਹੋ ਕੇ ਜਿੱਥੇ ਅਸੀਂ ਆਪ ਮਣਾਂ ਮੂੰਹੀਂ ਜ਼ਹਿਰ ਤੇ ਪਲੀਤਗੀ ਦਾ ਘੋਲ ਰਲਾਇਆ ਹੈ ਓਥੇ ਨਸ਼ਿਆਂ ਦਾ ਛੇਵਾਂ ਦਰਿਆ ਵੀ ਸਾਡੀ ਮਨਮੁੱਖਤਾ ਕਰਕੇ ਹੀ ਪੰਜਾਬ ਦੀ ਪਾਵਨ ਧਰਤੀ ਤੇ ਫੁੱਟ ਆਇਆ ਹੈ।

ਸ਼ਾਇਦ ਸਾਡੇ ਵੈਰੀ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਜਿੰਨਾ ਚਿਰ ਸਾਡੀ ਕੰਡ ਤੇ ਪੰਜਾਂ ਬਾਣੀਆਂ ਦਾ ਥਾਪੜਾ ਹੈ ਅਤੇ ਸਾਡੇ ਕੋਲ ਪੰਜਾਂ ਪਾਣੀਆਂ ਦਾ ਆਸਰਾ ਹੈ ਅਸਾਡੀ ਵਾਂ ਵੱਲ ਵੀ ਕੋਈ ਨਹੀਂ ਵੇਖ ਸਕਦਾ ਤੇ ਉਹਦੀਆਂ ਕੋਝੀਆਂ ਚਾਲਾਂ ਨੂੰ ਬੂਰ ਨਹੀਂ ਪੈ ਸਕਦਾ।

ਪਰ ਦਾਨਾ ਹੈ ਦੁਸ਼ਮਣ ਵੀ ਓਹਨੇ ਸਾਡੀ ਹੋਂਦ ਹਵਾਂਦ ਮੁਕਾਉਣ ਲਈ ਸਾਡੀਆਂ ਜੜ੍ਹਾਂ ਵਿਚ ਹੀ ਲੱਸੀ ਪਾਉਣੀ ਆਰੰਭ ਕੀਤੀ ਹੈ। ਕਿਤਾਬਾਂ ਹੀ ਅਜਿਹੀਆਂ ਲਿਖਵਾਈਆਂ ਜਾ ਰਹੀਆਂ ਹਨ ਕਿ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਮਹਾਂਪੁਰਖ, ਰਹਿਬਰ, ਗੁਰੂ

ਸਾਹਿਬਾਨ ਚੋਰ, ਡਾਕੂ, ਧਾੜਵੀ ਲੱਗਣ। ਜਿਸ 'ਭਲਕ' ਨੂੰ ਆਪਣੇ ਕੱਲ ਤੇ ਮਾਣ ਤੇ ਸ਼ਰਧਾ ਹੀ ਨਹੀਂ ਰਹੇਗਾ ਉਹ ਉਸ ਬੀਤੇ ਦੀ ਕੀ ਮੰਨੇਗੀ ਤੇ ਕੀ ਸੰਭਾਲ ਕਰੇਗੀ।

ਹੇ ਅਕਾਲ ਪੁਰਖ! ਸਾਡੀ ਮੱਤ ਨੂੰ ਸੁਮੱਤ ਬਣਾਓ, ਸਾਡੀਆਂ ਰੂਹਾਂ ਨੂੰ ਆਪਣੇ ਚਰਣੀਂ ਲਗਾਓ ਤਾਂ ਕਿ ਅਸੀਂ ਆਪਣੇ ਘਰ ਉੱਤੇ ਘਰੋਂ ਅਤੇ ਬਾਹਰੋਂ ਹੁੰਦੇ ਹੱਲਿਆਂ ਨੂੰ ਠੱਲ ਪਾ ਸਕੀਏ ਅਤੇ ਸੱਚੇ ਮਾਨਵਤਾ ਦੇ ਪੁਜਾਰੀ ਅਖਵਾ ਸਕੀਏ।

ਇੱਕ ਨਿਮਾਣਾ ਭੁੱਲਣਹਾਰ

*

# *ਇਟ ਹੈਪਨਜ਼ ਓਨਲੀ ਇਨ ਇੰਡੀਆ*

ਨਾ ਜੀ ਨਾ ਮੈਂ ਕੋਈ ਗੀਤ ਨਹੀਂ ਸੁਨਾਣ ਲੱਗਾ, ਮੈਂ ਤਾਂ ਸੱਚ ਬੋਲ ਕੇ ਛਿੱਤਰ ਖਾਣ ਨੂੰ ਤਿਆਰ ਰਹਿਣ ਵਾਲੇ ਸੱਜਣਾਂ ਦੀ ਸਹੁੰ ਖਾ ਕੇ ਪਿਓਰ ਝੂਠ ਬੋਲਣ ਵਾਲਿਆਂ ਦੇ ਵਾਰੇ-ਵਾਰੇ ਜਾਂਦਿਆਂ ਦੋ ਕੁ ਲਾਈਨਾਂ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ।ਸਾਡਾ ਇੰਡੀਆ ਬੱਲੇ-ਬੱਲੇ, ਇੰਡੀਆ ਦੀਆਂ ਰੀਸਾਂ ਕੌਣ ਕਰੇਗਾ ?!

ਦੁਨੀਆਂ ਦੇ ਨਕਸ਼ੇ ਤੇ ਇੰਡੀਆ ਇੱਕੋ ਇੱਕ ਅਜਿਹਾ ਨਮੂਨਾ ਹੈ ਜਿੱਥੇ ਇੰਡੀਅਨ !?

ਏਥੇ ਕਿਸੇ ਨੂੰ ਪੁੱਛ ਵੇਖੋ ਭਈ ਤੁਸੀਂ ਕੌਣ ਹੋ ?

ਤੁਹਾਨੂੰ ਵੰਨ-ਸੁਵੰਨੇ ਜੁਆਬ ਮਿਲਣਗੇ:

...ਮੈਂ ਪੰਜਾਬੀ ਆਂ ...ਮੈਂ ਬੰਗਾਲੀ... ...ਮਰਾਠਾ... ...ਗੁਜਰਾਤੀ ਜਾਂ ਫਿਰ ਅਸੀਂ ਹਿੰਦੂ.. ...ਅਸੀਂ ਸਰਦਾਰ... ...ਅਸੀਂ ਮੁਸਲਮਾਨ... ..ਅਸੀਂ ਇਸਾਈ... ...ਬੋਧੀ..... ਜੈਨੀ...... ...ਅਸੀਂ ਸਵਰਨ, ਅਸੀਂ ਕਹਾਰ.... ...ਅਸੀਂ ਹਰਿਜਨ... ..ਅਸੀਂ ਬਾਲਮੀਕਿ... ..ਅਸੀਂ ਰਵਿਦਾਸੀਏ... .....ਆਦਿ-ਆਦਿ।

ਪ੍ਰੰਤੂ ਇੰਡੀਆ 'ਚ ਇੰਡੀਅਨ??!! ਢੂੰਡਦੇ ਰਹਿ ਜਾਓਗੇ!

ਏਸ ਇੰਡੀਆ ਵਿਚ ਕੰਬਲਾਂ 'ਚ ਲਪੇਟੀਆਂ ਮੂਰਤੀਆਂ ਮੰਦਰਾਂ 'ਚ ਆਮ ਮਿਲ ਜਾਣਗੀਆਂ (ਠਰ ਕੇ ਮਰਦੇ ਬੰਦਿਆਂ ਤੋਂ ਬੇ-ਖ਼ਬਰ)।ਕਿਰਦੇ'ਸਕੂਲ',ਉੱਸਰਦੇ ਡੇਰੇ ਮਿਲ ਜਾਣਗੇ।ਲੋਕਤੰਤਰ ਦਾ ਤਮਾਸ਼ਾ ਹੁੰਦਾ ਮਿਲ ਜਾਵੇਗਾ।ਏਥੈ ਲੋਕ ਨਹੀਂ ਵੱਸਦੇ,ਵੋਟਾਂ ਵੱਸਦੀਆਂ ਹਨ।ਇਹ ਰੰਗ-ਬਿਰੰਗੀਆਂ ਵੋਟਾਂ ,ਅਗੜੀਆਂ ਜਾਂ ਪਿਛੜੀਆਂ, ਦਲਿਤ ਜਾਂ ਸਵਰਣ ਵੋਟਾਂ ਇੱਕ ਪਾਸੇ ਦੇਸੀ ਵੋਟਾਂ ਦੇ ਸ਼ਿਕਾਰੀਆਂ ਦਾ ਸ਼ਿਕਾਰ ਹੁੰਦੀਆਂ ਹਨ ਦੂਜੇ ਪਾਸੇ ਵਿਦੇਸ਼ੀ ਬਘਿਆੜਾਂ ਲਈ ਇਨ੍ਹਾਂ ਦੀ ਅਹਿਮੀਅਤ ਖੀਸਿਆਂ ਤੋਂ ਵੱਧ ਨਹੀਂ।ਅਜਿਹੇ ਖੀਸੇ ਜਿਨ੍ਹਾਂ 'ਚੋਂ ਵਿਦੇਸ਼ੀ ਡਾਕੂ ਵੱਧ ਤੋਂ ਵੱਧ ਸਰਮਾਇਆ ਚੋਅ ਸਕਦੇ ਹੋਣ।

ਵੇਖੋ ਜੀ! ਅੱਵਲ ਤਾਂ ਮੇਰੇ ਭਾਰਤ ਮਹਾਨ ਤੋਂ ਇਲਾਵਾ ਹੋਰ ਕਿਧਰੇ ਗਣੇਸ਼ ਜੀ ਹੈ ਨਹੀਂ ,ਪਰ ਫੇਰ ਵੀ ਸਾਡਾ ਖੁੱਲ੍ਹਾ ਚੈਲੇਂਜ ਹੈ ਪੂਰੀ ਦੁਨੀਆਂ ਵਿੱਚੋਂ ਕਿਸੇ ਦੇਸ਼ ਵਿਚ ''ਦੁੱਧ ਪੀਣੇ ਗਣੇਸ਼'' ਜੀ ਤਾਂ ਹੋ ਹੀ ਨਹੀਂ ਸਕਦੇ। ਗਣੇਸ਼ ਜੀ, ਭਾਰਤ ਮਹਾਨ ਵਿਚ ਹੀ ਦੁੱਧ ਪੀਂਦੇ ਹਨ (!?)

ਭਾਰਤ ਵਿਚ ਗਣੇਸ਼ ਜੀ ਦੁੱਧ ਪੀਂਦੇ ਹਨ, ਮਜ਼ਬੂਰ ਅੱਥਰੂ ਪੀਂਦੇ ਹਨ; ਮਜ਼ਲੂਮ, ਜ਼ੁਲਮ ਪੀਂਦੇ ਹਨ; ਜ਼ਾਲਿਮ, ਮਜ਼ਲੂਮਾਂ ਦਾ ਖ਼ੂਨ ਪੀਂਦੇ ਹਨ।

ਏਥੇ ਡਰਾਇਵਿੰਗ ਲਾਇਸੰਸ ਲੈਣ ਲਈ ਕੁਝ ਨੇਮ ਸ਼ਰਤਾਂ ਹਨ ਪਰ ਸਿਰਫ਼ ਵਾਹਨਾਂ ਦੇ ਡਰਾਇਵਿੰਗ ਲਾਇਸੰਸ ਲੈਣ ਲਈ। ਮੁਲਕ ਚਲਾਉਣ ਲਈ!? ਨਾ ਲਾਇਸੰਸ ਨਾ ਕੋਈ ਯੋਗਤਾ, ਭਾਵੇਂ ਮੁਲਕ ਦਾ ਵਾਹਣ ਹੋ ਜਾਵੇ ਕੌਣ ਫ਼ਿਕਰ ਕਰਦੈ!

'ਵਿਸ਼ਵ ਲਾਨ੍ਹਤ ਮੁਕਾਬਲਿਆਂ' ਵਿੱਚੋਂ ਗੋਲਡ ਮੈਡਲਿਸਟ ਲਾਹਨਤਾਂ ਏਥੇ

ਭਰਪੂਰ ਮਿਕਦਾਰ 'ਚ ਮਿਲ ਜਾਣਗੀਆਂ ਨਹੀਂ ਤਾਂ ਜੀ ਏਡੀਆਂ ਖੋਟੀਆਂ ਨੀਤਾਂ ਕਿੱਥੇ ਲੱਭਦੀਆਂ ਹਨ। ਏਥੇ ਬੇਰੋਜ਼ਗਾਰਾਂ ਦਾ ਲਹੂ ਪੀ ਪੀ ਕੇ ਬੇਰੋਜ਼ਗਾਰਾਂ ਦੀ ਚਿੰਤਾ ਵਿਚ ਸੁੱਕ ਕੇ ਮੁੱਕ ਕੇ ਬੇਰੋਜ਼ਗਾਰੀ ਹਾਥੀ ਵਰਗੀ ਹੋ ਰਹੀ ਹੈ।

ਏਥੇ ਨਵੇਂ ਤੋਂ ਨਵਾਂ ਨਸ਼ਾ 'ਈਜਾਦ' ਕਰਦੀਆਂ ਜਵਾਨੀਆਂ ਹਨ ।ਅੱਜ ਦੇ ਭੌਤਿਕ ਯੁੱਗ ਵਿਚ ''ਅਤਿਥੀ ਦੇਵੋ ਭਵ' ਦਾ ਸੂਤਰ ਕਿਣ ਯਾਦ ਰਖਿਐ? ਕਿੱਥੇ ਘੁਸਪੈਠੀਆਂ ਨੂੰ ਬਾਇੱਜ਼ਤ ਰਾਸ਼ਣ-ਕਾਰਡ ,ਵੋਟ ਦੀ ਸੁਵਿਧਾ ਬਿਜਲੀ ਕੁਨੈਕਸ਼ਨ ਸਮੇਤ ਮਿਲ ਸਕੀ ਹੈ? ਕਿੱਥੇ ਏਨੇ ਸੋਹਣੇ ਸੋਹਣੇ ਅੰਭੀ ,ਜੈ-ਚੰਦ ,ਮੀਰ ਜ਼ਾਫ਼ਰ ਲੱਭਣਗੇ ਜੋ ਆਪਣੀ ਮਾਤ ਭੂਮੀ ਦੇ ਲੱਕ ਨੂੰ ਪਿਆਰ ਪੂਰਵਕ ਤੋੜਦੇ ਹੋਣ!? ਔਰਤਾਂ ਦੀ ਨਿਲਾਮੀ ਵਰਗੀ ਇਤਿਹਾਸਕ ਵਿਰਾਸਤ (!) ਅੱਜ ਤੱਕ ਕੌਣ ਸੰਭਾਲੀ ਬੈਠਾ ਹੈ ?ਜੀਪਾਂ ਨਾਲ ਕੁਚਲਕੇ ਕਾਲਜ ਕੰਪਾਊਂਡ 'ਚ ਵਿਦਿਆਰਥਣ ਨੂੰ ਕਤਲ ਕਰਨ ਦੀ ਨਵੀਂ ਖੇਡ ਕਿੱਥੇ ਦੇ ਕਾਕਿਆਂ ਨੇ ਖੋਜੀ ਏ? 'ਨੈਣਾਂ ਸਾਹਨੀ ਰੋਸਟਿੰਗ ਪਲਾਂਟ' ਕਿਧਰੇ ਹੋਰ ਵਾਪਰਦੈ! ਹੈ ਕਿਧਰੇ ਅਜਿਹੀ ਹਨੇਰ ਗਰਦੀ!? ਨਹੀਂ ਨਾ; ਸਾਡੀ ਤਾਂ ਹਨੇਰ ਗਰਦੀ 'ਚ ਝੰਡੀ ਹੈ। 'ਕਿਰਨ' ,ਕੇਤੀਆ' ਤਾਂ ਜਿਵੇਂ ਮਾਮੂਲੀ ਉਦਾਹਰਣਾਂ ਮੰਨਦੇ ਹਨ ਏਹ ਹਨੇਰਗਰਦ

-ਮੇਰੇ ਭਾਰਤ ਦੇ 'ਕਿਸ਼ਨ' ਹੀ 'ਸੀਤਾਵਾਂ' ਵੀ ਭਾਲਦੇ ਹਨ

ਤਰੱਕੀ ਦੀ ਏਨੀ ਬੁਲੰਦੀ ਤੇ ਅੱਜ ਕਿਹੜਾ ਮੁਲਕ ਪਹੁੰਚਿਆ ਹੈ। ਏਥੇ ਅੱਜ ਵੀ ਇੱਕ ਸ਼ੁੱਧ ਵਸਤ ਪ੍ਰਾਪਤ ਹੁੰਦੀ ਹੈ: 'ਰਿਸ਼ਵਤ'।ਸੌ ਫੀਸਦੀ ਖਾਲਿਸ ਰਿਸ਼ਵਤ ਖਾਣ ਵਾਲੇ ਮਹਾਂ ਪੁਰਖ ਹੋਰ ਕਿੱਥੇ? ਭਿੰਨਾ ਭੇਦਾਂ ਤੋਂ ਬਿਨਾਂ ਪੀਅਨ ਤੋ ਪੀ ਐਮ ਤੱਕ ਰਿਸ਼ਵਤ ਦੇ ਮੁਕੱਦਮਿਆਂ ਦੀਆਂ ਤਰੀਕਾਂ ਕਿੱਥੇ ਭਰਦੇ ਹਨ। ਹੋਰ ਕਿਤੇ ਲੋਕਤੰਤਰ ਦੀ ਗਿੱਲੀ ਕਬਰ ਉੱਤੇ ਭੰਗੜਾ ਪਾਉਂਦਾ ਜੁਗਾੜ ਤੰਤਰ ਕਿੱਥੇ ਲੱਭਦੈ! ਹੀਰੇ ਵਰਗੀਆਂ ਜਾਨਾਂ ਦੇ ਘਾਣ ਇੱਟ ਵੱਟਿਆਂ ਤੋਂ ਚਿੜ੍ਹ ਚਿੜ੍ਹ ਕੇ ਕਿੱਥੇ ਕੀਤੇ ਜਾਂਦੇ ਹਨ। ਨਿਵੇਕਲੀ ਸਤੀ ਪ੍ਰਥਾ ਕਿੱਥੇ ਹੈ? ਪਤੀ ਹੱਥੋਂ ਸਤੀ ਹੁੰਦੀਆਂ ਦੀਆਂ ਚੀਕਾਂ ਕਿੱਥੇ ਸੁਣੀਦੀਆਂ ਹਨ? ਔਰਤਾਂ ਦੀ ਨਿਲਾਮੀ ਵਰਗੇ ਸੀਨ ਤੋਂ ਸਿਵਾ ਮੁੱਠ ਚਾਵਲ ਬਦਲੇ ਵਿਕਦੇ ਲਖਤ ਏ ਜਿਗਰ ,ਕੁਨੀਤੀਆਂ ਕਾਰਣ ਪੈਂਦੇ ਅਕਾਲ ,ਵਿਸ਼ਵਾਸ ਦੇ ਕਾਤਿਲ, ਡਾਕਟਰਾਂ ਵਿੱਚੋਂ ਕੁਝ ਕੁ ਗੁਰਦਾ ਚੋਰ ਡਾਕਟਰ ਕਿੱਥੇ ਸੁਣੀਂਦੇ ਹਨ। ''ਮਾਲਿਸ਼ਘਰਾਂ'' ਵਿੱਚੋਂ ਫ਼ਬਾਏ ਦੇਸ਼ ਦੁਸ਼ਮਣਾਂ ਦੀ ਰਾਹ ਤੱਕਦੇ ਦੇਸ਼ ਦੇ ਖੁਫ਼ੀਆ ਰਹੱਸ, ਕਠਪੁਤਲੀ ਵਾਂਗ ਰਿਮੋਟ ਤੇ ਚੱਲਦੀਆਂ ਸਰਕਾਰਾਂ ਦਾ ਗਠਨ, ਹੱਥਕੜੀਆਂ ਬੇੜੀਆਂ 'ਚ ਜਕੜੇ ਜਾਣ ਲਈ ਬਿਹਬਲ ਰਹਿਬਰ ਕਿੱਥੇ? ਕਿੱਥੇ ਹੈ ਵਿਦੇਸ਼ੀ ਬਗਲਿਆਂ ਦੀ ਲੁਭਾਉਣੀ ਛਾਂ ਦੇ ਮਕੜ ਜਾਲ ਵਿਚ ਫ਼ਾਥੇ ਜਾਣ ਦੀ ਤਿਆਰੀ ਕਰਦੀ ਅਰਥ ਵਿਵਸਥਾ।

-ਇਟ ਹੈਪਨਜ਼ ਓਨਲੀ ਇਨ ਇੰਡੀਆ।

*

# ਬੇ-ਤਰਤੀਬੇ

ਵਕਤ ਬਦਲ ਜਾਤਾ ਹੈ,ਹਾਲਾਤ ਬਦਲ ਜਾਤੇ ਹੈਂ।
ਇਨਸਾਨ ਕੀ ਕਿਆ ਔਕਾਤ;,ਜਬ ਜਜ਼ਬਾਤ ਬਦਲ ਜਾਤੇ ਹੈਂ॥

ਹਾਹੋ ਜੀ; ਵੇਲੇ ਵੀ ਬਦਲ ਗਏ, ਹਾਲਾਤ ਵੀ ਆਂਹਦੇ ਨੇ ਪਈ ਬਦਲ ਈ ਗਏ ਨੇ, ਇਨਸਾਨ ਵੀ ਬਦਲ ਗਏ ਆ ਤੇ ਜਜ਼ਬਾਤ ਵੀ ਬਦਲ ਗਏ ਹਨ।ਬੀਤੇ ਦੀਆਂ ਤਾਂ ਹੁਣ ਬਈ ਯਾਦਾਂ ਈ ਬਾਕੀ ਨੇ।ਹਾਅ !ਬਈ ਕਿਆ ਦਿਨ ਸੀ ਓਹ...ਕੋਈ ਲੌਟਾ

ਦੇ ਮੇਰੇ ਬੀਤੇ ਹੋਏ ਦਿਨ...

ਉਹਨੀਂ ਦਿਨੀਂ ਹਰ ਗੱਲ 'ਚ ਇੱਕ ਤਰਤੀਬ ਵਿਖਾਲੀ ਦੇਂਦੀ ਸੀ। ਰਸੋਈ ਦੇ ਭਾਂਡੇ ਬੇਸ਼ੱਕ ''ਕਟਲਰੀ'' ਨਹੀਂ ਹੁੰਦੀ ਸੀ ਤਾਂ ਵੀ ਸਾਦ ਮੁਰਾਦੇ ਗੋਹੇ ਲਿੱਪੇ ਚੌਂਕੇ 'ਚ ਵਗ੍ਹੇ ਮੋਰ ਕੁੱਕੜਾਂ ਵਿਚ ਤਰਤੀਬ ਨਾਲ ਰੱਖੇ ਭਾਂਡੇ ਬੜੇ ਸ਼ੋਭਦੇ ਸਨ। ''ਘਰਾਂ'' ਦੀ ਤਰਤੀਬ ''ਘਰਾਂ'' ਵਾਲੀ ਹੀ ਵਿਉਂਤਦੀ ਸੀ ਤੇ ''ਘਰਾਂ'' ਦਾ ਸਾਰਾ ਦਾਰੋਮਦਾਰ ਘਰਵਾਲੀ ਤੇ ਹੀ ਹੁੰਦਾ ਸੀ। ਸਾਂਝੇ ਪਰਿਵਾਰਾਂ ਦੀ ਸਹੀ ਤਰਤੀਬ ਵੱਡੇ ਵਡੇਰਿਆਂ ਦੇ ਹੱਥ ਹੁੰਦੀ ਸੀ ਤੇ ਵੱਡਿਆਂ ਦੀ ਹੁਕਮ ਉਦੂਲੀ ਕਰਨਾ ਪਾਪ ਸਮਝਿਆ ਜਾਂਦਾ ਸੀ।

ਜ਼ਿੰਦਗੀ ਦੇ ਹਰ ਸ਼ੋਬੇ 'ਚ ਤਰਤੀਬ ਸੀ ਗਾਇਕ ਦੀ ਦੀਖ਼ਸ਼ਾ ਚੇਲਾ ਮੁੰਨਣ ਦੀ ਰਸਮ ਤੋਂ ਬਾਅਦ ਰਿਆਜ਼ ਦਾ ਆਗ਼ਾਜ਼ ਸਰਗਮ ਦੀ ਸਾ ਤੋਂ ਹੀ ਹੋਇਆ ਕਰਦਾ ਸੀ। ਤਰਤੀਬ ਕਾਰਨ ਹੀ ਸਾਜ਼ ਸੁਰੀਲੇ ਤੇ ਗਾਇਕ ਪਰਪੱਕ ਹੁੰਦੇ ਸਨ ਤੇ ਸੰਗੀਤ ਅਲਾਹੀ ਨਾਦ ਜਿਹੀ ਮਸਤੀ 'ਚ ਮਦਹੋਸ਼ ਕਰ ਦੇਂਦਾ ਸੀ।

ਉਨ੍ਹੀਂ ਦਿਨੀਂ ਰਹਿਬਰ ਵੀ ਜਨਤਾ 'ਚੋਂ ਉਗਮਦੇ ਸੀ ਤੇ ਜਨਤਾ ਦੀਆਂ ਤਕਲੀਫ਼ਾਂ ਨੂੰ ਜਾਣਦੇ ਹੋਣ ਕਾਰਨ ਜਨਤਾ ਦੀ ਹਰ ਰਗ਼ ਤੋਂ ਵੀ ਵਾਕਿਫ਼ ਹੁੰਦੇ ਸਨ।

ਚਿੱਤਰਕਾਰੀ, ਕਵੀਸ਼ਰੀ,ਸ਼ਾਇਰੀ ਲੋਕਾਂ ਦੇ ਧੁਰ ਅੰਦਰੋਂ ਉਗਮਦੀ ਤੇ ਲੋਕਾਂ ਦੇ ਅੰਦਰ ਤੱਕ ਘਰ ਕਰ ਜਾਂਦੀ ਸੀ...

...ਤੇ ਅੱਜ...ਜਿਧਰ ਵੇਖੋ ਬੇ ਤਰਤੀਬੇ, ਜਿੱਥੇ ਵੇਖੋ ਬੇ ਤਰਤੀਬੇ।

ਦੌਰ ਏ ਤਰੱਕੀ ਦੇ ਇਹ ਖੇਡ ਨਿਰਾਲੇ,
ਜ਼ਿਹਨਾਂ 'ਚ ਹਨੇਰੇ ਸੜਕਾਂ ਤੇ ਉਜਾਲੇ!!

ਤਰੱਕੀ ਦੀਆਂ ਪੌੜੀਆਂ ਚੜ੍ਹ ਕੇ ''ਘਰ'' ਮਕਾਨਾਂ 'ਚ ਤਬਦੀਲ ਹੋ ਗਏ। ਅੱਜ ਖੁਦ ਦੀ ਸੰਤਾਨ ਤੱਕ ਮਾਂ ਪਿਓ ਦਾ ਆਖਾ ਮੰਨਣਾ ਆਪਣੀ ਤੌਹੀਨ ਸਮਝਦੀ ਏ। ਮਕਾਨਾਂ ਵਿੱਚ ਐਸ਼ ਇਸ਼ਰਤ ਦਾ ਸਾਮਾਨ ਤੂੜ ਕੇ ਭਰਿਆ ਜਾ ਰਿਹਾ ਹੈ, ਮਮਤਾ ਮਈ ਮਾਂ ਦੀ ਮਮਤਾ ਬੇ ਤਰਤੀਬੀ ਹੋ ਗਈ ਹੈ। ਸ਼ਫ਼ਕਤ ਭਰੇ ਦਿਲ ਵਾਲੇ ਬਾਪ ਦੇ ਦਿਮਾਗ਼ 'ਚ ਪੰਜ ਪਾਂਜੇ ਪੂਰੇ ਕਰਨ ਦਾ ਫ਼ਿਕਰ ਹੀ ਠੋਕ ਠੋਕ ਕੇ ਭਰਿਆ ਹੈ। ਬੇਤਰਤੀਬੀ ਦੀਆਂ ਤਰੇੜਾਂ ਹੀ ਸਾਂਝੇ ਟੱਬਰਾਂ ਨੂੰ ਖੇਰੂੰ-ਖੇਰੂੰ ਕਰ ਰਹੀਆਂ ਹਨ। ਬੇਤਰਤੀਬੀ ਪੁਸ਼ਾਕ ਅੱਜ ਫੈਸ਼ਨ ਗਿਣੀ ਜਾਂਦੀ ਹੈ ਤੇ ਬੇਤਰਤੀਬੇ ਵਾਲ ਅਜੱ ਦਾ ਰਿਵਾਜ ਹਨ। ਬੇਤਰਤੀਬੇ ਸਾਜਾਂ ਦਾ ਕੰਨ ਪਾੜਵਾਂ ਸ਼ੋਰ, ਪਾਪੀਮਿਊਜ਼ਕ ਮਾਫ਼ ਕਰਨਾ ਪੱਪਮਿਊਜ਼ਕ ਕਹਾਉਂਦਾ ਹੈ।ਸੰਗੀਤ ਦਾ ਸਫ਼ਰ ਸੁਰੀਲੇ-ਪਨ ਤੋਂ ਸ਼ੋਰੀਲੇਪਣ ਵੱਲ ਵਧਿਆ ਹੈ। ਪਹਿਲੋਂ ਜਨਤਾ 'ਚੋਂ ਉਗਮਣ ਵਾਲੇ ਰਹਿਬਰ ਵੀ ਅਜੋਕੇ ਪਰਿਵੇਸ਼ 'ਚ ਬੱਸ ਥੋਪੇ ਹੀ ਜਾ ਰਹੇ ਹਨ। ਬੇ-ਤਰਤੀਬੇ ਸਮਾਜ ਨੂੰ ਹੋਰ ਗਰਕਦਿਆਂ ਕਰਨ ਲਈ ਬੇਤਰਤੀਬੀ ਸੋਚ ਕਾਫ਼ੀ ਨਾਲੋਂ ਵਧੇਰੇ ਹੈ।

-ਤੇ ਮੇਰੀ ਏਸ ਬੇ ਤਰਤੀਬੀ ਜਿਹੀ ਲਿਖਤ ਨੂੰ ਬਰਦਾਸ਼ਤ ਕਰਨ ਵਾਲੀਆਂ ਪੜ੍ਹਦੀਆਂ ਅੱਖਾਂ ਨੂੰ ਧੰਨਵਾਦ

*

# ''ਸੈੱਲ ਅਨੰਤ, ਸੈੱਲ-ਕਥਾ ਅਨੰਤਾ''

ਵਿਗਿਆਨਕ ਸੱਚ ਹੈ ਕਿ ਧਰਤੀ ਤੇ ਜੀਵਨ ਦਾ ਅਰੰਭ ਇੱਕ ਸੈੱਲ ਨਾਲ ਹੋਇਆ ਸੀ। ਇੱਕ ਸੈੱਲ ਤੋਂ ਸ਼ੁਰੂ ਹੋਈ ਸ੍ਰਿਸ਼ਟੀ ਦਾ ਪਸਾਰਾ ਅਨੰਤ ਹੈ

ਸੈੱਲ ਅਨੰਤ, ਸੈੱਲ ਕਥਾ ਅਨੰਤਾ।

ਕਹਹਿ ਸੁਨਹਿ ਬਹੁ ਬਿਧਿ 'ਦੀਪ'-ਸੰਤਾ।

ਸੈੱਲ ਅਜਰ ਹੈ ਅਮਰ ਹੈ ਅਵਿਨਾਸ਼ੀ ਹੈ ਸੈੱਲ ਕੱਲ੍ਹ ਵੀ ਸੀ ਅੱਜ ਵੀ ਹੈ ਤੇ ਕੱਲ੍ਹ ਵੀ ਰਹੇਗਾ। ਸੈੱਲ ਦੀ ਮਹਿਮਾ ਅਪਰੰਪਾਰ ਹੈ।

ਯੁੱਗ ਦੁਆਪਰ ਹੋਵੇ ਸਤਿਯੁੱਗ ਹੋਵੇ, ਤਰੇਤਾ ਹੋਵੇ ਭਾਵੇਂ ਕਲਯੁੱਗ ਸੈੱਲ ਓਦੋਂ ਵੀ ਕੰਮ ਕਰਦੇ ਸੀ ਸੈੱਲ ਹੁਣ ਵੀ ਕੰਮ ਕਰਦੇ ਹਨ।

ਵਿਗਿਆਨੀ ਕਹਿੰਦੇ ਹਨ ਕਿ ਹਰ ਸੱਤ ਸਾਲ ਬਾਅਦ ਪੂਰੇ ਦੇਹੀ ਦੇ (ਮਨੁੱਖੀ ਦੇਹੀ) ਸਾਰੇ ਸੈੱਲ ਤਬਦੀਲ ਹੋ ਜਾਂਦੇ ਨੇ ਇਸ ਹਿਸਾਬ ਨਾਲ ਜੇ ਸੋਚੀਏ ਤਾਂ ਸੱਤ ਸਾਲ ਪਹਿਲੋਂ ਜਿਹੜਾ ਸਰੀਰ ਹੁੰਦਾ ਹੈ ਓਸਦਾ ਇੱਕ ਵੀ ਸੈੱਲ ਸੱਤ ਸਾਲ ਬਾਅਦ ਨਹੀਂ ਰਹਿੰਦਾ ਨਵਾਂ ਜਾਮਾ ਬਦਲ ਕੇ ਹਾਜ਼ਰ ਹੋ ਜਾਂਦੇ ਨੇ ਪਰ ਸੈੱਲ ਰਹਿੰਦੇ ਨੇ ਪੁਰਾਣੇ ਸੈੱਲ ਨਾ ਸਹੀ ਨਵੇਂ ਸੈੱਲ ਸਹੀ।

ਜਦੋਂ ਅਸੀਂ ਨਿੱਕੇ-ਨਿੱਕੇ ਹੁੰਦੇ ਸਾਂ ਓਦੋਂ ਚਾਬੀ ਵਾਲੇ ਖਿਡੌਣੇ ਹੁੰਦੇ ਸੀ, ਚਾਬੀ ਵਾਲੇ ਬਾਂਦਰ, ਚਾਬੀ ਵਾਲੇ ਜੋਕਰ, ਚਾਬੀਆਂ ਵਾਲੀਆਂ ਮੋਟਰਾਂ ਤੇ ਚਾਬੀ ਵਾਲੀਆਂ ਕਾਰਾਂ। ਸੈੱਲਾਂ ਵਾਲੇ ਰੇਡਿਓ ਓਦੋਂ ਨਵੇਂ-ਨਵੇਂ ਆਏ ਸੀ। ਹੁਣ ਤਾਂ ਜਿੱਥੇ ਦੇਖੋ ਸੈੱਲ ਹੀ ਸੈੱਲ ਕੰਮ ਕਰਦੇ ਨੇ ਬੈਟਰੀ ਟਾਰਚ ਵਿਚ, ਮੋਬਾਈਲ ਵਿਚ, ਖਿਡੌਣਿਆਂ ਵਿਚ, ਕਾਰਾਂ ਵਿਚ, ਸਰਕਾਰਾਂ ਵਿਚ ਕਿਧਰੇ ਵੀ ਘੋਖ ਪੜਤਾਲ ਕੇ ਵੇਖ ਲਵੋ ਸੈੱਲਾਂ ਦੀ ਭਰਮਾਰ ਹੈ।ਹਰ ਥਾਂ, ਦੇਸੀ ਹੋਣ ਜਾਂ ਵਿਦੇਸ਼ੀ,ਪਰ ਸੈੱਲ ਮੌਜੂਦ ਹੋਣਗੇ।

ਸੈੱਲਾਂ ਦੀਆਂ ਵੀ ਕਈ ਵੰਨਗੀਆਂ ਨੇ ,ਅੱਗੇ ਮੁੱਖ ਦੋ ਵੰਨਗੀਆਂ ਦੇ ਸੈੱਲ ਲੱਭਦੇ ਨੇ ਉਦਾਲੇ ਆਪਣੇ 1. ਨਵਿਆਉਣ ਯੋਗ (ਰੀਚਾਰਜਏਬਲ) 2. ਨਾ ਨਵਿਆਉਣਯੋਗ ।

ਨਵਿਆਉਣ ਯੋਗ ਸੈੱਲਾਂ ਦੀ ਵੁੱਕਤ ਵੀ ਜ਼ਿਆਦਾ ਹੁੰਦੀ ਏ ਤੇ ਕੀਮਤ ਕੂਵਤ ਵੀ ਵਧੇਰੇ ਹੁੰਦੀ ਹੈ। ਕਾਰ ਜਾਂ ਸਰਕਾਰ ਕੋਈ ਵੀ ਹੋਵੇ ਇਹ ਫਿਟ ਹੋ ਹੀ ਜਾਂਦੇ ਨੇ। ਆਪਣੀ ਖਰਚੀ ਗਈ ਸ਼ਕਤੀ ਨੂੰ ਮੁੜ ਸੁਰਜੀਤ ਕਰਨ ਲਈ ਇਹ ਕਿਸੇ ਨਾ ਕਿਸੇ ਸੋਮੇ ਨੂੰ ਪਕੜ ਹੀ ਲੈਂਦੇ ਨੇ।

ਸਿਰਫ਼ ਕਾਰਾਂ ਸਰਕਾਰਾਂ ਨੂੰ ਹੀ ਇਹ ਸੈੱਲ ਚਲਾ ਸਕਦੇ ਹੋਣ ਏਦਾਂ ਦੀ ਗੱਲ ਵੀ ਨਹੀਂ ਹੈ ਇਨ੍ਹਾਂ ਸੈੱਲਾਂ ਦੀ ਤਾਕਤ ਤਾਂ ਹਰ ਥਾਂ ਹੈ ਸਰਵ ਵਿਆਪਕ ਹੈ।

ਸ਼ਾਇਦ ਦੋ ਚੀਜ਼ਾਂ ਸਰਵਵਿਆਪਕ ਨੇ ਇੱਕ ਅਖੌਤੀ ਈਸ਼ਵਰ ਤੇ ਦੂਜਾ ਸੈੱਲ।

ਸਾਡੇ ਪੌਰਾਣਿਕ ਗਰੰਥ ਤਾਂ ਇਸ ਗੱਲ ਦੀ ਵੀ ਸ਼ਾਹਦੀ ਦੇਂਦੇ ਨੇ ਕਿ ਈਸ਼ਵਰ ਦੇ ਸੈੱਲ ਹਰ ਸਜੀਵ ਨਿਰਜੀਵ ਚੱਲ-ਅਚੱਲ ਵਿਚ ਵਿੱਧਮਾਨ ਨੇ।

ਇਹ ਸੈੱਲ ਸਰਕਾਰੀ ਦਫ਼ਤਰਾਂ ਵਿਚ ਵੀ ਲੱਭਦੇ ਨੇ ਇਨ੍ਹਾਂ ਨੂੰ ਚਾਰਜ ਕੀਤੇ ਬਿਨਾਂ, ਇਨ੍ਹਾਂ ਨੂੰ ਚਾਰਜ ਦਿੱਤੇ ਬਿਨਾਂ ਕਿਸੇ ਦੀ ਇੰਚਾਰਜ ਤੱਕ ਦੀ ਵੀ ਰਸਾਈ ਨਹੀਂ ਹੋ ਸਕਦੀ। ਇਨ੍ਹਾਂ ਨੂੰ ਇਨ੍ਹਾਂ ਦਾ ਚਾਰਜ ਦੇ ਕੇ ਕੁਝ ਵੀ ਕਰਵਾਇਆ ਜਾ ਸਕਦਾ ਹੈ।

ਦੇਸੀ ਸੈੱਲਾਂ ਨੂੰ ਵਿਦੇਸ਼ੀ ਕਰੰਸੀ ਵਿੱਚ ਚਾਰਜ ਦੇ ਕੇ ਤਾਂ ਅਸੰਭਵ ਨੂੰ ਵੀ ਸੰਭਵ ਕਰ ਕੇ ਵਿਖਾਇਆ ਜਾ ਸਕਦਾ ਹੈ ਜਿਵੇਂ ਕਿ :-

- ਬਿਲਕੁੱਲ ਜੀਰੋ ਤਕਨੀਕ ਦਾ ਸਮਾਨ ਮੁਲਕ ਵਿਚ ਤੁੰਨਿਆ ਜਾ ਸਕਦਾ ਹੈ।

- ਪੁਰਾਣੇ ਪੈ ਚੁੱਕੇ ਜ਼ਹਿਰੀ ਸਮੁੰਦਰੀ ਜਹਾਜ਼ ਆਪਣੇ ਘਰ ਮੰਗਾਕੇ ਤੁੜਵਾਉਣ ਦੀ ਆਗਿਆ ਦਿਲਵਾਈ ਜਾ ਸਕਦੀ ਹੈ।

- ਆਪਣੇ ਮਹਾਂਪੁਰਖਾਂ ਬਾਰੇ ਊਟ-ਪਟਾਂਗ ਲਿਖਵਾਈਆਂ ਪੁਸਤਕਾਂ ਨੂੰ ਆਪਣੇ ਬਾਲਾਂ ਦੇ ਬਸਤਿਆਂ ਤੱਕ ਪੁੱਜਦਾ ਕਰਨ ਲਈ ਰਾਹ ਸਾਫ਼ ਕਰਵਾਏ ਜਾ ਸਕਦੇ ਨੇ।

– ਆਪਣੇ ਕੁਦਰਤੀ ਤੇ ਮਾਨਵੀ ਸਰੋਤਾਂ ਦੀ ਲੁੱਟ ਲਈ ਹਾਕਾਂ ਮਾਰ-ਮਾਰ ਵਿਦੇਸ਼ੀਆਂ ਨੂੰ ਸੱਦਿਆ ਜਾਣਾ ਜਾਇਜ਼ ਠਹਿਰਾਇਆ ਜਾ ਸਕਦਾ ਹੈ।

– ਵਿਦੇਸ਼ੀ ਆਕਾਵਾਂ ਦੇ ਦਿਲ ਦੀ ਗੱਲ ਪੁਗਾਉਣ ਲਈ ਦੇਸੀ ਸਿਆਸਤ ਵਿਚ 'ਕੁਝ ਵੀ' ਕੀਤਾ ਕਰਵਾਇਆ ਜਾ ਸਕਦਾ ਹੈ।

ਮੁੱਕਦੀ ਗੱਲ ਕਿ ਹਰ ਥਾਂ ਤੇ ਨੇ ਸੈੱਲ; ਸਿਆਸਤ ਵਿਚ ਸੈੱਲ, ਧਰਮ ਵਿਚ ਸੈੱਲ, ਵਪਾਰ ਵਿਚ ਸੈੱਲ, ਅਖ਼ਬਾਰ ਵਿਚ ਸੈੱਲ, ਸੈੱਲਾਂ ਦੀ ਸਿਆਸਤ ਤੇ ਸਿਆਸਤ ਦੇ ਸੈੱਲ, ਅੱਡੋ-ਅੱਡੀ ਕੰਪਨੀਆਂ ਦੇ ਸੈੱਲ, ਅੱਡੋ-ਅੱਡੀ ਘਰਾਣਿਆਂ ਦੇ ਸੈੱਲ ਅੱਡੋ-ਅੱਡੀ ਤਾਕਤਾਂ ਦੇ ਸੈੱਲ, ਅੱਡੋ ਅੱਡੀ ਨਾਵਾਂ ਤੇ ਥਾਵਾਂ ਤੇ ਸੈੱਲ।

ਸਿਨੇਮੇ ਵਿਚ ਅੰਡਰਵਰਲਡ ਦੇ ਸੈੱਲ, ਰਾਜਨੀਤੀ ਵਿਚ ਧਰਮ ਤੇ ਕੌਮਾਂ ਦੇ ਸੈੱਲ। ਲੇਖਕਾਂ ਵਿਚ ਪ੍ਰਧਾਨ ਤੇ ਸਕੱਤਰ ਦੇ ਸੈੱਲ। ਅਖ਼ਬਾਰਾਂ ਵਿਚ ਵਾਦਾਂ ਤੇ ਵਿਵਾਦਾਂ ਦੇ ਸੈੱਲ।

ਕਿੱਥੇ-ਕਿੱਥੇ ਮੌਜੂਦ ਕਿਹੜੇ-ਕਿਹੜੇ ਸੈੱਲ ਦੀ ਕਥਾ ਛੋਹੀਏ ਜੀ?! ਮੈਂ ਤਾਂ ਪਹਿਲਾਂ ਅਰਜ਼ ਕਰ ਚੁੱਕਾਂ ਕਿ ''ਸੈੱਲ ਅਨੰਤ, ਸੈੱਲ ਕਥਾ ਅਨੰਤਾ''

ਜੇ ਮੈਂ ਬੋਲਿਆ ,ਤਾਂ ਲੋਕਾਂ ਕਹਿਣਾ ਬੋਲਦੈ

*

# ਵਿਹਲਾ ਬਿਜ਼ੀ-ਐਤਵਾਰ

ਗਿਣਕੇ ਦਿਨ ਦਿਨ, ਪੂਰਾ ਹਫ਼ਤਾ ਬੀਤਦਾ ਹੈ ਤਾਂ ਕਿਤੇ ਜਾ ਕੇ ਆਉਂਦੈ ਇੱਕ ਦਿਨ ; ਜਿਸਨੂੰ ਹਰ ਬਾਲ, ਬਿਰਧ ਤੇ ਜਵਾਨ, ਅੱਡੀਆਂ ਚੁੱਕ-ਚੁੱਕ ਕੇ ਉਡੀਕਦਾ ਹੈ। ਹਾਂ ਜੀ ਠੀਕ ਬੁੱਝਿਐ ਤੁਸਾਂ, ਇਹ ਆਪਣਾ ਸੁੱਖਾਂ-ਲੱਧਾ ''ਐਤਵਾਰ'' ਹੈ, ਜੋ ਹਫ਼ਤੇ ਭਰ ਦੀ ਉਡੀਕ ਤੋਂ ਬਾਅਦ ਇੰਝ ਆਉਂਦੈ ਜੀਕਣ ਗਰਮੀਆਂ ਦੇ ਮੌਸਮ ਵਿਚ ਲੰਮੀ ਉਡੀਕ ਮਗਰੋਂ ਟੂਟੀਆਂ 'ਚ ਪਾਣੀ। ਏਨੀ ਤਾਂਘ ਏਨੀ ਉਡੀਕ ਕਰਨ ਦੇ ਬਾਅਦ ਵੀ ਤਰਸੇਵਾਂ ਛੱਡ ਜਾਂਦੇ ਨੇ ਦੋਵੇਂ ਹੀ।

ਵਿਹਲਾ ਜਿਹਾ ਦਿੱਸਦਾ ਐਤਵਾਰ; ਵੇਹਲਾ ਹੋ ਕੇ ਵੀ ਵੇਹਲਾ ਨਹੀਂ ਹੈ।

ਕਈ ਵੇਰ ਇਹ ਐਤਵਾਰ ਕੋਈ ਦਿਨ ਨਾਂ ਹੋ ਕੇ ਉਹ ਬੁੱਢਾ ਸਹੁਰਾ ਜਾਪਦੈ, ਜਿਸ ਦੀਆਂ ਬਾਕੀ ਵਾਰਾਂ ਦੇ ਰੂਪ ਵਿਚ ਛੇ ਨੂੰਹਾਂ ਹੋਵਣ। ਇਹਨਾਂ ਨੂੰਹਾਂ ਨੂੰ ਬਾਬਾ, ''ਵਿਹਲਾ ਜਿਹਾ'' ਦਿੱਸਦੈ ਤੇ ਇਹ ਆਪਣੇ ਹਿੱਸੇ ਦਾ ਕੰਮ ਬਾਬੇ ਨੂੰ ਸੌਂਪਣੀ ਕਰਦੇਂਦੀਆਂ ਹਨ ''ਚੱਲ ਬਾਬਾ ਤੂੰ ਤਾਂ ਵਿਹਲਾ ਏਂ ਮੇਰਾ ਆਹ ਕੰਮ ਈ ਕਰਵਾ ਦੇਵੀ।'' ਛੇਆਂ ਨੂੰਹਾਂ ਦਾ ਇਕਲੌਤਾ ਸਹੁਰਾ ਨੂੰਹਾਂ ਦੀ ਵਗਾਰ ਕਰਦਾ ਹੰਭ ਜਾਂਦੈ। ਪੂਰੇ ਹਫ਼ਤੇ ਹਰ ਬੰਦਾ ਏਦਾਂ ਹੀ ਕਰਦਾ ਦਿੱਸਦੈ;

– ''ਪਾਠ ਦਾ ਭੋਗ ਪਾਉਣਾ ਏਂ ਚਲੋ ਐਤਵਾਰ ਵਾਲਾ ਦਿਨ ਰੱਖ ਲੌ, ਸਾਰਿਆਂ ਨੂੰ ਛੁੱਟੀ ਹੁੰਦੀ ਏ।''

– ''ਕੱਪੜੇ ਧੋਣੇ ਨੇ, ਐਤਵਾਰ ਧੋ ਲਾਂ'ਗੇ ਛੁੱਟੀ ਹੁੰਦੀ ਏ।''

– ''ਦੋਸਤ ਨੂੰ ਮਿਲਣ ਜਾਣੈ...ਵਿਹਲਾ ਜਿਹਾ ਦਿਨ ਲੱਭ ਦੇ ਆਂ, ਐਤਵਾਰ ਦਾ ਦਿਨ ਠੀਕ ਰਹੂ।''

- ''ਕਾਕੇ ਦਾ ਜਨਮ ਦਿਨ ਸ਼ਨੀਵਾਰ ਆ ਰਿਹੈ; ਚਲੋ ਇੱਕ ਦਿਨ ਦਾ ਫ਼ਰਕ ਪਾ ਲੈਂਦੇ ਆਂ ਐਤਵਾਰ ਹੀ ਮਨਾ ਲਵਾਂਗੇ।'' ਹਫ਼ਤੇ ਭਰ ਦੇ ਸਾਰੇ ਦਿਨ

ਐਤਵਾਰ ਨੂੰ ਸੀ. ਬੀ. ਆਈ. ਦਾ ਠੰਡਾ ਬਸਤਾ ਸਮਝ ਕੇ ਨੇਤਾਵਾਂ ਦੇ ਘੋਟਾਲਿਆਂ ਵਾਂਗ ਸਭ ਕੁਝ ਏਹਦੇ ਹਵਾਲੇ ਹੋ ਜਾਣ ਦੇਣ ਵਿਚ ਸਹੂਲਤ ਜਿਹੀ ਮਹਿਸੂਸ ਕਰਦੇ ਹਨ।

- ਐਤਵਾਰ ਦੀ ''ਜੂਨ'' ਕੀ ਪੂਰਾ ਸਾਲ ਹੀ ਖਰਾਬ ਰਹਿੰਦਾ ਹੈ ਕਦੇ ਐਤਵਾਰ ਕਿਸੇ 'ਬੇਰੁਜ਼ਗਾਰ ਵਿਹਲੇ' ਵਾਂਗਰ ਵੀ ਮਹਿਸੂਸ ਹੁੰਦਾ ਹੈ। ਜੋ ਵਿਹਲਾ ਏ, ਬਿਲਕੁਲ ਪੰਜਾਬ ਸਰਕਾਰ ਦੇ ਖਜ਼ਾਨੇ ਵਾਂਗੂ (ਜਿਸ ਕੋਲ ਬੇਰੁਜ਼ਗਾਰਾਂ ਦੀ ਹੇੜ ਨੂੰ ਦੇਣ ਲਈ ਰੁਜ਼ਗਾਰਾਂ ਦੀ ਥਾਂ ਤਾਂ ਹੈ ਪਰ ਦੇਣ ਲਈ ਤਨਖਾਹ ਨਹੀਂ; ਪ੍ਰੰਤੂ ਮੰਤਰੀਆਂ ਦੀ ਫੌਜ ਪਾਲਣ ਲਈ ਕੋਈ ਕਮੀ ਨਹੀਂ ਹੈ); ਪਰ ਵਿਹਲਾ ਹੋਣ ਦੇ ਬਾਵਜੂਦ ਫਿਟਕਾਰਾਂ ਸੁਣਦਾ ਹੈ ; ਨੌਕਰੀਆਂ ਦੇ ਇਸ਼ਤਿਹਾਰ 'ਚੋਂ ਇਸ਼ਤਿਹਾਰ ਚੁਣਦਾ ਹੈ; ਅਰਜ਼ੀਆਂ ਘੱਲਦਾ ਹੈ, ਫਾਕੇ ਝੱਲਦਾ ਹੈ; ਦੁਨੀਆ ਭਰ ਦੀਆਂ ਚਿੰਤਾਵਾਂ ਨੂੰ ਸਿਰਫ਼ ਉਹਦਾ ਦਰ ਲੱਭਦਾ ਹੈ॥ ਏਨਾ ਕੁਝ ਕਰਨ ਦੇ ਬਾਵਜੂਦ ਵੀ ਨੌਜੁਆਨ ਵਿਹਲਾ ਹੈ ਐਤਵਾਰ ਦੇ ਦਿਨ ਵਾਂਗਰ।

ਭਲਿਓ ਲੋਕੋ! ਤੁਸੀਂ ਜੋ ਕਰਨਾ ਚਾਹੋ ਕਰੋ, ਵਿਆਹ ਕਰੋ, ਸ਼ਾਦੀ ਕਰੋ ਅਖੰਡ ਪਾਠ ਦਾ ਭੋਗ ਪਾਵੋ, ਸ਼ਗਨ ਮੰਗਣੇ ਦੀ ਰਸਮ ਕਰੋ; ਭੋਲੇਭਾਲੇ ਐਤਵਾਰ ਨਾਲ ਕਾਹਨੂੰ ਵੈਰ ਕੱਢਦੇ ਹੋ!?

ਅਸੀਂ ਹਰ ਕੰਮ, ਵਿਹਲੇ ਐਤਵਾਰ ਦੇ ਖਾਤੇ ਇਸ ਤਰ੍ਹਾਂ ਪਾ ਦੇਂਦੇ ਹਾਂ ਜੀਕਣ ਅਸੀਂ ਆਪਣੀ ਗਲਤੀ ਨੂੰ ਦੂਜਿਆਂ ਦੇ ਮੱਥੇ ਮੜ੍ਹ ਦੇਂਦੇ ਹਾਂ ਚੰਗੇ ਭਲੇ ਐਤਵਾਰ ਨੂੰ ਸੱਤਿਆ ਨਾਸ਼ ਕਰਨ ਲਈ ਅਸੀਂ ਵੰਨ ਸੁਵੰਨੇ ਬਹਾਨੇ/ਕਾਰਣ ਟੋਲਦੇ ਹਾਂ ਨਾ ਲੱਭਣ ਤੇ ਅਸੀਂ ਇਹ ਕਾਰਜ, ਕਾਰਣ ਸਿਰਜ ਕੇ ਪੂਰਾ ਕਰਦੇ ਹਾਂ।

ਮਿਸਾਲ ਲਈ ਵਿਹਲੇ ਬੈਠੇ ਹਾਂ ਐਤਵਾਰ ਦਾ ਸੂਰਜ ਅਜੇ ਥੋੜ੍ਹੀ ਦੇਰ ਪਹਿਲੋਂ ਹੀ ਪੂਰਬ ਦੀ ਬੁੱਕਲੋਂ ਬਾਹਰ ਨੂੰ ਝਾਤ ਮਾਰਨ ਲੱਗਿਆ ਹੈ ਇਸ ਸੁਹਾਣੇ ਸਮੇਂ ਨੂੰ ਸੱਤਿਆਨਾਸ਼ ਕਰਨ ਦੀ ਕੋਈ ਬਹਾਨਾ ਲੱਭਦਾ ਨਾ ਵੇਖ ਕੇ ਅਸੀਂ ਉਸਲ ਵੱਟੇ ਭੰਨਣ ਲੱਗ ਪੈਂਦੇ ਹਾਂ ਸਾਡਾ ਇਹ 'ਉਸੱਲ-ਵੱਟੇ ਭੰਨ ਕਾਰਜ ਕਰਮ'ਓਨੀ ਦੇਰ ਤੱਕ ਜਾਰੀ ਰਹਿੰਦਾ ਹੈ ਜਦੋਂ ਤੱਕ ਸਾਡਾ ਕੋਈ ਪਰਲੇ ਦਰਜੇ ਦਾ ਵਿਹਲੜ ਮਿੱਤਰ ਸਾਡੇ ਐਤਵਾਰ ਦਾ ਖੂਨ ਕਰਨ ਲਈਂ ਸਾਡੇ ਬੂਹੇ ਨੂੰ ਨਹੀਂ ਖੜਕਾਉਂਦਾ। ਅਸਾਡਾ ਤਾਂ ਸਿੱਧਾ ਜਿਹਾ ਅਸੂਲ ਹੈ 'ਆ ਬੈਲ ਤੁਝੇ ਮਾਰੂੰ'।ਜੇ ਸਾਡਾ ਮਿੱਤਰ ਸਾਡਾ ਬੂਹਾ ਨਹੀਂ ਖੜਕਾਉਂਦਾ ਤਾਂ ਅਸੀਂ ਜਾ ਓਹਦਾ ਦਰ ਖੜਕਾਈਦਾ ਹੈ ਅਗਲਾ ਭਾਵੇਂ ਕਿੰਨੀ ਵੀ ਜ਼ਰੂਰੀ ਕੰਮ ਨਾਲ ਮੱਥਾ ਲਾਈ ਬੈਠਾ ਹੋਵੇ ਅਸੀਂ ਲਗਾਤਾਰ ਉਹਦਾ ਲਹੂ ਪੀਣਾ ਜਾਰੀ ਰੱਖੀਦਾ ਹੈ।ਲੋਕ ਸਾਨੂੰ ਚਿੱਚੜ, ਜੋਂਕ ,ਲੂਹ-ਪੀਣਾ, ਕਹਿੰਦੇ ਨੇ। ਅਸਾਂ ਕਈ ਵੇਰਾਂ ਉਨ੍ਹਾਂ ਨੂੰ ਸਮਝਾ ਹਟੇ ਹਾਂ ਬਈ ਏਨਾ ਕੁਝ ਆਖਣ ਦੀ ਥਾਂ ਤੁਸੀਂ ਸਾਨੂੰ ਨੇਤਾ ਜੀ ਆਖ ਛੱਡਿਆ ਕਰੋ।

ਤੁਸੀਂ ਆਖੋਗੇ ਐਤਵਾਰ ਬਾਰੇ ਗੱਲ ਕਰਦੇ ਲੇਖ ਨੂੰ ਵੀ ਮੈਂ ਐਤਵਾਰ ਵਾਂਗਰ ਬਣਾ ਦਿੱਤਾ। ਐਤਵਾਰ ਦਾ ਹਾਲ ਵੀ ਦਿੱਲੀ ਵਰਗਾ ਹੈ। ਦਿੱਲੀ ਵਿਚ ਵੰਨ-ਸੁਵੰਨੇ ਲੋਕ, ਧਰਮ, ਵਿਸ਼ਵਾਸ ਹਨ ਜੋ ਰਲਕੇ ਦਿੱਲੀ ਵਾਲੇ ਬਣ ਜਾਂਦੇ ਹਨ ਇਸੇ ਤਰ੍ਹਾਂ ਸੋਮ ਤੋਂ ਲੈ ਕੇ ਸ਼ਨੀਵਾਰ ਤੱਕ ਦੇ ਕਈ ਕਾਰਜ ਲੋਕ ਮੱਲੋ-ਮੱਲੀ ਐਤਵਾਰ ਦੇ ਕਾਰਜ ਬਣ ਜਾਂਦੇ ਹਨ।

ਐਤਵਾਰ ਨੂੰ ਕੀ ਕਹੀਏ ਛੁੱਟੀ ਹੈ; ਜਾਂ ਰੁਝੇਵਾਂ ਹੈ! ਜਾਂ ਰੁਝੇਵਿਆਂ ਭਰੀ ਛੁੱਟੀ ਹੈ!!

ਐਤਵਾਰ ਨੂੰ ਪਰਿਭਾਸ਼ਿਤ ਕਰਨ ਲੱਗਿਆਂ ਸੋਚ ਨੂੰ ਗੁੰਝਲਾਂ ਪੈਣ ਲੱਗਦੀਆਂ

ਹਨ।

ਕਈ ਹਫ਼ਤਿਆਂ ਵਿਚ ਇੱਕ ਦੀ ਥਾਂ ਅਨੇਕਾਂ ਐਤਵਾਰ(ਛੁੱਟੀ ਦੇ ਦਿਨ) ਵੀ ਪੈਂਦੇ ਹਨ। ਜਨਤਾ ਚੋਂ ਕੁਝ ਲੋਕ ਐਤਵਾਰਾਂ ਦੀ ਗਿਣਤੀ ਵਧਾ ਕੇ ਬਹੁਤ ਖੁਸ਼ ਹੁੰਦੀ ਹੈ।ਹਰ ਸਾਲ ਐਤਵਾਰਾਂ ਦੀ ਗਿਣਤੀ ਵਿਚ ਇੱਕ ਅੱਧਾ ਐਤਵਾਰ ਹੋਰ ਜੋੜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਵਧੇਰੇ ਕਰਕੇ ਇਹ ਕੋਸ਼ਿਸ਼ਾਂ ਸਫ਼ਲ ਹੀ ਹੁੰਦੀਆਂ ਹਨ। ਐਤਵਾਰਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ।

ਜੇ ਐਤਵਾਰਾਂ ਦੀ ਗਿਣਤੀ ਏਦਾਂ ਹੀ ਵਧਦੀ ਰਹੀ ਤਾਂ? ਇਹ ਸਵਾਲੀਆਂ ਨਿਸ਼ਾਨ ਕਈ ਸਵਾਲਾਂ ਦਾ ਪਿਓ ਹੈ ਅਤੇ ਜਵਾਬ ਮੰਗਦਾ ਹੈ।

ਹੈ ਕਿਸੇ ਕੋਲ ਇਹਦਾ ਜਵਾਬ

!?!?!

*

# ਪ੍ਰਭੂ ਜੀ ਮੇਰੇ ਬੜੇ ਦਿਆਲੂ ਨੇ...

ਦੁਨੀਆਂ ਭਰ ਦੀ ਪ੍ਰਭੂਤਾ ਤੇ ਪ੍ਰਭੂਸੱਤਾ ਨੂੰ ਪ੍ਰਭਾਵਿਤ ਕਰਨ ਵਾਲੇ 'ਪ੍ਰਭੂ' ਜੀ ਦੀ ਮਾਇਆ 'ਪੂੰਜੀ' ਅਪਰੰਪਾਰ ਹੈ।

ਕਿਸੇ ਨਾ ਕਿਸੇ ਬਹਾਨੇ ਪੂਰੀ ਦੁਨੀਆਂ ਵਿਚ ਕਿਤੇ ਨਾ ਕਿਤੇ, ਕੋਈ ਨਾ ਕੋਈ ਭਸੂੜੀ ਪਾਈ ਰੱਖਣ ਵਾਲੇ ਪ੍ਰਭੂ ਜੀ (ਮਾਇਆ ਪਤੀ ਪ੍ਰਭੂ ਜੀ) ਦੀ ਮਹਿਮਾ ਸ਼ਬਦਾਂ ਵਿਚ ਬਿਆਨ ਕਰਨੀ ਨਾ ਮੁਮਕਿਨ ਨਹੀਂ ਤਾਂ ਔਖੀ ਜ਼ਰੂਰ ਹੈ। ਮੇਰੇ ਭਾਰਤ ਮਹਾਨ ਲਈ ਤਾਂ ਪ੍ਰਭੂ ਜੀ ਵਿਸ਼ੇਸ਼ ਰੂਪ ਬੜੇ ਦਿਆਲ ਦਿੱਸਦੇ ਹਨ।

'ਮਾਇਆ ਪਤੀ ਪ੍ਰਭੂ ਜੀ' ਮੁੱਢ ਤੋਂ ਹੀ ਅਨੇਕ ਪ੍ਰਕਾਰ ਦੀਆਂ 'ਲੀਲਾਵਾਂ' ਕਰਦੇ ਰਹਿੰਦੇ ਹਨ। ਲੀਲ੍ਹਾਧਾਰੀ ਪ੍ਰਭੂ ਜੀ ਲੀਲ੍ਹਾ ਤਾਂ ਆਪ ਕਰਦੇ ਨੇ ਪਰ ਨਾਂ ਆਪਣੇ ਸਿਰ ਨਹੀਂ ਲੈਂਦੇ। ਚੜ੍ਹਾਵੇ ਤਾਪ ਲਿਜਾਵੇ ਆਪ ਵਾਲਾ ਅਸੂਲ ਸਿੱਧ ਰੱਖ ਕੇ ਚੱਲਦੇ ਨੇ।

ਜੇ ਭਾਰਤ ਉਪ ਮਹਾਂਦੀਪ ਨੂੰ ਖੇਰੂੰ-ਖੇਰੂੰ ਕੀਤਾ ਤਾਂ ਉਹ ਵੀ ਪ੍ਰਭੂ ਜੀ ਦੀ ਲੀਲ੍ਹਾ ਸੀ ਅਤੇ ਇਹ ਵੀ ਪ੍ਰਭੂ ਜੀ ਦੀ ਲੀਲ੍ਹਾ ਹੀ ਹੈ ਕਿ ਹੁਣ ਉਹ ਟੋਟੇ ਟੋਟੇ ਭਾਰਤ ਉਪ ਮਹਾਂਦੀਪ ਦੇ ਦਰਮਿਆਨ ਬੱਸਾਂ-ਰੇਲਾਂ ਚਲਾਉਣ ਦੇ ਉਪਰਾਲੇ ਕਰ/ਕਰਵਾ ਰਹੇ ਨੇ।

ਇਹ 'ਮੇਰੇ ਪ੍ਰਭੂ ਜੀ ਦੀ ਮਹਾਨ ਕਿਰਪਾਲਤਾ' ਮੰਨੋ ਕਿ ਉਹਨਾਂ ਤਿਆਗ ਦੀ ਭਾਵਨਾ ਰੱਖਣ ਵਾਲੇ ਭਾਰਤ ਦੀ ਭਾਵਨਾ ਨੂੰ ਸਮਝਦਿਆਂ ਏਥੋਂ ਦੀ ਪੂੰਜੀ ਨੂੰ ਪਰਨਾਲਾ ਲਗਵਾਇਆ ਅਤੇ ਏਥੋਂ ਦੀ ਪੂੰਜੀ ਨੂੰ 'ਆਪਣੇ-ਧਾਮ' ਵੱਲ ਲਿਜਾਣ ਦੇ ਉਪਰਾਲੇ ਕੀਤੇ/ਕਰਵਾਏ ਨੇ ਜੋ ਅੱਜ ਤੱਕ ਜਾਰੀ ਨੇ।

ਮੇਰੇ ਭਾਰਤ ਮਹਾਨ ਕੋਲ ਬੇ-ਪਨਾਹ ਕੁਦਰਤੀ ਖਜ਼ਾਨੇ ਹਨ ।ਇਹਨਾਂ ਕੁਦਰਤੀ ਖਜ਼ਾਨਿਆਂ ਨੂੰ 'ਸਾਂਭਣ ਦੀ ਸਿਰਦਰਦੀ' ਵੀ ਬੜੀ ਹੈ। ਹੁਣ ਦਿਆਲੂ 'ਮਾਇਆ ਪਤੀ ਪ੍ਰਭੂ' ਜੀ ਦੀ ਕਿਰਪਾਲਤਾ ਵੇਖੋ ਕਿ ਉਹ ਸੱਤ ਸਮੁੰਦਰੋਂ ਪਾਰ ਆਕੇ ਸਾਡੇ ਇਹਨਾਂ ਕੁਦਰਤੀ ਖਜ਼ਾਨਿਆਂ ਨੂੰ ਸਾਂਭਣ ਲਈ ਵੀ ਤਿਆਰ ਹੋਏ ਪਏ ਨੇ ਤਾਂ ਜੋ ਸਾਨੂੰ ਇਹਨਾਂ ਕੁਦਰਤੀ ਖਜ਼ਾਨਿਆਂ ਨੂੰ 'ਸਾਂਭਣ ਦੀ ਸਿਰਦਰਦੀ' ਤੋਂ ਛੁਟਕਾਰਾ ਪ੍ਰਾਪਤ ਹੋ ਸਕੇ।

ਉਹਨਾਂ ਦੀ ਮਨਸ਼ਾ ਹੈ ਕਿ ਭਾਰਤ ਵਾਸੀਆਂ ਨੂੰ ਕਿਸੇ ਕਿਸਮ ਦੀ ਕੋਈ ਸਿਰਦਰਦੀ ਨਾ ਲੈਣੀ ਪਵੇ ਤੇ ਉਹ ਸਿਰਫ ਪ੍ਰਭੂ ਜੀ ਦੀ 'ਦਿਆਲਤਾ ਦਾ ਪ੍ਰਸ਼ਾਦ' ਹੀ ਲੈਣ।

ਪਹਿਲਾਂ ਵੀ ਪ੍ਰਭੂ ਜੀ ਦੀ ਦਇਆ ਮਿਹਰ ਸਦਕਾ ਹਰੀ ਕ੍ਰਾਂਤੀ ਹੋਈ।

ਪੈਸਟੀਸਾਈਡਜ਼, ਫਰਟੀਲਾਈਜ਼ਰ ਅਤੇ ਹੋਰ ਵੀ ਵਾਤਾਵਰਣ ਪਰਦੂਸ਼ਤ ਕਰਨ ਵਿੱਚ ਭਾਰੀ ਯੋਗਦਾਨ ਪਾਉਣ ਵਾਲੇ ਸਾਧਨ/ਸੰਸਾਧਨ ਵੀ ਪ੍ਰਭੂ ਜੀ ਦੀ ਮਾਇਆ ਦੀ ਮਿਹਰ ਦਾ ਪ੍ਰਸ਼ਾਦ ਸੀ ਤਾਂ ਹੁਣ ਵਾਤਾਵਰਣ ਨੂੰ ਸਾਫ ਕਰਨ ਦਾ ਇੰਤਜ਼ਾਮ ਕਰਨ ਲਈ ਵੀ ਪ੍ਰਭੂ ਜੀ ਦੀ ਹੀ ਮਾਇਆ (ਪੂੰਜੀ) ਨੇ ਕੰਮ ਆ ਕੇ ਵਿਖਾਉਣਾ ਹੈ।

ਮਾਇਆ ਧਾਰੀ ਪ੍ਰਭੂ ਜੀ ਤਾਂ ਹਨ ਹੀ ਦਇਆ ਦੇ ਸਾਗਰ ।ਜਿਸ ਕਿਸੇ ਨੂੰ ਵੀ ਕਸ਼ਟ ਵਿਚ ਵੇਖਦੇ ਨੇ ਕਸ਼ਟ ਦੂਰ ਕਰ ਦੇਂਦੇ ਨੇ।

ਪਹਿਲਾਂ ਕਿਰਸਾਨ ਵੀਰਾਂ ਨੂੰ ਅਗਲੀ ਫਸਲ ਲਈ ਬੀਜ ਬਚਾਉਣ ਜੋਗਾ 'ਝੰਜਟ' ਕਰਨਾ ਪੈਂਦਾ ਸੀ ਪ੍ਰੰਤੂ ਪ੍ਰਭੂ ਜੀ ਨੇ ਇਸਦਾ ਹੱਲ ਵੀ ਸੋਚ ਲਿਆ ਜਾਪਦਾ ਹੈ। ਉਹਨਾਂ ਸਿਰਫ ਇੱਕ ਫਸਲ ਦੇਣ ਵਾਲੇ ਬੀਜਾਂ ਦਾ ਇੰਤਜ਼ਾਮ ਏਸੇ ਲਈ ਹੀ ਕੀਤਾ ਹੈ। ਇਸ ਤੋਂ ਵੀ ਦੋ ਹੱਥ ਅੱਗੇ ਸੋਚਦਿਆਂ ਪ੍ਰਭੂ ਜੀ ਦੀ ਪਲਾਨਿੰਗ ਇਹ ਹੈ ਕਿ ਭਾਰਤ ਨੂੰ ਇਸ ਦੀ 'ਅਸਮਤ ਅਤੇ ਅਜ਼ਮਤ' ਦੀ ਕੀਮਤ ਤੇ ਉੱਗਿਆ ਉਗਾਇਆ ਅਨਾਜ ਦੇ ਦਿੱਤਾ ਜਾਏ ;ਕਿਓਂਕਿ ਅਖ਼ਬਾਰਾਂ ਵਿਚ ਰੋਜ਼ ਪੜ੍ਹਣ ਨੂੰ ਲੱਭਦਾ ਹੈ ਕਿ ਖੇਤੀ ਘਾਟੇਵੰਦਾ ਧੰਦਾ ਬਣ ਕੇ ਰਹਿ ਗਿਆ ਹੈ ਜਿਸ ਕਰਕੇ ਭਾਰਤ ਦੇ ਕਿਸਾਨ ਖੁਦਕੁਸ਼ੀਆਂ ਦੇ ਰਾਹੇ ਪੈ ਗਏ ਨੇ।ਇਹਨਾਂ ਸਭ ਘਟਨਾਵਾਂ ਨੂੰ ਮੁੱਖ ਰੱਖਦਿਆਂ ਪ੍ਰਭੂ ਜੀ ਨੇ ਆਪਣਾ ਵਰਦਾਨ 'ਐੱਸ ਈ ਜ਼ੈਡ' ਭਾਰਤ ਲਈ ਵੀ ਘੱਲਿਆ ਹੈ ਕਿ ਖੇਤੀ ਯੋਗ ਜ਼ਮੀਨ 'ਸਾਂਭਣ ਦੀ ਸਿਰਦਰਦੀ' ਵੀ ਪ੍ਰਭੂ ਜੀ ਹੀ ਸਾਂਭ ਲੈਣ , ਸੋ ਇਹ ਉਪਜਾਊ ਜ਼ਮੀਨ ਪ੍ਰਭੂ ਜੀ ਦੀ ਸੇਜ (ਐੱਸ ਈ ਜ਼ੈਡ') ਲਈ ਪ੍ਰਭੂ ਜੀ ਨੂੰ ਦੇ ਦਿੱਤੀ ਜਾਵੇ ਅਤੇ ਨਿਸ਼ਚਿੰਤ ਹੋ ਕੇ ਪ੍ਰਭੂ ਜੀ ਪਾਸੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਕੀਮਤ ਤੇ ਉੱਗੀਆਂ ਉਗਾਈਆਂ ਫਸਲਾਂ ,ਦੂਣੇ-ਤੀਣੇ ਮੁੱਲ ਦੇ ਨਾਲ 'ਦੇਸ਼ ਦੀ ਏਕਤਾ/ ਅਖੰਡਤਾ ਝੂੰਗੇ 'ਚ' ਦੇ ਕੇ ਲੈ ਲਈਆਂ ਜਾਣ...

ਹੋਈ ਨਾ ਪਰਮ ਦਿਆਲਤਾ?!

ਪ੍ਰਭੂ ਜੀ ਨੂੰ ਪਟਰੋਲ ਦੀ ਮਹਿਕ ਬੜੀ ਮਨਮੋਹਣੀ ਲੱਗਦੀ ਹੈ। ਸੋ ਇਹਨਾਂ ਦੀ ਮਿਹਰ ਇਰਾਕ ਤੇ ਤਾਂ ਹੋ ਚੁੱਕੀ ਹੈ ਹੁਣ ਇਹਨਾਂ ਨੇ ਈਰਾਨ ਵੱਲ ਦ੍ਰਿਸ਼ਟੀ ਕੀਤੀ ਹੈ।

ਮੇਰਾ ਭਾਰਤ ਮਹਾਨ ਤਾਂ ਹੈ ਹੀ ਤਿਆਗੀ ਅਤੇ ਪ੍ਰਭੂ ਭਗਤ। ਮਾਇਆ ਦਾ ਮੋਹ ਕਰਨਾ ਤਾਂ ਸਾਡੇ 'ਦਰਸ਼ਨ' ਨੇ ਸਾਨੂੰ ਸਿਖਾਇਆ ਹੀ ਨਹੀਂ ਇਸ ਗੱਲ ਦਾ ਪ੍ਰਭੂ ਜੀ ਨੂੰ ਵੀ ਪਤਾ ਹੈ ਤਾਂ ਹੀ ਤੇ ਸਾਡੀ ਮਾਇਆ ਦੇ ਹਰ ਰੂਪ ਦੇ ਪਰਨਾਲੇ ਪ੍ਰਭੂ ਜੀ ਨੇ ਆਪਣੇ ਵੱਲ ਨੂੰ ਮੋੜ ਲਏ ਨੇ।

- ਸ਼ਾਇਦ 'ਉਹ' ਸਾਨੂੰ ਹਰ ਕਿਸਮ ਦੀ ਮਾਇਆ ਤੋਂ ਮੁਕਤ ਕਰਨ ਦੀ ਕਮਰ ਕੱਸੀ ਬੈਠੇ ਨੇ।

- ਸਾਡਾ ਪੂਰਾ ਮੁਲਕ ਉਹਨਾਂ ਦੀ 'ਅਮਰਵੇਲ' ਜਿਹੀ ਸੀਤਲ-ਛਾਂ ਹੇਠ ਮਹਿਫੂਜ਼ ਹੈ।

ਦੁਨੀਆ ਭਰ ਦੀਆਂ ਆਫਤਾਂ ਇਹਨਾਂ ਤੋਂ ਆਰੰਭ ਹੋ ਕੇ ਇਹਨਾਂ ਵਿਚ ਹੀ ਲੀਨ ਹੋ ਜਾਂਦੀਆਂ ਨੇ। ਆਫਤਾਂ ਦਾ ਆਦਿ ਵੀ ਇਹ ਹੀ ਨੇ ਅਤੇ ਅੰਤ (ਜੇ ਇਹ ਚਾਹੁਣ ਤਾਂ) ਵੀ ਇਹ ਹੀ ਨੇ।

ਪ੍ਰਭੂ ਜੀ ਤਾਂ ਹਰ ਹੀਲੇ ਕਿਸੇ ਵੀ ਮੁਲਕ ਤੋਂ ਆਪਣੀ ਗੱਲ ਮਨਵਾ ਸਕਦੇ ਨੇ ਪਰ ਕੋਈ ਪ੍ਰਭੂ ਜੀ ਤੋਂ ਕੋਈ ਗੱਲ ਮਨਵਾ ਸਕੇ? ਕਿਓ ਮਜ਼ਾਕ ਕਰਦੇ ਹੋ?!

ਵੀਅਤਨਾਮ ,ਜਪਾਨ ,ਇਰਾਕ ਨੂੰ ਬੰਬ-ਪ੍ਰਸ਼ਾਦ ਦੇਣ ਵਾਲੇ ਪ੍ਰਭੂ ਜੀ ਨੇ ਭਾਰਤ

ਤੇ ਪੂਰੀ ਦਿਆਲਤਾ ਵਿਖਾਈ ਹੋਈ ਹੈ।

ਭਾਰਤ ਦੇ ਦਿਮਾਗਾਂ ਨੂੰ (ਔਨੇ-ਪੌਣੇ ਮੁੱਲ ਤੇ ਹੀ ਸਹੀ) ਖਰੀਦਣ, ਭਾਰਤ ਦੇ ਕੁਦਰਤੀ ਸਾਧਨਾਂ ਨੂੰ ਮਾਇਕ ਪਰਨਾਲਾ ਦਿਲਵਾਉਣ ਵਾਲੇ ਪ੍ਰਭੂ ਜੀ ਦੀ ਮਹਿਮਾ ਕਥੀ ਨਹੀਂ ਜਾ ਸਕਦੀ।

ਜਦ ਤੱਕ ਭਾਰਤ ਦੇ ਲੀਡਰ ਐਹੋ ਜਿਹੇ (!) ਰਹਿਣਗੇ ਭਾਰਤ ਦਾ 'ਉਧਾਰ' ਤੋਰਣ ਲਈ ਪ੍ਰਭੂ ਜੀ ਨੂੰ ਰੂਪ, ਅਕਾਰ ,ਨਾਮ ਬਦਲ ਬਦਲ ਕੇ ਭਾਰਤ ਵਿਚ ਡੇਰੇ ਲਾਈ ਰੱਖਣੇ ਪੈਣਗੇ।

ਲੱਗਦੀ ਵਾਹ ਭਾਰਤ ਦੇ ਜਲ ,ਥਲ ,ਨਭ ਅਤੇ ਮਾਨਸਿਕਤਾ ਉੱਪਰ ਆਪਣਾ ਪ੍ਰਭਾਵ ਹੋਰ ਡੂੰਘਾ ਕਰਨ ਲਈ ਭਾਰਤ ਦੀ ਸੰਸਦ, ਭਾਰਤ ਦੇ ਪ੍ਰਚਾਰ ਸਾਧਨ ਭਾਰਤ ਦੇ ਵਿਚਾਰਕਾਂ ਤੱਕ ਨੂੰ ਕਿਸੇ ਵੀ ਕੀਮਤ ਤੇ ਆਪਣੀ ਪਵਿੱਤਰ (ਅੰਬਰ ਵੇਲ) ਜਿਹੀ ਛਾਂ ਹੇਠ ਹੀ ਆਨੰਦ ਦੀ ਅਨੰਤ ਲਹਿਰ ਵਿਚ ਆਨੰਦ ਦੇਣ ਲਈ ਪ੍ਰਭੂ ਜੀ ਦੀ ਅਨੰਤ ਕ੍ਰਿਪਾ ਵਰਸਦੀ ਹੀ ਰਹੇਗੀ।

*

# ਰੋੜ੍ਹ ਸਕੋ ਤਾਂ ਰੋੜ੍ਹ ਲਵੋ ਪਾਣੀ

ਵੈਸੇ ਤਾਂ ਇੱਕ ਅਣਐਲਾਨਿਆਂ ਖੇਡ ਮੁੱਦਤਾਂ ਤੋਂ ਹੀ ਸਾਡੇ ਭਾਰਤ ਭੌਂ ਤੇ ਬੜੇ ਹੀ ਚਾਅ ਨਾਲ ਖੇਡਿਆ ਜਾ ਰਿਹਾ ਹੈ ਤੇ ਓਹ ਖੇਡ ਹੈ ਪਾਣੀ ਨੂੰ ਅਜਾਈਂ ਰੋੜ੍ਹਣ ਦਾ। ਜਿਸ ਨੂੰ ਵੇਖੋ ਉਹ ਪੂਰੀ ਤਨਦੇਹੀ ਨਾਲ ਏਸ ਖੇਡ ਵਿਚ ਭਾਗ ਲੈ ਰਿਹਾ ਹੈ।

ਏਦਾਂ ਲੱਗਦਾ ਹੈ ਕਿ ਜਿਵੇਂ ਹੋੜ ਲੱਗੀ ਹੋਵੇ ਕਿ ਵੱਧ ਪਾਣੀ ਕੌਣ ਬਰਬਾਦ ਕਰਦਾ ਹੈ। ਕਿਧਰੇ ਮੱਝ, ਕਿਧਰੇ ਮਾਰੂਤੀ ਪਰ ਪਾਣੀ ਬਰਬਾਦ ਕਰਨ ਵੇਲੇ ਦੋਵੇਂ ਇੱਕੋ ਕਤਾਰ ਵਿਚ ਦਿੱਸਦੇ ਨੇ।ਮੱਝ ਵਾਲਾ ਮੱਝ ਨੁਹਾਉਣ ਲੱਗਿਆਂ ਤੇ ਮਾਰੂਤੀ ਵਾਲਾ ਮਾਰੂਤੀ ਨੁਹਾਉਣ ਲੱਗਿਆਂ, ਦੋਹਵੇਂ ਜੀ ਜਾਨ ਨਾਲ ਪਾਣੀ ਬਰਬਾਦ ਕਰਨ ਦਾ ਪਵਿੱਤਰ ਖੇਡ ਖੇਡਦੇ ਹਨ।

ਤੇ ਜੇ ਕਿਧਰੇ ਕਿਸੇ ਕੋਲ ਨਾ ਮੱਝ ਹੈ ਨਾ ਮਾਰੂਤੀ ਉਹ ਵੀ ਇਸ ਖੇਡ 'ਚੋਂ ਪੱਛੜਦਾ ਥੋੜੈ !ਉਹ ਲੱਗਦੀ ਵਾਹ ਧਰਤੀ ਮਾਤਾ ਤੇ ਪਾਣੀ ਛਿੜਕ ਛਿੜਕ ਕੇ ਹੀ ਪਾਣੀ ਗਵਾਉਣ ਦੇ ਕੌਮੀ ਖੇਡ ਵਿਚ ਆਪਣਾ ਯੋਗਦਾਨ ਪਾਈ ਜਾਂਦੈ।

ਇਹ ਦੇਸ਼ ਮਹਾਨ ਦੇਸ਼ ਹੈ ਏਥੇ ਅਤਿਥੀ ਜਾਂ ਬਾਹਰੋਂ ਆਉਣ ਵਾਲੇ ਨੂੰ ਸਿਰ ਅੱਖਾਂ ਤੇ ਬਿਠਾਉਣ ਦਾ ਰਿਵਾਜ ਰਿਹਾ ਹੈ ਅਗਲਾ ਬੇਸ਼ੱਕ ਬਾਅਦ ਵਿਚ ਗਲੇ ਗਲਾਵਾਂ ਪਾ ਲਵੇ ।ਸਾਡੀ ਸਰਕਾਰ ਨੇ ਵੀ ਇਹ ਧਰਮ ਖੂਬ ਨਿਭਾਇਆ।ਸਾਡੇ 'ਪਾਣੀ-ਉਜਾੜੋ' ਦੇ 'ਰਾਸ਼ਟਰੀ ਕਾਰਜ ਕਰਮ' ਨੂੰ ਹੋਰ ਤੇਜ਼ ਗਤੀ ਨਾਲ ਚਲਾਉਣ ਲਈ ਬਹੁਦੇਸ਼ੀ ਕੰਪਨੀਆਂ ਨੂੰ ਖੁੱਲ੍ਹੇ ਖੁੱਲ੍ਹੇ ਗੱਫੇ ਦਿੱਤੇ ਜੇ, ਬਈ ਆਓ ਤੇ ਸਾਡਾ 'ਪਾਣੀ ਬਰਬਾਦ ਕਰੋ ਮੁਕਾਬਲਾ' ਵੇਖੋ ਵੀ ਤੇ ਇਸ ਵਿੱਚ ਆਪਣਾ ਯੋਗਦਾਨ ਵੀ ਕਰੋ। ਜ਼ਹਿਰਾਂ ਦੇ ਵਪਾਰੀ ਏਧਰ ਆ ਕੇ ਦੁੱਗਣੇ ਚੌਗਣੇ ਜੋਸ਼ ਨਾਲ 'ਪਾਣੀ ਬਰਬਾਦ ਕਰੋ' ਦੀ ਕੌਮੀ ਖੇਡ ਵਿਚ ਸਰਕਾਰ ਦਾ ਯੋਗਦਾਨ ਪਵਾਉਂਦੇ ਰਹੇ। ਪਾਣੀ ਬਰਬਾਦ ਕਰੋ ਦੇ ਨਾਲ ਨਾਲ ਉਹਨਾਂ ਇਸ ਖੇਡ ਵਿਚ ਇੱਕ ਈਵੈਂਟ ਹੋਰ ਜੋੜੀ 'ਪਾਣੀਆਂ ਨੂੰ ਜ਼ਹਿਰੀਲਾ ਬਣਾਓ'।ਉਹਨਾਂ ਬੜਾ ਅਹਿਸਾਨ ਕੀਤਾ!ਜਿਹੜਾ ਉਹ ਆਪਣੇ ਮੁਲਕੋਂ ਨਕਾਰੀਆਂ ਦਵਾਈਆਂ ,ਜ਼ਹਿਰਾਂ ਤੇ ਹੋਰ ਖੇਹ-ਸਵਾਹ ਸੋਹਣੇ ਪੈਕਟਾਂ ਵਿਚ ਲਿਆ ਸਾਨੂੰ ਪ੍ਰੇਰਤ ਕਰਕੇ ਸਾਡੇ ਪਾਣੀਆਂ ਵਿਚ ਸਾਡੇ ਹੱਥੋਂ ਹੀ ਰਲਵਾਉਂਦੇ ਰਹੇ।

ਸਾਡੇ 'ਕੌਡੀਆਂ ਤੋਂ ਹੌਲੇ-ਮਹਾਨ ਨੇਤਾਵਾਂ' ਦੀ ਮਿਹਰਬਾਨੀ ਕਿ ਵਰੁਣ ਨੂੰ ਜਲ ਦੇਵਤਾ ਕਰਕੇ ਪੂਜਣ ਵਾਲੇ ਸਾਡੇ ਮੁਲਕ ਵਿਚ ਇਹਨਾਂ ਨੇਤਾਵਾਂ ਲਈ ਹੜ੍ਹ ਤੇ ਸੋਕਾ ਵੀ ਇਕ ਉਦਯੋਗ ਬਣ ਗਿਆ ਹੈ। ਇਹਨਾਂ ਨੇਤਾਵਾਂ ਦੀ ਦੇਣ ਤਾਂ ਪੂਰਾ ਮੁਲਕ ਨਹੀਂ ਦੇ ਸਕਦਾ ਜਿਹੜੇ ਸਾਡੀਆਂ ਦੇਸੀ ਅੱਖਾਂ ਵਿਚ ਘੱਟਾ ਵੀ 'ਵਿਦੇਸ਼ੀ' ਹੀ ਪਾਉਂਦੇ ਹਨ। ਇਹ ਸਾਡੇ ਕੌਮੀ ਖੇਡ 'ਪਾਣੀ ਅਤੇ ਹੋਰ ਕੁਦਰਤੀ ਸਾਧਨ ਉਜਾੜੋ' ਦੇ ਸਰਪਰਸਤ ਹਨ।

ਜਿਵੇਂ ਖੇਡ ਖੇਡਣ ਵਾਲੇ ਖਿਡਾਰੀਆਂ ਨਾਲੋਂ ਸਰਪਰਸਤ ਦੇ ਹਿੱਸੇ ਵੱਡੀ ਸ਼ੀਲਡ ਆਉਂਦੀ ਹੈ ਉਵੇਂ ਹੀ ਸਾਡੇ ਕੌਮੀ ਖੇਡ 'ਪਾਣੀ ਅਤੇ ਹੋਰ ਕੁਦਰਤੀ ਸਾਧਨ ਉਜਾੜੋ' ਦੇ ਸਰਪਰਸਤਾਂ ਨੂੰ ਵੀ 'ਵੱਢੀ -ਸ਼ੀਲਡ' ਲੱਭਦੀ ਹੈ।

ਵਿਚਾਰੇ ਏਸੇ ਸ਼ੀਲਡ ਦੇ ਕਰਕੇ ਦਿਨ-ਰਾਤ ਇੱਕ ਕਰਕੇ ਸੋਚਦੇ ਰਹਿੰਦੇ ਨੇ ਕਿ ਕਿਹੜਾ ਘਪਲਾ ਕਿਵੇਂ ਕਰੀਏ ਕਿ 'ਵੱਢੀ-ਸ਼ੀਲਡ' ਮਿਲਦੀ ਰਹੇ।

ਕਦੇ ਇਹ ਸੜਕਾਂ ਚੌੜੀਆਂ ਕਰਵਾਉਣ ਤੁਰ ਪੈਂਦੇ ਹਨ। ਸੜਕਾਂ ਚੌੜੀਆਂ ਹੋ ਗਈਆਂ, ਸੜਕਾਂ ਤੇ ਚੱਲਣ ਵਾਲੀਆਂ ਗੱਡੀਆਂ ਤੇ ਜਜ਼ੀਆ (ਟੋਲ-ਟੈਕਸ) ਲੱਗ ਗਿਆ ਇਹ ਤਾਂ ਸਭ ਨੇ ਵੇਖ ਲਿਆ ਪਰ ਪੁਰਾਣੀ ਸੜਕ ਦੇ ਦੋਹਵੇਂ ਪਾਸੇ ਖੜ੍ਹੇ ਮਹਿੰਗੇ ਭਾਅ ਦੇ ਰੁੱਖ ਕਿੱਧਰ ਨੂੰ ਮਟਰ-ਗਸ਼ਤੀ ਕਰਨ ਨਿਕਲ ਪਏ!? ਕਿਸੇ ਨਹੀਂ ਪੁੱਛਿਆ ਕਿਸੇ ਨਹੀਂ ਦੱਸਿਆ।

ਬੜੇ ਮਹਾਨ ਖਿਡਾਰੀ ਹਨ ਸਾਡੇ ਮੁਲਕ ਦੇ ਨੇਤਾ।

ਹੁਣ ਮਿਹਰ ਪਈ ਕਿ ਸਾਰਾ ਪਾਣੀ ਤਾਂ ਅਸੀਂ ਗੰਦਾ ਕਰ ਲਿਆ ਹੁਣ ਹੋਰ ਗੰਦਾ ਕਿਵੇਂ ਕਰਾਂਗੇ!?' ਤਾਂ ਫਿਰ 'ਵੱਢੀ-ਸ਼ੀਲਡ' ਲੈਣ ਦੀਆਂ ਕੁਤਕੁਤੀਆਂ ਹੋਣ ਲੱਗ ਪਈਆਂ। ਹੁਣ ਫੇਰ ਨਾਲ ਦੀ ਨਾਲ ਫੈਸਲੇ ਹੋ ਗਏ, ਬਈ ਨਵੀਂ ਖੇਡ ਅਰੰਭੋ ਪਾਣੀ ਸਾਫ ਕਰਨ ਦੀ। ਚਾਰ ਪੈਸੇ ਸਾਡੇ ਤੇ ਹਜ਼ਾਰਾਂ ਕਰੋੜ ਡਾਲਰ 'ਸਾਡਿਆਂ' ਦੇ; 'ਵੱਢੀ-ਸ਼ੀਲਡ' ਮਿਲੂ ਸੋ ਵੱਖ।

ਹੁਣ ਬਾਕੀ ਦੇਸ਼ ਦੇ 'ਪਾਣੀ ਅਤੇ ਕੁਦਰਤੀ ਸਾਧਨ ਉਜਾੜੂ' ਖਿਡਾਰੀਆਂ ਨੂੰ ਚੇਤਾਵਨੀ ਜਿਹੀ ਸਮਝੀ ਜਾਵੇ ਕਿ ਹੁਣ ਇਹ ਖੇਡ ਆਖਰੀ ਸਾਹਵਾਂ ਤੇ ਹੈ ।'ਵੱਡੀ-ਸ਼ੀਲਡ' ਲੈਣੀ ਚਾਹੁਣ ਵਾਲੇ ਖਿਡਾਰੀਆਂ ਦਾ ਟਾਕਰਾ 'ਵੱਢੀ-ਸ਼ੀਲਡ' ਦੇ ਚਾਹਵਾਨਾਂ ਨਾਲ ਜਾਰੀ ਹੈ। ਵੇਖੋ ਕਿਹੜਾ ਹਿੰਮਤ ਕਰਦੈ।

ਜਵਾਨੋ ਸਾਥੀਓ! ਸ਼ੇਰ ਬਣੋ, ਦਲੇਰ ਬਣੋ! ਰੱਜ ਰੱਜ ਪਾਣੀ ਗਵਾਓ, ਕੁਦਰਤੀ ਸਾਧਨਾਂ ਦਾ ਘਾਣ ਕਰੋ ਆਪਣੇ ਵਿਹੜੇ ਤਾਂ ਕੀ ਆਂਢ ਗੁਆਂਢ ਕੋਈ ਬੂਟਾ ਕੋਈ ਬਿਰਖ ਅਜਿਹਾ ਨਾ ਬਚੇ ਜਿਹੜਾ ਠੰਡੀ ਛਾਂ ਦੇਣ ਯੋਗ ਹੋਵੇ ਤੇ ਹਵਾ ਸਾਫ ਕਰਨ ਯੋਗ ਹੋਵੇ। ਜਿਹੜੀ ਰਫਤਾਰ ਨਾਲ ਬਦੇਸ਼ੀ ਲੋਕ 'ਭਾਰਤ ਦੇ ਆਪਣੇ ਨੀਤੀ ਘਾੜਿਆਂ' ਦੇ ਦਿਮਾਗਾਂ ਤੇ, ਸਿੱਖਿਆ ਤੇ, ਪਰਚੂਨ ਦੁਕਾਨਦਾਰੀ ਤੇ, ਭਾਰਤ ਦੀ ਮਾਰਕੀਟ ਤੇ ਕਾਬਿਜ ਹੋ ਰਹੇ ਹਨ ਇੱਕ ਦਿਨ ਸਾਡੇ ਪਾਣੀਆਂ ਤੇ ਵੀ ਕਾਬਿਜ਼ ਹੋ ਜਾਵਣ, ਇਸ ਤੋਂ ਪਹਿਲਾਂ ਕਿ ਤੁਹਾਨੂੰ ਪਾਣੀ ਪੀਣ ਲਈ ਲੱਭਣਾ ਵੀ ਔਖਾ ਤੇ ਮਹਿੰਗਾ ਹੋ ਜਾਵੇ; ਪੂਰੀ ਮਿਹਨਤ ਨਾਲ ,ਲਗਨ ਨਾਲ, ਤਨਦੇਹੀ ਨਾਲ ਮੱਝਾਂ/ਮਰੂਤੀਆਂ ਨੁਹਾਓ ,ਧਰਤੀ ਮਾਤਾ ਨੂੰ ਪਾਣੀ ਛਿੜਕ ਛਿੜਕ ਕੇ ਤਰਬਤਰ ਕਰ ਦਿਓ। ਇੱਕ ਬਾਲਟੀ ਦੀ ਥਾਂ ਤੇ ਟੱਬਾਂ ਨਾਲ ਕਲੋਲਾਂ ਕਰਦਿਆਂ ਨਹਾਓ,ਟੁੱਲੂ ਪੰਪ ਚਲਾ ਕੇ ਸੌਂ ਜਾਇਆ ਕਰੋ ਕਿ ਟੈਂਕੀ ਭਰੇ ਤੇ ਫਿਰ ਪਾਣੀ ਬੁੱਘੀਆਂ ਪਾਉਂਦਾ ਨਾਲੀਆਂ ਦਾ ਸ਼ਿੰਗਾਰ ਬਣਦਾ ਰਹੇ ,ਚਲਦਾ ਰਹੇ। ਟੂਟੀਆਂ ਲੁਹਾ ਦਿੱਤੀਆਂ ਜਾਣ ਤਾਂ ਜੋ ਬੰਦ ਕਰਨ ਦੀ ਲੋੜ ਹੀ ਨਾ ਰਹੇ।

ਵਿਦੇਸ਼ੀ ਸਲਾਹ ਕਾਰਾਂ ਦੀ ਸਲਾਹ ਨੂੰ ਮੰਨ ਕੇ ਅੰਨ ਦੀ ਥਾਵੇਂ ਗੁਲਾਬ ਉਗਾਓ, ਜੋ ਝੋਨੇ

ਨਾਲੋਂ ਵੀ ਕਈ ਗੁਣਾ ਵੱਧ ਪਾਣੀ ਤੇ ਖੇਹ-ਸਵਾਹ ਮੰਗਦਾ ਹੈ। ਏਦਾਂ ਕਰਨ ਨਾਲ ਤਿੰਨ ਲਾਭ ਹੋਣਗੇ; ਇੱਕ, ਆਗਿਆਕਾਰ ਕਰਾਵਾਂਗੇ; ਦੂਜਾ ,ਪਾਣੀ ਵੱਧ ਗਵਾਵਾਂਗੇ; 'ਉਹ' ਗੁਲਾਬ ਦੀਆਂ ਫਸਲਾਂ ਲੈ ਲੈ ਕੇ ਸਾਡੀ ਆਪਣੀ ਜ਼ਮੀਨ ਬੰਜਰ ਕਰ ਲੈਣ ਦਾ ਲਾਹਾ ਲੈ ਸਕਣਗੇ ਸੋ ਲਾਹੇ ਦਾ।

ਆਓ ਕਿ ਵੱਧ ਤੋਂ ਵੱਧ ਪਾਣੀ ਉਜਾੜਣ ਲਈ ਲੱਕ ਬੰਨ੍ਹੀਏ ਤੇ ਅੱਖਾਂ ਕੰਨ ਬੰਦ ਕਰਕੇ ਪੂਰੀ ਪੂਰੀ ਬੇਸਮਝੀ ਨਾਲ ਆਪਣੀ ਆਉਣ ਵਾਲੀਆਂ ਨਸਲਾਂ ਲਈ 'ਇੰਪੋਰਟਿਡ ਫਾਹੇ' ਦਾ ਇੰਤਜ਼ਾਮ ਕਰਕੇ ਜਾਈਏ।

-ਅੱਜ ਹੀ ਰੋੜ੍ਹ ਲਈਏ, ਖਰਾਬ ਕਰ ਲਈਏ ਸਾਰਾ ਪਾਣੀ।ਕੀ ਪਤਾ ਕੱਲ ਆਪਣੇ ਕੋਲ ਸਿਰਫ; 'ਚੱਪਣੀ' ਹੀ ਬਚੇ...

...?!!

*

# ਇੱਕ ਉਮਰੋਂ ਲੰਮੀ ਬਾਤ

ਮੈਂ ਕੋਈ ਦਾਅਵਾ ਨਹੀਂ ਕਰਦਾ ਕਿ ਮੈਨੂੰ ਲਿਖਣਾ ਆਉਂਦਾ ਹੈ, ਆਲੋਚਕ ਵੀ ਮੈਂ ਨਹੀਂ ਹਾਂ।ਤੁਸੀਂ ਸੋਚੋਗੇ ਕਿ ਜੇ ਮੈਨੂੰ ਲਿਖਣਾ ਵੀ ਨਹੀਂ ਆਉਂਦਾ ਤੇ ਮੈਂ ਆਲੋਚਕ ਵੀ ਨਹੀਂ ਹਾਂ ਤਾਂ ਫਿਰ ਮੈਂ ਆਪ ਜੀ ਨੂੰ ਸੰਬੋਧਿਤ ਕਿਓਂ ਹੋਇਆ ਹਾਂ।ਪੜ੍ਹਦੀਆਂ ਅੱਖਾਂ ਹੈਰਤ ਭਰਪੂਰ ਪ੍ਰਸ਼ਨ ਚਿੰਨ੍ਹ ਦੇ ਨਾਲ ਹਥਲਾ ਸਫਾ ਵਾਚ ਰਹੀਆਂ ਹਨ ਓਹਨਾਂ ਦੀ ਉਤਸੁਕਤਾ ਦੇ ਉੱਤਰ ਵਿੱਚ ਮੈਂ ਏਨਾ ਕਹਿ ਦੇਵਾਂ ਕਿ ਮੈਂ ਵੀ ਓਹਨਾਂ ਵਾਂਗਰ ਇੱਕ ਆਮ ਆਦਮੀ ਹਾਂ।ਜਿਹੜੀਆਂ ਤਕਲੀਫਾਂ ਓਹਨਾਂ ਨੂੰ ਸੌਣ ਨਹੀਂ ਦੇਂਦੀਆਂ ਓਹਨਾਂ ਤਕਲੀਫਾਂ ਨਾਲ ਮੈਨੂੰ ਵੀ ਅਵਾਜ਼ਾਰੀ ਹੁੰਦੀ ਹੈ। ਜਿਹੜੇ ਮੱਛਰ ਬਿਜਲੀ ਕੱਟ ਵੇਲੇ ਓਹਨਾ ਨੂੰ ਨਹੀਂ ਸੌਣ ਦੇਂਦੇ ਹੋਣਗੇ ਓਹੀ ਮੱਛਰ ਮੈਨੂੰ ਵੀ ਪਰੇਸ਼ਾਨ ਕਰਦੇ ਹਨ।ਆਏ ਦਿਨ ਵਧਦੇ ਪਟਰੌਲ ਦੇ ਭਾਅ ,ਬਿਜਲੀ ਦੇ ਰੇਟ ਮੇਰੇ ਵੀ ਘਰ ਦਾ ਬਜਟ ਡਾਵਾਂ-ਡੋਲ ਕਰਦੇ ਹਨ। ਬੱਸਾਂ ਵਿੱਚ ਵਧਦੀ ਭੀੜ ਮੈਨੂੰ ਵੀ ਸੋਚੀਂ ਪਾਉਂਦੀ ਹੈ।ਸਿਸਟਮ ਵਿੱਚ ਆਇਆ ਵਿਗਾੜ ਤੇ ਨਿਘਾਰ ਮੇਰੀਆਂ ਰਾਤਾਂ ਦੀ ਨੀਂਦ ਨੂੰ ਵੀ ਖਾਈ ਜਾਂਦਾ ਹੈ। ਮੈਂ ਆਮ ਆਦਮੀ ਹਾਂ...

ਪਰ ,ਰਤਾ ਠਹਿਰੋ!

ਕੀ ਮੈਂ ਵੀ ਤੁਹਾਡੇ ਵਾਂਗਰ ਆਮ ਆਦਮੀ ਹਾਂ?
ਕੀ ਤੁਸੀਂ ਆਮ ਆਦਮੀ ਹੋ?
ਕੀ ਆਪਾਂ ਆਮ ਆਦਮੀ ਹਾਂ?!

-ਆਪਾਂ, ਜੋ ਬੱਚੇ ਦਾ ਹੱਥ ਫੜ ਕੇ ਬੱਚੇ ਨੂੰ ਲਿਖਣਾ ਸਿਖਾਉਂਦੇ ਅਧਿਆਪਕ ਹਾਂ-ਆਪਾਂ, ਜੋ ਇੱਟ ਅਤੇ ਮਸਾਲੇ ਆਦਿ ਨੂੰ ਤਰਤੀਬ ਨਾਲ ਇਸਤੇਮਾਲ ਕਰ ਕੇ ਘਰ ਉਸਾਰਦੇ ਉਸਰੱਈਏ ਰਾਜ ਹਾਂ ਮਜਦੂਰ ਹਾਂ-ਆਪਾਂ ,ਜੋ ਮਿੱਟੀ ਨਾਲ ਮਿੱਟੀ ਹੋ ਕੇ ਧਰਤੀ ਦਾ ਸੀਨਾ ਚੀਰ ਕੇ ਫਸਲ ਉਗਾਉਣ ਵਾਲੇ ਕਿਰਸਾਨ ਹਾਂ, -ਆਪਾਂ ਜੋ ਹੱਟੀ ਭੱਠੀ ਸੌਦਾ ਵੇਚਦੇ ਨਿੱਕੇ ਦੁਕਾਨਦਾਰ ਹਾਂ।-ਆਪਾਂ, ਜੋ ਘਰ ਗ੍ਰਹਿਸਥੀ ਸੰਭਾਲਦੀਆਂ ਧੀਆਂ, ਭੈਣਾਂ, ਮਾਵਾਂ ਹਾਂ-ਕੀ ਆਪਾਂ ਆਮ ਹਾਂ?!

ਇਹ ਮੱਕਾਰ ਕਿਸਮ ਦੇ ਨੇਤਾ ਜਦ ਜਦ ਵੀ ਜਾਤ/ਧਰਮ/ਭਾਸ਼ਾ ਦੇ ਨਾਂ ਤੇ ਦੰਗੇ ਭੜਕਾਉਂਦੇ ਨੇ ਤਾਂ ਆਪਾਂ ਹੀ ਰਗੜੇ ਜਾਂਦੇ ਹਾਂ।ਹੜਤਾਲਾਂ ਮੁਜ਼ਾਹਰਿਆਂ ਵੇਲੇ ਆਪਣੀਆਂ ਦਿਹਾੜੀਆਂ ਹੀ ਟੁੱਟਦੀਆਂ ਹਨ।ਆਪਾਂ ਨੂੰ ਹੀ ਪਰੇਸ਼ਾਨੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਰਕਾਰ ਜਿਹੜੇ ਟੈਕਸ ਲਗਾਉਂਦੀ ਹੈ, ਬਿੱਲ ਵਧਾਉਂਦੀ ਹੈ ਓਹਦਾ ਭਾਰ ਵੀ

ਸਿਰਫ ਆਪਾਂ ਨੂੰ ਹੀ ਜਰਨਾ ਪੈਂਦਾ ਹੈ।ਕਿਉਂਕਿ ਆਪਾਂ ਆਦਮੀ ਹਾਂ ,ਆਪਾਂ ਨੂੰ ਆਮ ਆਦਮੀ ਆਖਿਆ ਮੰਨਿਆ ਜਾਂਦਾ ਹੈ।ਕੀ ਆਪਾਂ ਆਮ ਆਦਮੀ ਹਾਂ!?ਵਿਧਾਨ ਸਭਾ ਦੀਆਂ ਚੋਣਾਂ ਵੇਲੇ ਵਿਰੋਧੀ ਬਣ ਕੇ ਖੜ੍ਹੇ ਨੇਤਾ ਲੋਕ ਆਪਾਂ ਨੂੰ ਚਰੂੰਡਣ ਵੇਲੇ ਇੱਕ ਮੱਤ ਦਿਸਦੇ ਨੇ।ਪੱਛੜਿਆਂ ਦਾ ਪਛੜੇਵਾਂ ਦੂਰ ਕਰਦਿਆਂ ਕਰਦਿਆਂ ਓਹ ਆਪਣੇ ਪਛੜੇਵੇਂ ਦਾ ਇਲਾਜ ਕਰ ਜਾਂਦੇ ਹਨ ਫਿਰ ਵੀ ਪੱਛੜੇ ਹੀ ਸਦਵਾਉਂਦੇ ਨੇ ਸਾਡੇ ਸਿਰਾਂ ਨਾਲ ਸ਼ਤਰੰਜ ਖੇਡਦੇ ਨੇ।ਕੋਈ, ਟਿੱਬੇ-ਟੋਏ ਇਕਸਾਰ ਕਰਨ ਦਾ ਨਾਹਰਾ ਦੇ ਕੇ ਆਪਣੇ ਭਾਵਾਂ ਨਾਲ ਖੇਡ ਜਾਂਦਾ ਹੈ। ਸਾਨੂੰ ਖਾਣ ਲਈ 'ਸੱਜੇ' 'ਖੱਬੇ' ਦਾ ਕੋਈ ਭਿੰਨ ਭੇਦ ਨਹੀਂ ਰਹਿੰਦਾ ਪਰ ਸਾਨੂੰ ਭਿੰਨ-ਭੇਦ ਦਰਸਾਇਆ ਜਾਂਦਾ ਹੈ। ਓਹ ਸਮਝਦੇ ਹਨ ਕਿ ਇਹ ਤਾਂ ਆਮ ਆਦਮੀ ਹਨ

-ਕੀ ਆਪਾਂ ਆਮ ਆਦਮੀ ਹਾਂ?

-'ਓਹ' ਸਾਨੂੰ ਆਮ ਆਦਮੀ ਸਮਝਦੇ ਹਨ। ਓਹ ਸਮਝਦੇ ਹਨ ਕਿ ਅਸੀਂ ਓਹਨਾਂ ਦੇ ਵੰਡਿਆਂ ਵੰਡੇ ਜਾਵਾਂਗੇ, ਓਹਨਾਂ ਦੇ ਭੰਡਿਆਂ ਭੰਡੇ ਜਾਵਾਂਗੇ, ਓਹਨਾਂ ਦੇ ਛੰਡਿਆਂ ਛੰਡੇ ਜਾਵਾਂਗੇ ਅਤੇ ਓਹਨਾਂ ਦੇ ਚੰਡਿਆਂ ਚੰਡੇ ਜਾਵਾਂਗੇ। 'ਓਹ' ਸਮਝਦੇ ਨੇ ਕਿ ਓਹ ਸਾਡੀ ਹੋਣੀ ਦੇ ਮਾਲਿਕ ਹੋ ਸਕਦੇ ਨੇ। ਓਹ ਸਾਡੇ ਕੋਲੋਂ ਜੋ ਚਾਹੁਣ ਓਹੀ ਆਪਣੀਆਂ ਸ਼ਾਤਿਰ ਚਾਲਾਂ ਨਾਲ ਸਾਡੇ ਕੋਲੋਂ ਖੋਹ ਸਕਦੇ ਹਨ।ਓਹ ਸਮਝਦੇ ਹਨ ਕਿ ਸਾਡੇ ਕੋਲ ਸਿਰਫ ਪੈਰ ਨੇ ਹੱਥ ਨੇ ਪਰ 'ਮੱਤ' ਨਹੀਂ ਹੈ। ਓਹ ਸਮਝਦੇ ਨੇ ਕਿ ਖੁਸ਼ੀਆਂ ਤੇ ਖੇੜ੍ਹਿਆਂ ਤੇ ਸਾਡਾ (ਆਮ ਆਦਮੀ ਦਾ) ਕੋਈ ਹੱਕ ਨਹੀਂ।

ਓਹ ਸ਼ਾਇਦ ਨਹੀਂ ਜਾਣਦੇ ਕਿ ਅਸੀਂ ਆਮ ਆਦਮੀ ਕਿੰਨੇ ਕੁ 'ਖਾਸ' ਹਾਂ। ਅਸੀਂ ਤੁਰਦੀ-ਫਿਰਦੀ ਜਿਓਂਦੀ ਜਾਗਦੀ ਆਸ ਹਾਂ ;ਆਪਣੇ ਆਪਣੇ ਪਰਿਵਾਰ ਦਾ ਅਟੁੱਟ ਵਿਸ਼ਵਾਸ ਹਾਂ।ਆਪਣੇ ਸਕੇ ਸਬੰਧੀਆਂ ਦਾ ਧਰਵਾਸ ਹਾਂ।ਆਪਣੇ-ਆਪਣੇ ਵਾੜੇ ਵਿੱਚ ਕੈਦ ਸਾਦਗੀ ਹਾਂ;ਸਿਰਫ ਰੋਟੀ ਲਈ ਹੋ ਰਹੀ ਬੰਦਗੀ ਹਾਂ।ਬੇਸ਼ੱਕ, ਅਸਾਡੀ ਤਾਕਤ ਬੇ-ਪਨਾਹ ਹੈ।ਇਸ ਤਾਕਤ ਨੂੰ ਵਰਤ ਕੇ ਓਹ ਸੱਤਾ ਤੇ ਜਾ ਬਿਰਾਜਦੇ ਨੇ ਫੇਰ ਸਾਨੂੰ ਹੀ ਨਹੀਂ ਪਛਾਣਦੇ। ਆਪਣੀ ਗੱਲਬਾਤ ਵਿੱਚ ਸਾਨੂੰ ਹੀ 'ਬੋਝ' 'ਗੰਦਗੀ' ਨਿਰੀ-ਸਿਰਪੀੜ ਗਰਦਾਨਦੇ ਹਨ।

-ਆਖਿਰ ਕਿਓਂ? ਆਖਰ ਕਿਵੇਂ?

-ਆਖਿਰ ਕਦੋਂ ਤੱਕ ਘਟੇਗੀ ਇਹ ਕਾਲੀ ਬੋਲੀ ਰਾਤ, ਕਦੋਂ ਦੀਪ ਨਾਲ ਦੀਪ ਬਾਲ ਏਨੀ ਕੁ ਰੌਸ਼ਨੀ ਦਾ ਪ੍ਰਬੰਧ ਹੋ ਸਕੇਗਾ ਕਿ ਰਾਤ ਹੀ ਜਾਪੇ ਸੁਨਹਿਰੀ ਪ੍ਰਭਾਤ।
-ਸਾਥੀਓ ਕੀ ਚੱਲੇਗੀ 'ਏਹੀ' 'ਏਦਾਂ ਹੀ' ਉਮਰੋਂ ਲੰਮੀ ਬਾਤ???
-ਕੀ ਚੱਲਦੀ ਰਹੇਗੀ ਉਮਰੋਂ ਲੰਮੀ ਬਾਤ...

✪✪✪

# ਏਸੇ ਪੁਸਤਕ ਵਿੱਚੋਂ

• ਪਿਆਰ, ਸੱਸੀ ਨੇ ਕੀਤਾ, ਲੈਲਾ ਨੇ ਪਾਇਆ, ਹੀਰ ਨੇ ਕਮਾਇਆ, ਸਾਹਿਬਾਂ ਨੇ ਵਰਚਾਇਆ। ਮੀਰਾਂ ਬਾਈ ,ਰਾਧਾ, ਰੁਕਮਣੀ ਸਭ ਨੇ ਕ੍ਰਿਸ਼ਨ ਮੁਰਾਰੀ ਨੂੰ ਆਪਣਾ-ਆਪਣਾ ਪਿਆਰ ਅਰਪਤ ਕੀਤਾ। ਸਭਨਾਂ ਦੇ ਪਿਆਰ ਦੀ ਗੁਣਾਤਮਕ ਸ਼ਕਤੀ ਵੱਖੋਂ ਵੱਖਰੀ ਹੋ ਸਕਦੀ ਹੈ ਪ੍ਰੰਤੂ ਇੱਕ ਗੱਲ ਇਹਨਾਂ ਸਭਨਾਂ ਵਿਚ ਸਾਂਝੀ ਹੈ ਕਿ ਇਹਨਾਂ ਜਦ ਪਿਆਰ ਕੀਤਾ ਤਾਂ ਸਿਰਫ ਪਿਆਰ ਕੀਤਾ। ਇਹਨਾਂ ਅਜਿਹਾ ਪਿਆਰ ਕੀਤਾ ਕਿ ਅਮਰ ਹੋ ਗਏ।

• ਪਗਡੰਡੀ ਅਤੇ ਮੀਲ-ਪੱਥਰਾਂ ਵਾਲੀ ਸ਼ਾਹਰਾਹ ਦਾ ਜਿਤਨਾ ਕੁ ਅੰਤਰ ਹੁੰਦਾ ਹੈ ਸ਼ਾਇਦ ਓਨਾ ਕੁ ਫ਼ਰਕ ਹੀ ਹੁੰਦਾ ਹੈ ਜਿਓਣ ਤੇ ਪਲਣ ਦਾ।

• ਜਦ ਉਦਾਸੀ ਦੀ ਗੱਲ ਚੱਲਦੀ ਹੈ ਤਾਂ ਲੱਗਦਾ ਹੈ ਬੜੀ ਮਾਯੂਸੀ ਦੀ ਗੱਲ ਹੋ ਰਹੀ ਹੈ।

• ਆਪਾਂ ਭਾਰਤੀ ਪਿਛੋਕੜ ਦੀਆਂ ਕੁਝ ਝਲਕਾਂ ਵੇਖ ਕੇ ਹੀ ਏਸ ਬਾਬਤ ਸਿੱਟਾ ਕੱਢ ਸਕਦੇ ਹਾਂ। ਜੈ ਚੰਦ ,ਮੀਰ ਜਾਫਰ ,ਅੰਭੀ ਗਦਾਰ; ਪਰ ਵਿਭੀਸ਼ਣ,ਸੁਗਰੀਵ ਸੇਵਾਦਾਰ/ ਬਰਖੁਦਾਰ/ ਰਾਮ ਭਗਤ ਕਿਉਂ!!

• ਇਨਸਾਨ ਜਾਂ ਹੋਰ ਜੀਵ,ਜੋ ਵੀ ਖੁਰਾਕ ਖਾਂਦੇ ਹਨ ਉਹ ਪਚ ਕੇ ਅਨੇਕ ਪੜਾਅ ਪਾਰ ਕਰਕੇ ਸਰੀਰ ਨੂੰ ਤੰਦਰੁਸਤ ਕਰਦੀ ਹੈ, ਪੁਸ਼ਟ ਕਰਦੀ ਹੈ। ਅਨੇਕ ਪ੍ਰਕਾਰ ਦੇ ਹਾਰਮੋਨਜ਼ ਦੀ ਰਚਨਾ ਸਰੀਰ ਤੰਤਰ ਵਿੱਚ ਆਪਣੇ ਆਪ ਹੁੰਦੀ ਰਹਿੰਦੀ ਹੈ। ਇਹਨਾਂ ਚੋਂ ਹੀ ਕਾਮ ਉਤੇਜਨਾ ਪੈਦਾ ਕਰਨ ਵਾਲੇ ਹਾਰਮੋਨਜ ਵੀ ਸਰੀਰ ਵਿੱਚ ਉਗਮਦੇ ਹਨ।

• ਇਹਨਾਂ ਪਰਜੀਵੀ ਚਿੱਚੜਾਂ ਨੂੰ ਪਰਲੋਕ ਸੁਧਾਰ ਦਾ ਠੇਕਾ ਜਿਵੇਂ ਇਹਨਾਂ ਦੇ ਘੜੇ ਰੱਬ ਦਿੱਤਾ ਹੋਵੇ।

• ਮਿੱਤਰੋ! ਸੇਵਾ ਪਰਚਾਰ ਦਾ ਹਥਿਆਰ ਨਹੀਂ ਹੈ ਨਾ ਹੀ ਹੋਣੀ ਚਾਹੀਦੀ ਹੈ। ਜਿਵੇਂ ਖੁਸ਼ਬੋ, ਰੌਸ਼ਨੀ ਅਤੇ ਖੂਬਸੂਰਤੀ ਨੂੰ ਪਰਚਾਰ ਲਈ ਕਿਸੇ ਠੁੰਮਣੇ ਦੀ ਲੋੜ ਨਹੀਂ ਹੁੰਦੀ ਓਸਦਾ ਪਰਚਾਰ ਪਰਸਾਰ ਨਿਰੰਤਰ ਰਹਿੰਦਾ ਹੈ ਓਸਦੇ ਵੱਲ ਖਿੱਚ ਲਗਾਤਾਰ ਵਧਦੀ ਰਹਿੰਦੀ ਹੈ ।ਜੇ ਸੇਵਾ ਕਰਨੀ ਹੈ ਤਾਂ ਰੰਗ ,ਖੁਸ਼ਬੋ, ਰੌਸ਼ਨੀ ਦੇ ਵਾਂਗ ਕੀਤੀ ਜਾਵੇ।

• ਪਰ ਹੋਣੀ, ਕਿਸਮਤ, ਕੁਝ ਵੀ ਆਖੋ, ਜਦ ਬਿਰਖਾਂ ਚੋਂ ਕੁਰਸੀਆਂ ਅੱਜਕੱਲ ਜਨਮ ਲੈਂਦੀਆਂ। ਤਖ਼ਤਾਂ, ਤਖਤਿਆਂ, ਫਾਹੀਆਂ ਸਿੜ੍ਹੀਆਂ ,ਮੜ੍ਹੀਆਂ ਦੀ ਲੁੱਢੀ ਪੈਂਦੀ।

• ਇਸ 'ਸਾਨੂੰ ਕੀ' ਵਾਲੇ ਅੰਬਰਵੇਲ ਨੇ ਬੁੱਢੇ ਪਿੱਪਲ ਜਿਹੇ ਭਾਰਤ ਦੇਸ਼ ਨੂੰ ਸੁੱਕ-ਮਰੁੰਡ ਕਰ ਦਿੱਤਾ ਹੈ।

• ਕਿਤੇ ਕਿਤੇ ਕਿਸੇ ਕਿਸੇ ਪਰਾਣੀ ਨੂੰ ਤਾਂ ਰੱਬ ਦੀ ਪੂਜਾ ਲਈ ਕੰਮ ਤੋਂ ਵਿਹਲ ਨਾ ਮਿਲਣ ਦੀ ਸ਼ਿਕਾਇਤ ਵੀ ਦਿਸਦੀ ਹੈ ਜਦ ਕਿ ਇਹ ਸਾਰੇ ਜਾਣਦੇ ਨੇ ਕਿ ਕੰਮ ਪੂਜਾ ਹੈ ਪੂਜਾ ਕੰਮ ਨਹੀਂ ਫਿਰ ਵੀ...

• ਕੋਮਲ ਭਾਵਨਾਵਾਂ ਨੂੰ ਪੇਸ਼ ਕਰਦਾ ਤਾਜ ਮਹਿਲ ਵੀ 'ਇਸੇ' ਸਿਰਜਿਆ ਅਤੇ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਸਕਣ ਦੇ ਸਮਰੱਥ ਹੀਲੀਅਮ ਬੰਬ ਵੀ 'ਏਸੇ'ਦੀ ਕਾਰਸਤਾਨੀ ਹੈ।

• ਜਨਤਾ ਸੋਚਦੀ ਹੈ ਕਿ ਸਰਕਾਰ ਉਸ ਬਾਰੇ ਸੋਚੇ ਪਰ ਸਰਕਾਰ ਜੇ ਜਨਤਾ ਦੀ ਹੋਵੇ ਤਾਂ ਸੋਚੇ ਨਾ ਜਨਤਾ ਬਾਰੇ। ਜਨਤਾ ਤੋਂ ਸਰਕਾਰ ਨੂੰ ਲੱਭਦਾ ਵੀ ਕੀ ਏ ਸਿਰਫ ਮੌਕਾ ;ਪਰ ਮੌਕਾ ਪਰਸਤ ਲੋਕ ਜਾਣਦੇ ਨੇ ਕਿ ਸਰਕਾਰ ਕਿਵੇਂ ਬਣਾਈ ਦੀ ਏ ਕਿਵੇਂ ਬਣਵਾਈ ਦੀ ਏ ਅਤੇ ਕਿਵੇਂ ਤੁੜਵਾਈ ਦੀ ਏ।ਵਿਹਲ ਦੀ ਥਕਾਨ ਦਾ ਇਲਾਜ ਇਹ ਜਾਣਦੇ ਹੋਏ ਵੀ ਨਹੀਂ ਕਰਦੇ।

• ਆਂਕੜੇ ਦੱਸਦੇ ਨੇ ਕਿ ਪਾਣੀ ਦੀ ਮੌਜੂਦਗੀ ਦੇ ਆਧਾਰ ਤੇ ਪੰਜਾਬ ਨੂੰ 138 ਜੋਨ ਵਿੱਚ ਵੰਡਿਆ ਗਿਆ।ਇਹਨਾਂ 138 ਜੋਨਾਂ ਵਿੱਚੋਂ 104 ਤੋਂ ਵਧੇਰੇ ਇਲਾਕੇ ਡਾਰਕ ਜੋਨ ਬਣ ਗਏ ਨੇ ਭਾਵ ਕਿ ਏਥੋਂ ਦਾ ਪਾਣੀ ਜਾਂ ਤਾਂ ਪੀਣ ਯੋਗ ਨਹੀਂ ਰਿਹਾ ਜ਼ਹਿਰੀ ਹੋ ਗਿਆ ਜਾਂ ਡੂੰਘਾ ਹੋ ਗਿਆ ਹੈ। 8 ਜੋਨ ਗਰੇ ਜੋਨ, ਬਚੇ ਜੋਨ 26,ਇਹ 26 ਜੋਨ ਹੀ ਵ੍ਹਾਈਟ ਜੋਨ ਬਚੇ ਨਾ?ਹੁਣ ਸੋਚੋ, ਪੰਜਾਂ ਦਰਿਆਵਾਂ ਦੀ ਧਰਤੀ ,ਕੀ ਸਿਰਫ '6ਵੇਂ' ਦਰਿਆ ਚ ਹੜ੍ਹ ਕੇ ਰਹਿ ਜਾਊ?ਆਹ ਨੌਬਤ ਆਵੇ ਇਸ ਤੋਂ ਪਹਿਲਾਂ ਹੀ ਆਪਾਂ ਸੋਚੀਏ ਕਿ ਆਪਾਂ ਪਾਣੀ ਨੂੰ ਸਮਝਦੇ ਕੀ ਹਾਂ?

ਅੱਜ ਹੀ ਰੋੜ੍ਹ ਲਈਏ, ਖਰਾਬ ਕਰ ਲਈਏ ਸਾਰਾ ਪਾਣੀ ।ਕੀ ਪਤਾ ਕੱਲ ਆਪਣੇ ਕੋਲ ਸਿਰਫ; 'ਚੱਪਣੀ' ਹੀ ਬਚੇ......?!!